ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 115
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Monday, 27 April, 2026) ਸੋਮਵਾਰ, 27 ਅਪ੍ਰੈਲ, 2026, 14 ਵੈਸਾਖ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ


## ਜੇਕਰ ਈਰਾਨ ਗੱਲਬਾਤ ਕਰਨਾ ਚਾਹੁੰਦੇ ਤਾਂ ਸਾਨੂੰ ਫ਼ੋਨ ਕਰ ਸਕਦੈ: ਟਰੰਪ

ਵਾਸ਼ਿੰਗਟਨ, 26 ਅਪ੍ਰੈਲ (ਚ.ਨ.ਸ.): : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਤਵਾਰ ਨੂੰ ਕਿਹਾ ਕਿ ਜੇਕਰ ਈਰਾਨ ਦੋਵਾਂ ਦੇਸ਼ਾਂ ਵਿਚਾਲੇ ਜੰਗ ਨੂੰ ਖਤਮ ਕਰਨ ਲਈ ਗੱਲਬਾਤ ਕਰਨਾ ਚਾਹੁੰਦਾ ਹੈ, ਤਾਂ ਉਹ ਅਮਰੀਕਾ ਨਾਲ ਸੰਪਰਕ ਕਰ ਸਕਦਾ ਹੈ। ਟਰੰਪ ਨੇ ਫੌਕਸ ਨਿਊਜ਼ ਦੇ ਪ੍ਰੋਗਰਾਮ 'ਦਿ ਸੰਡੇ ਬ੍ਰੀਫਿੰਗ' ਵਿੱਚ ਇੱਕ ਇੰਟਰਵਿਊ ਦੌਰਾਨ ਕਿਹਾ, 'ਜੇ ਉਹ ਗੱਲ ਕਰਨਾ ਚਾਹੁੰਦੇ ਹਨ, ਤਾਂ ਉਹ ਸਾਡੇ ਕੋਲ ਆ ਸਕਦੇ ਹਨ, ਜਾਂ ਉਹ ਸਾਨੂੰ ਫੋਨ ਕਰ ਸਕਦੇ ਹਨ। ਤੁਸੀਂ ਜਾਣਦੇ ਹੋ, ਉੱਥੇ ਇੱਕ ਟੈਲੀਫੋਨ ਹੈ। ਸਾਡੇ ਕੋਲ ਵਧੀਆ ਅਤੇ (ਬਾਕੀ ਸਫਾ 2 'ਤੇ)

## ਟਰੰਪ ਦੀ ਡਿਨਰ ਪਾਰਟੀ ਦੌਰਾਨ ਚੱਲੀਆਂ ਗੋਲ਼ੀਆਂ, ਹਮਲਾਵਰ ਮੌਕੇ 'ਤੇ ਹੀ ਕਾਬੂ





ਚੜ੍ਹਦੀਕਲਾ ਬਿਊਰੋ

================

ਵਾਸ਼ਿੰਗਟਨ, 26 ਅਪ੍ਰੈਲ :ਵਾਸ਼ਿੰਗਟਨ ਵਿੱਚ ਸਾਲਾਨਾ ਵ੍ਹਾਈਟ ਹਾਊਸ ਪੱਤਰਕਾਰਾਂ ਦੇ ਡਿਨਰ ਦੌਰਾਨ ਗੋਲੀਬਾਰੀ ਹੋਈ। ਇਸ ਪ੍ਰੋਗਰਾਮ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਉਨ੍ਹਾਂ ਦੀ ਪਤਨੀ ਮੇਲਾਨੀਆ ਅਤੇ ਉਪ ਰਾਸ਼ਟਰਪਤੀ ਜੇਡੀ ਵੈਂਸ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਸਨ। ਇੱਕ ਖ਼ਬਰ ਏਜੰਸੀ ਅਨੁਸਾਰ, ਹਮਲਾਵਰ ਨੇ ਹੋਟਲ ਦੇ ਬਾਲਰੂਮ ਦੇ ਬਾਹਰ ਗੋਲੀਬਾਰੀ ਕੀਤੀ। ਟਰੰਪ ਅਤੇ ਮਹਿਮਾਨ ਅੰਦਰ ਸਨ। ਗੋਲੀਬਾਰੀ ਤੋਂ ਬਾਅਦ, ਸੀਕ੍ਰੇਟ ਸਰਵਿਸ ਨੇ ਤੁਰੰਤ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਹੋਰ ਚੋਟੀ ਦੇ ਨੇਤਾਵਾਂ ਨੂੰ ਬਾਹਰ ਕੱਢਿਆ। ਘਟਨਾ ਵਿਚ ਕੋਈ ਜ਼ਖ਼ਮੀ ਨਹੀਂ ਹੋਇਆ।

ਇੱਕ ਖ਼ਬਰ ਚੈਨਲ ਦੀ ਰਿਪੋਰਟ ਦਿੱਤੀ ਕਿ ਰਾਤ ਦੇ ਖਾਣੇ ਦੌਰਾਨ ਗੋਲੀਬਾਰੀ ਤੋਂ ਬਾਅਦ ਸੀਕ੍ਰੇਟ ਸਰਵਿਸ ਏਜੰਟ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਤੁਰੰਤ ਸਟੇਜ ਤੋਂ ਹੇਠਾਂ ਲੈ ਗਏ। ਟਰੰਪ ਨੇ ਟਵੀਟ ਕਰਕੇ ਜਾਣਕਾਰੀ ਦਿੱਤੀ ਕਿ ਹਮਲਾਵਰ ਨੂੰ ਫੜ (ਬਾਕੀ ਸਫਾ 2 'ਤੇ)

## ਟਰੰਪ 'ਤੇ ਹੋਏ ਹਮਲੇ ਦੀ ਮੋਦੀ ਵੱਲੋਂ ਸਖ਼ਤ ਨਿੰਦਾ

ਨਵੀਂ ਦਿੱਲੀ, 26 ਅਪ੍ਰੈਲ (ਚ.ਨ.ਸ.): ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਫਸਟ ਲੇਡੀ ਮੇਲਾਨੀਆ ਟਰੰਪ ਅਤੇ ਉਪ ਰਾਸ਼ਟਰਪਤੀ ਜੇਡੀ ਵਾਂਸ ਤੇ ਵਾਸ਼ਿੰਗਟਨ ਵਿੱਚ ਹੋਏ ਹਮਲੇ ਤੋਂ ਬਾਅਦ ਸੁਰੱਖਿਅਤ ਹੋਣ 'ਤੇ ਰਾਹਤ ਜਤਾਈ ਹੈ। ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਰਾਹੀਂ ਕਿਹਾ ਕਿ ਲੋਕਤੰਤਰ ਵਿੱਚ ਹਿੰਸਾ ਲਈ ਕੋਈ ਥਾਂ ਨਹੀਂ ਹੈ ਅਤੇ ਇਸ ਦੀ ਸਖ਼ਤ ਨਿੰਦਾ ਹੋਣੀ ਚਾਹੀਦੀ ਹੈ। ਉਨ੍ਹਾਂ ਨੇ ਅਮਰੀਕੀ ਆਗੂਆਂ ਦੀ ਚੰਗੀ ਸਿਹਤ ਅਤੇ ਸੁਰੱਖਿਆ ਲਈ ਆਪਣੀਆਂ ਸ਼ੁੱਭਕਾਮਨਾਵਾਂ ਵੀ ਭੇਜੀਆਂ। ਇਹ ਘਟਨਾ ਸ਼ਨਿੱਚਰਵਾਰ ਰਾਤ ਨੂੰ ਵਾਸ਼ਿੰਗਟਨ ਦੇ (ਬਾਕੀ ਸਫਾ 2 'ਤੇ)

# 'ਆਪ' ਵੱਲੋਂ ਬਾਗ਼ੀ ਸਾਂਸਦਾਂ ਨੂੰ ਅਯੋਗ ਠਹਿਰਾਉਣ ਲਈ ਰਾਜ ਸਭਾ 'ਚ ਪਟੀਸ਼ਨ ਦਾਖ਼ਲ

### ਸੰਵਿਧਾਨਕ ਮਾਹਿਰਾਂ ਦਾ ਵੀ ਮੰਨਣਾ ਹੈ ਕਿ ਭਾਜਪਾ 'ਚ ਸ਼ਾਮਲ ਹੋਣ ਵਾਲੇ ਸਾਰੇ ਸਾਂਸਦਾਂ ਦੀ ਮੈਂਬਰਸ਼ਿਪ ਰੱਦ ਹੋਣੀ ਤੈਅ ਹੈ: ਸੰਜੇ ਸਿੰਘ

ਅੰਮ੍ਰਿਤਪਾਲ ਸਿੰਘ

================

ਚੰਡੀਗੜ੍ਹ, 26 ਅਪ੍ਰੈਲ :ਆਮ ਆਦਮੀ ਪਾਰਟੀ (ਆਪ) ਨੇ ਰਾਜ ਸਭਾ ਦੇ ਚੇਅਰਮੈਨ ਅਤੇ ਉਪ ਰਾਸ਼ਟਰਪਤੀ ਕੋਲ ਇੱਕ ਪਟੀਸ਼ਨ ਦਾਇਰ ਕਰਕੇ ਰਾਘਵ ਚੱਢਾ ਸਮੇਤ ਉਨ੍ਹਾਂ ਸਾਰੇ ਸੱਤ ਸੰਸਦ ਮੈਂਬਰਾਂ ਨੂੰ ਅਯੋਗ ਕਰਾਰ ਦੇਣ ਦੀ ਮੰਗ ਕੀਤੀ ਹੈ, ਜੋ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਪਾਰਟੀ ਨੇ ਇਸ ਨੂੰ ਪੰਜਾਬ ਦੇ ਲੋਕਾਂ ਨਾਲ ਵੱਡੀ ਗੱਦਾਰੀ ਕਰਾਰ ਦਿੱਤਾ ਹੈ। ਐਤਵਾਰ ਨੂੰ ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸਦਨ ਵਿੱਚ 'ਆਪ' ਦੇ ਆਗੂ ਅਤੇ ਸੰਸਦ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਸੰਵਿਧਾਨਕ ਮਾਹਿਰਾਂ ਦਾ ਮੰਨਣਾ ਹੈ ਕਿ ਇਨ੍ਹਾਂ ਸੰਸਦ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਹੋਣੀ ਅਟੱਲ ਹੈ। ਉਨ੍ਹਾਂ ਜ਼ੋਰ ਦੇ ਕੇ



ਕਿਹਾ ਕਿ ਇਨ੍ਹਾਂ ਆਗੂਆਂ ਦੇ ਕਦਮ ਨਾ ਸਿਰਫ਼ 'ਆਪ' ਨਾਲ, ਸਗੋਂ ਪੰਜਾਬ ਦੇ ਲੋਕਾਂ, ਲੋਕਤੰਤਰ ਅਤੇ ਦੇਸ਼ ਦੇ ਸੰਵਿਧਾਨ ਨਾਲ ਵੀ ਧੋਖਾ ਹਨ।'ਆਪ' ਸੰਸਦ ਮੈਂਬਰ ਨੇ ਅੱਗੇ ਕਿਹਾ ਕਿ ਭਾਜਪਾ ਨੇ ਵਿਰੋਧੀ ਨੇਤਾਵਾਂ ਨੂੰ ਆਪਣੇ ਪਾਲੇ ਵਿੱਚ ਲਿਆਉਣ ਲਈ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਅਤੇ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਵਰਗੀਆਂ ਕੇਂਦਰੀ ਏਜੰਸੀਆਂ ਦੀ ਵਰਤੋਂ ਕਰਕੇ ਦਲ-ਬਦਲੀ ਦੀ ਰਾਜਨੀਤੀ ਵਿੱਚ ਮੁਹਾਰਤ ਹਾਸਲ ਕਰ ਲਈ ਹੈ। ਐਤਵਾਰ ਨੂੰ ਪਾਰਟੀ ਹੈੱਡਕੁਆਰਟਰ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਜ ਸਭਾ ਵਿੱਚ 'ਆਪ' ਆਗੂ ਸੰਜੇ ਸਿੰਘ ਨੇ ਦਾਅਵਾ ਕੀਤਾ ਕਿ ਕਪਿਲ ਸਿੱਬਲ ਅਤੇ ਪੀਡੀਟੀ ਅਚਾਰੀ ਸਮੇਤ ਪ੍ਰਮੁੱਖ ਸੰਵਿਧਾਨਕ ਮਾਹਿਰਾਂ ਤੇ ਸੀਨੀਅਰ ਵਕੀਲਾਂ ਨੇ ਸਪੱਸ਼ਟ ਕੀਤਾ ਹੈ ਕਿ 'ਆਪ' ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਫੈਸਲਾ ਕਰਨ ਵਾਲੇ ਸਾਰੇ ਸੱਤ ਸੰਸਦ ਮੈਂਬਰਾਂ ਦੀ ਮੈਂਬਰਸ਼ਿਪ ਖਤਮ ਹੋਣੀ ਨਿਸ਼ਚਿਤ ਹੈ। (ਬਾਕੀ ਸਫਾ 2 'ਤੇ)

## 'ਆਪ' 'ਤੇ ਵਧਿਆ ਕੌਮੀ ਪਾਰਟੀ ਦਾ ਦਰਜਾ ਗੁਆਉਣ ਦਾ ਖ਼ਤਰਾ

ਨਵੀਂ ਦਿੱਲੀ, 26 ਅਪ੍ਰੈਲ (ਚ.ਨ.ਸ.): ਰਾਜ ਸਭਾ ਮੈਂਬਰਾਂ ਦੇ ਪਾਰਟੀ ਛੱਡਣ ਤੋਂ ਬਾਅਦ ਆਮ ਆਦਮੀ ਪਾਰਟੀ (ਆਪ) ਹੁਣ ਆਪਣੇ 'ਕੌਮੀ ਪਾਰਟੀ' ਦੇ ਦਰਜੇ ਨੂੰ ਬਚਾਉਣ ਲਈ ਸੰਘਰਸ਼ ਕਰ ਰਹੀ ਹੈ। ਸ਼ੁੱਕਰਵਾਰ ਨੂੰ ਹੋਈਆਂ ਬਗਾਵਤਾਂ ਤੋਂ ਬਾਅਦ ਪਾਰਟੀ ਦੇ ਅੰਦਰ ਇਹ ਚਿੰਤਾ ਬਣੀ ਹੋਈ ਹੈ ਕਿ ਆਪਣੇ ਵਿਧਾਇਕਾਂ ਅਤੇ ਆਗੂਆਂ ਨੂੰ ਇੱਕਜੁੱਟ ਕਿਵੇਂ ਰੱਖਿਆ ਜਾਵੇ ਅਤੇ ਕੌਮੀ ਪਾਰਟੀ ਦਾ ਟੈਗ ਕਿਵੇਂ ਬਰਕਰਾਰ ਰੱਖਿਆ ਜਾਵੇ। ਚੋਣ ਕਮਿਸ਼ਨ ਨੇ ਅਪ੍ਰੈਲ 2023 ਵਿੱਚ 'ਆਪ' ਨੂੰ ਕੌਮੀ ਪਾਰਟੀ ਵਜੋਂ ਮਾਨਤਾ ਦਿੱਤੀ ਸੀ, (ਬਾਕੀ ਸਫਾ 2 'ਤੇ)

## ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ ਪੰਜ ਰੋਜ਼ਾ ਹਿਮਾਚਲ ਦੌਰਾ ਅੱਜ ਤੋਂ

ਸ਼ਿਮਲਾ, 26 ਅਪ੍ਰੈਲ (ਚ.ਨ.ਸ.): ਭਾਰਤ ਦੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ 27 ਅਪ੍ਰੈਲ ਤੋਂ 1 ਮਈ ਤੱਕ ਹਿਮਾਚਲ ਪ੍ਰਦੇਸ਼ ਆਉਣਗੇ। ਉਹ ਆਪਣੇ ਦੌਰੇ ਦੌਰਾਨ ਸ਼ਿਮਲਾ ਦੇ ਨੇੜੇ ਮਸ਼ੋਬਰਾ ਸਥਿਤ 'ਰਾਸ਼ਟਰਪਤੀ ਨਿਵਾਸ' ਵਿੱਚ ਠਹਿਰਨਗੇ।



ਜਾਣਕਾਰੀ ਅਨੁਸਾਰ ਰਾਸ਼ਟਰਪਤੀ 28 ਅਪ੍ਰੈਲ ਨੂੰ ਸ਼ਿਮਲਾ ਦੇ ਲੋਕ ਭਵਨ ਵਿਚ ਰਾਜਪਾਲ ਕਵਿੰਦਰ ਗੁਪਤਾ ਵੱਲੋਂ ਦਿੱਤੇ ਜਾਣ ਵਾਲੇ ਰਾਤਰੀ ਭੋਜ ਵਿੱਚ ਸ਼ਾਮਲ ਹੋਣਗੇ। ਇਸ ਤੋਂ ਬਾਅਦ 29 ਅਪ੍ਰੈਲ ਨੂੰ ਉਹ ਮਨਾਲੀ ਜਾਣਗੇ, ਜਿੱਥੇ ਉਹ ਅਟਲ ਟਨਲ ਦਾ ਦੌਰਾ ਕਰਨਗੇ। 30 ਅਪ੍ਰੈਲ ਨੂੰ ਰਾਸ਼ਟਰਪਤੀ ਕਾਂਗੜਾ ਦੇ ਪਾਲਮਪੁਰ ਵਿੱਚ ਚੌਧਰੀ ਸਰਵਣ ਕੁਮਾਰ ਹਿਮਾਚਲ ਪ੍ਰਦੇਸ਼ (ਬਾਕੀ ਸਫਾ 2 'ਤੇ)

### ਮਮਤਾ ਸਰਕਾਰ 'ਤੇ ਭੜਕੇ ਰਾਹੁਲ ਗਾਂਧੀ

## 'ਬੰਗਾਲ 'ਚ ਟੀ.ਐਮ.ਸੀ. ਦਾ ਗੁੰਡਾ ਰਾਜ ਚੱਲ ਰਿਹੈ'

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 26 ਅਪ੍ਰੈਲ :ਪੱਛਮੀ ਬੰਗਾਲ ਵਿੱਚ ਕਾਂਗਰਸ ਵਰਕਰ ਦੇਬਦੀਪ ਚੈਟਰਜੀ ਦੇ ਕਥਿਤ ਕਤਲ ਨੂੰ ਲੈ ਕੇ ਸਿਆਸੀ ਮਾਹੌਲ ਗਰਮਾ ਗਿਆ ਹੈ। ਕਾਂਗਰਸ ਸਾਂਸਦ ਰਾਹੁਲ ਗਾਂਧੀ ਨੇ ਇਸ ਘਟਨਾ 'ਤੇ ਤਿੱਖੀ ਪ੍ਰਤੀਕਿਰਿਆ ਦਿੰਦੇ ਹੋਏ ਮਮਤਾ ਬੈਨਰਜੀ ਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ ਹੈ।

ਰਾਹੁਲ ਗਾਂਧੀ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਲੋਕਤੰਤਰ ਨਹੀਂ, ਸਗੋਂ ਟੀਐੱਮਸੀ ਦਾ ਗੁੰਡਾ ਰਾਜ ਚੱਲ ਰਿਹਾ ਹੈ।ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ 'ਤੇ ਜਾਰੀ ਬਿਆਨ ਵਿੱਚ ਕਿਹਾ ਕਿ ਚੋਣਾਂ ਤੋਂ ਬਾਅਦ ਟੀਐੱਮਸੀ ਨਾਲ ਜੁੜੇ ਗੁੰਡਿਆਂ ਵੱਲੋਂ ਕਾਂਗਰਸ ਵਰਕਰ ਦੇਬਦੀਪ ਚੈਟਰਜੀ ਦਾ ਕਤਲ ਬੇਹੱਦ ਨਿੰਦਣਯੋਗ ਹੈ। ਉਨ੍ਹਾਂ ਨੇ ਦੁਖੀ ਪਰਿਵਾਰ ਨਾਲ ਡੂੰਘੀ ਹਮਦਰਦੀ ਵੀ ਪ੍ਰਗਟ ਕੀਤੀ।ਕਾਂਗਰਸ ਨੇਤਾ ਨੇ ਦੋਸ਼



ਲਾਇਆ ਕਿ ਬੰਗਾਲ ਵਿੱਚ ਵੋਟਾਂ ਤੋਂ ਬਾਅਦ ਵਿਰੋਧੀ ਆਵਾਜ਼ਾਂ ਨੂੰ ਡਰਾਉਣਾ, ਮਾਰਨਾ ਅਤੇ ਮਿਟਾਉਣਾ ਟੀਐੱਮਸੀ ਦਾ ਚਰਿੱਤਰ ਬਣ ਚੁੱਕਾ ਹੈ। ਉਨ੍ਹਾਂ ਕਿਹਾ ਕਿ ਰਾਜ ਵਿੱਚ ਸਿਆਸੀ ਹਿੰਸਾ ਲਗਾਤਾਰ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਕਮਜ਼ੋਰ ਕਰ ਰਹੀ ਹੈ।ਰਾਹੁਲ ਗਾਂਧੀ ਨੇ ਅੱਗੇ ਕਿਹਾ ਕਿ ਕਾਂਗਰਸ ਦੀ ਰਾਜਨੀਤੀ ਕਦੇ ਹਿੰਸਾ 'ਤੇ ਨਹੀਂ ਟਿਕੀ ਹੈ ਅਤੇ ਨਾ ਹੀ ਕਦੇ ਟਿਕੇਗੀ। ਉਨ੍ਹਾਂ ਕਿਹਾ ਕਿ ਪਾਰਟੀ ਨੇ ਵੀ ਆਪਣੇ ਕਈ ਵਰਕਰ (ਬਾਕੀ ਸਫਾ 2 'ਤੇ)

### ਪ੍ਰਧਾਨ ਮੰਤਰੀ ਵੱਲੋਂ 'ਮਨ ਕੀ ਬਾਤ' ਦੇ 133ਵੇਂ ਐਪੀਸੋਡ ਨੂੰ ਸੰਬੋਧਨ

## ਜਨਗਣਨਾ ਦੁਨੀਆਂ ਦੀ ਸਭ ਤੋਂ ਵੱਡੀ ਮੁਹਿੰਮ, ਹੁਣ ਤੱਕ 1 ਕਰੋੜ 20 ਲੱਖ ਘਰਾਂ ਦੀ ਹੋਈ ਲਿਸਟਿੰਗ: ਮੋਦੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 26 ਅਪ੍ਰੈਲ :ਮੋਦੀ ਨੇ ਅੱਜ ਪ੍ਰਸਾਰਿਤ 'ਮਨ ਕੀ ਬਾਤ' ਦੇ 133ਵੇਂ ਐਪੀਸੋਡ ਵਿਚ ਜਨਗਣਨਾ ਦਾ ਜ਼ਿਕਰ ਕੀਤਾ। ਪੀ.ਐੱਮ. ਨੇ ਕਿਹਾ ਕਿ ਸਾਡੇ ਦੇਸ਼ ਵਿਚ ਇਸ ਸਮੇਂ ਇਕ ਬਹੁਤ ਅਹਿਮ ਮੁਹਿੰਮ ਚੱਲ ਰਹੀ ਹੈ ਜਿਸ ਬਾਰੇ ਹਰ ਭਾਰਤੀ ਨੂੰ ਜਾਣਕਾਰੀ ਹੋਣੀ ਜ਼ਰੂਰੀ ਹੈ।

ਇਹ ਹੈ ਜਨਗਣਨਾ ਦੀ ਮੁਹਿੰਮ,ਇਹ ਦੁਨੀਆਂ ਦੀ ਸਭ ਤੋਂ ਵੱਡੀ ਜਨਗਣਨਾ ਹੈ। ਜੋ ਪਹਿਲਾਂ ਤੋਂ ਇਸ ਤਰ੍ਹਾਂ ਦੀ ਪ੍ਰਕਿਰਿਆ ਤੋਂ ਲੰਘੇ ਹਨ, ਇਸ ਵਾਰ ਜਨਗਣਨਾ ਦਾ ਉਨ੍ਹਾਂ ਦਾ ਤਜਰਬਾ ਹੈ, ਵੱਖ ਹੋਣ ਵਾਲਾ ਹੈ। ਪੀ.ਐੱਮ. ਨੇ ਕਿਹਾ ਕਿ ਜਿਹੜੇ ਸੂਬਿਆਂ ਵਿਚ ਸਵੈ-ਗਣਨਾ ਦਾ ਕੰਮ ਪੂਰਾ ਹੋ ਗਿਆ ਹੈ ਉਥੇ ਘਰਾਂ ਦੀ ਲਿਸਟਿੰਗ ਦਾ ਕੰਮ ਜਾਰੀ ਹੈ। ਹੁਣ ਤੱਕ ਲਗਭਗ



1 ਕਰੋੜ 20 ਲੱਖ ਪਰਿਵਾਰਾਂ ਦੇ ਮਕਾਨ ਦੀ ਲਿਸਟਿੰਗ ਦਾ ਕੰਮ ਪੂਰਾ ਵੀ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਜਨਗਣਨਾ ਸਿਰਫ ਸਰਕਾਰੀ ਕੰਮ ਨਹੀਂ ਹੈ। ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਤੁਹਾਡੀ ਹਿੱਸੇਦਾਰੀ ਬਹੁਤ ਜ਼ਰੂਰੀ ਹੈ। ਤੁਹਾਡੀ ਦਿੱਤੀ ਗਈ ਜਾਣਕਾਰੀ ਪੂਰੀ ਤਰ੍ਹਾਂ ਸੁਰੱਖਿਅਤ ਰਹਿੰਦੀ ਹੈ, ਇਹ ਗੁਪਤ ਰੱਖੀ ਜਾਂਦੀ ਹੈ, ਡਿਜ਼ੀਟਲ ਸੁਰੱਖਿਆ ਦੇ ਨਾਲ ਇਸ ਨੂੰ ਸੁਰੱਖਿਅਤ ਕੀਤਾ ਜਾਂਦਾ ਹੈ। ਮੋਦੀ ਨੇ ਕਿਹਾ ਕਿ ਜਨਗਣਨਾ ਵਿਚ ਤੁਹਾਡੀ ਹਿੱਸੇਦਾਰੀ ਆਸਾਨ ਬਣਾਈ ਗਈ ਹੈ। ਜਦੋਂ ਤੁਸੀਂ ਪ੍ਰਕਿਰਿਆ ਪੂਰੀ ਕਰਦੇ ਹੋ ਤਾਂ ਤੁਹਾਨੂੰ ਇਕ ਵਿਸ਼ੇਸ਼ ਆਈਡੀ ਮਿਲਦੀ ਹੈ। ਇਹ ਆਈ.ਡੀ. ਤੁਹਾਡੇ ਮੋਬਾਈਲ ਜਾਂ ਈ-ਮੇਲ 'ਤੇ ਆਉਂਦੀ ਹੈ। ਬਾਅਦ ਵਿਚ ਜਦੋਂ ਮੁਲਾਜ਼ਮ ਤੁਹਾਡੇ ਘਰ ਆਉਂਦਾ ਹੈ ਤਾਂ ਤੁਸੀਂ ਇਹੀ ਆਈ.ਡੀ. ਦਿਖਾ ਕੇ ਜਾਣਕਾਰੀ ਦੀ ਪੁਸ਼ਟੀ ਕਰ ਸਕਦੇ ਹੋ। ਇਸ ਨਾਲ ਦੁਬਾਰਾ ਜਾਣਕਾਰੀ ਦੇਣ ਦੀ ਲੋੜ ਨਹੀਂ ਪੈਂਦੀ। ਪੀ.ਐੱਮ. ਨੇ ਕਿਹਾ ਕਿ ਅੱਜ ਟਕਰਾਅ ਦੇ ਵਿਚਕਾਰ ਭਗਵਾਨ ਬੁੱਧ ਦੇ ਵਿਚਾਰ ਹੋਰ ਵੀ ਮਹੱਤਵਪੂਰਨ ਹੋ ਗਏ ਹਨ। ਪ੍ਰਧਾਨ ਮੰਤਰੀ ਨੇ ਵਿਗਿਆਨ 'ਤੇ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਨੇ ਹਮੇਸ਼ਾ ਵਿਗਿਆਨ ਨੂੰ ਤਰੱਕੀ ਨਾਲ ਜੋੜਿਆ ਹੈ। (ਬਾਕੀ ਸਫਾ 2 'ਤੇ)

## ਮੈਨੂੰ ਵੀ ਆਇਆ ਸੀ ਫ਼ੋਨ ਪਰ ਮੈਂ ਨਾਂਹ ਕਰ ਦਿੱਤੀ: ਸੀਚੇਵਾਲ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 26 ਅਪ੍ਰੈਲ : 'ਆਪ' ਦੇ ਸੰਸਦ ਮੈਂਬਰ ਬਲਬੀਰ ਸਿੰਘ ਸੀਚੇਵਾਲ ਨੇ ਐਤਵਾਰ ਨੂੰ ਦਾਅਵਾ ਕੀਤਾ ਕਿ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਜੋ ਸ਼ੁੱਕਰਵਾਰ ਨੂੰ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਸੱਤ ਸੰਸਦ ਮੈਂਬਰਾਂ ਵਿੱਚੋਂ ਇੱਕ ਹਨ, ਨੇ ਉਨ੍ਹਾਂ ਨੂੰ 'ਆਜ਼ਾਦ ਗਰੁੱਪ' ਵਿੱਚ ਸ਼ਾਮਲ ਹੋਣ ਲਈ ਸੰਪਰਕ ਕੀਤਾ ਸੀ ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ।



ਵਾਤਾਵਰਣ ਪ੍ਰੇਮੀ ਅਤੇ ਪੰਜਾਬ ਤੋਂ 'ਆਪ' ਦੇ ਰਾਜ ਸਭਾ ਮੈਂਬਰ ਸੀਚੇਵਾਲ ਨੇ ਸੱਤ ਸੰਸਦ ਮੈਂਬਰਾਂ ਵੱਲੋਂ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਛੱਡਣ ਦੇ ਅਚਾਨਕ ਫੈਸਲੇ 'ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਮੈਂਬਰਾਂ ਨੇ 'ਆਪ' ਨਾਲ 'ਧੋਖਾ' ਕੀਤਾ ਹੈ, ਜਿਸ ਨੇ ਉਨ੍ਹਾਂ ਨੂੰ ਪੰਜਾਬ ਦੇ ਮੁੱਦੇ ਚੁੱਕਣ ਲਈ ਉਪਰਲੇ ਸਦਨ ਵਿੱਚ ਭੇਜਿਆ ਸੀ। ਸੀਚੇਵਾਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਸ਼ੁੱਕਰਵਾਰ ਸਵੇਰੇ ਸਾਹਨੀ ਦਾ ਫੋਨ ਆਇਆ ਸੀ, ਜਿਸ ਵਿੱਚ ਉਨ੍ਹਾਂ ਨੂੰ ਇੱਕ ਨਵੇਂ ਬਣ ਰਹੇ ਗਰੁੱਪ ਵਿੱਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ, ਜਿਸ ਵਿੱਚ ਪਹਿਲਾਂ ਹੀ 6-7 ਰਾਜ ਸਭਾ ਮੈਂਬਰਾਂ ਨੇ ਦਸਤਖ਼ਤ ਕਰ ਦਿੱਤੇ ਸਨ। ਸਾਹਨੀ ਨੇ ਉਨ੍ਹਾਂ ਨੂੰ ਕਿਹਾ ਕਿ ਪੰਜਾਬ ਦੇ ਮੁੱਦੇ ਚੁੱਕਣ ਲਈ ਇੱਕ 'ਆਜ਼ਾਦ ਗਰੁੱਪ' ਬਣਾਇਆ ਜਾ ਰਿਹਾ ਹੈ ਪਰ ਸੀਚੇਵਾਲ ਨੇ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਦਾ ਅਜਿਹੇ ਕਿਸੇ ਗਰੁੱਪ ਵਿੱਚ ਸ਼ਾਮਲ ਹੋਣ ਦਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਨੇ ਬਾਅਦ ਵਿੱਚ ਮੀਡੀਆ ਰਾਹੀਂ ਇਨ੍ਹਾਂ ਮੈਂਬਰਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਦੀ (ਬਾਕੀ ਸਫਾ 2 'ਤੇ)

### ਵਿਸ਼ਵ ਬੈਂਕ ਦੀ ਰਿਪੋਰਟ

## 2050 ਤੱਕ ਸ਼ਹਿਰਾਂ 'ਚ ਗਰਮੀ ਕਾਰਨ ਗ਼ਰੀਬਾਂ ਦੀ ਗਿਣਤੀ 700 ਫ਼ੀਸਦੀ ਵਧੇਗੀ!

ਨਵੀਂ ਦਿੱਲੀ, 26 ਅਪ੍ਰੈਲ (ਚ.ਨ.ਸ.):ਅੱਜ ਦੁਨੀਆਂ ਦੇ ਸ਼ਹਿਰਾਂ ਵਿੱਚ ਗਰਮੀ ਇੱਕ 'ਸਾਈਲੈਂਟ ਕਿੱਲਰ' ਵਾਂਗ ਫੈਲ ਰਹੀ ਹੈ। ਖਾਸ ਕਰਕੇ ਗਲੋਬਲ ਸਾਊਥ ਯਾਨੀ ਗਰੀਬ ਦੇਸ਼ਾਂ ਦੇ ਸ਼ਹਿਰਾਂ ਵਿੱਚ ਇਹ ਸਮੱਸਿਆ ਬਹੁਤ ਭਿਆਨਕ ਹੋ ਗਈ ਹੈ।

ਤੇਜ਼ੀ ਨਾਲ ਵਧਦੇ ਸ਼ਹਿਰ, ਘੱਟ ਸਾਧਨ ਅਤੇ ਗਲੋਬਲ ਵਾਰਮਿੰਗ ਕਾਰਨ ਗਰਮੀ ਹੁਣ ਰੋਜ਼ਾਨਾ ਦੀ ਜ਼ਿੰਦਗੀ ਨੂੰ ਤਬਾਹ ਕਰ ਰਹੀ ਹੈ। ਲੋਕ ਕੰਮ ਨਹੀਂ ਕਰ ਪਾ ਰਹੇ, ਬੱਚੇ ਸਕੂਲ ਨਹੀਂ ਜਾ ਪਾ ਰਹੇ ਅਤੇ ਬਿਮਾਰ ਲੋਕ ਹਸਪਤਾਲ ਨਹੀਂ ਪਹੁੰਚ ਪਾ ਰਹੇ। ਗਰਮੀ ਕਾਰਨ ਬਿਜਲੀ ਦੀ ਮੰਗ ਇੰਨੀ ਵੱਧ ਜਾਂਦੀ ਹੈ ਕਿ ਪੂਰੇ ਸਿਸਟਮ 'ਤੇ ਬੋਝ ਪੈਂਦਾ ਹੈ ਅਤੇ ਪ੍ਰਦੂਸ਼ਨ ਵੀ ਵਧਦਾ ਹੈ। (ਬਾਕੀ ਸਫਾ 2 'ਤੇ)

## ਬੰਗਾਲ ਚੋਣਾਂ: ਕੋਲਕਾਤਾ 'ਚ ਪ੍ਰਧਾਨ ਮੰਤਰੀ ਵੱਲੋਂ ਵੱਡਾ ਰੋਡ ਸ਼ੋਅ

### ਮੋਦੀ-ਮੋਦੀ ਦੇ ਨਾਅਰਿਆਂ ਨਾਲ ਗੂੰਜੀਆਂ ਸੜਕਾਂ



ਚੜ੍ਹਦੀਕਲਾ ਬਿਊਰੋ

================

ਕੋਲਕਾਤਾ, 26 ਅਪ੍ਰੈਲ : ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਦੂਜੇ ਅਤੇ ਆਖਰੀ ਪੜਾਅ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਨੇ ਆਪਣਾ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਇਸੇ ਕੜੀ ਦੇ ਤਹਿਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਉੱਤਰੀ ਕੋਲਕਾਤਾ ਵਿੱਚ ਇੱਕ ਵਿਸ਼ਾਲ ਰੋਡ ਸ਼ੋਅ ਕਰਕੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ। ਇਹ ਰੋਡ ਸ਼ੋਅ 'ਭਾਰਤ ਮਾਤਾ ਕੀ ਜੈ', 'ਜੈ ਸ਼੍ਰੀ ਰਾਮ' ਅਤੇ ਭਾਜਪਾ ਦੇ ਬੰਗਾਲੀ ਚੋਣ ਨਾਅਰੇ 'ਪਲਟਨੋ ਦਰਕਾਰ, ਏਈ ਭਾਜਪਾ ਸਰਕਾਰ' (ਪਰਿਵਰਤਨ ਲਿਆਉਣ (ਬਾਕੀ ਸਫਾ 2 'ਤੇ)

## ਮੋਦੀ ਵੱਲੋਂ ਬੰਗਾਲ ਵਿੱਚ ਮਤੂਆ ਸੰਪ੍ਰਦਾ ਦੇ ਮੰਦਰ 'ਚ ਪ੍ਰਾਰਥਨਾ

ਕੋਲਕਾਤਾ, 26 ਅਪ੍ਰੈਲ (ਚ.ਨ.ਸ.):ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜ਼ਿਲ੍ਹੇ ਵਿੱਚ ਸਥਿਤ ਠਾਕੁਰਨਗਰ ਵਿੱਚ ਮਤੂਆ ਮਹਾਸੰਘ ਦੇ ਮੁੱਖ ਮੰਦਰ ਠਾਕੁਰਬਾੜੀ ਵਿੱਚ ਇੱਕ ਚੋਣ ਰੈਲੀ ਤੋਂ ਪਹਿਲਾਂ ਪ੍ਰਾਰਥਨਾ ਕੀਤੀ। ਮਤੂਆ ਭਾਈਚਾਰੇ ਦੇ ਇਸ ਗੜ੍ਹ ਵਿੱਚ ਉਨ੍ਹਾਂ ਦੇ ਦੌਰੇ ਨੂੰ ਇਸ ਸੰਪਰਦਾ ਨਾਲ ਸਬੰਧਤ ਵੋਟਰਾਂ ਤੱਕ ਪਹੁੰਚਣ ਦੇ ਯਤਨ ਵਜੋਂ ਦੇਖਿਆ ਜਾ ਰਿਹਾ ਹੈ। ਮਤੂਆ ਵੋਟਰ ਘੱਟੋ-ਘੱਟ 34 ਵਿਧਾਨ ਸਭਾ ਹਲਕਿਆਂ ਦੇ ਨਾਲ-ਨਾਲ ਬੰਗਲਾਦੇਸ਼ ਸਰਹੱਦ ਦੇ ਨੇੜੇ ਸਥਿਤ ਦੋ ਦਰਜਨ ਹੋਰ ਸੀਟਾਂ 'ਤੇ ਸਿੱਧੇ ਤੌਰ 'ਤੇ ਨਤੀਜੇ ਨੂੰ ਪ੍ਰਭਾਵਿਤ ਕਰਦੇ ਹਨ। (ਬਾਕੀ ਸਫਾ 2 'ਤੇ)

## ਕੇਕ ਨੂੰ ਲੈ ਕੇ ਜਨਮ ਦਿਨ ਵਾਲੇ ਮੁੰਡੇ ਵੱਲੋਂ 3 ਨੌਜਵਾਨਾਂ ਦਾ ਗੋਲ਼ੀਆਂ ਮਾਰ ਕੇ ਕਤਲ

ਬੁਲੰਦਸ਼ਹਿਰ, 26 ਅਪ੍ਰੈਲ (ਚ.ਨ.ਸ.): ਉੱਤਰ ਪ੍ਰਦੇਸ਼ ਦੇ ਬੁਲੰਦਸ਼ਹਿਰ ਜ਼ਿਲ੍ਹੇ ਦੇ ਖੁਰਜਾ ਕੋਤਵਾਲੀ ਇਲਾਕੇ ਵਿੱਚ ਜਨਮ ਦਿਨ ਦੀ ਪਾਰਟੀ ਦੌਰਾਨ ਹੋਈ ਗੋਲੀਬਾਰੀ ਵਿੱਚ ਤਿੰਨ ਨੌਜਵਾਨਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਘਟਨਾ ਇੰਨੀ ਸੰਵੇਦਨਸ਼ੀਲ ਹੈ ਕਿ ਇਸ ਨੇ ਪੁਲਿਸ ਵਿਭਾਗ ਵਿੱਚ ਹੜਕੰਪ ਮਚਾ ਦਿੱਤਾ ਹੈ। ਡੀ.ਆਈ.ਜੀ. ਕਲਾਨਿਧੀ ਨੈਥਾਨੀ ਨੇ ਤੁਰੰਤ ਕਈ ਟੀਮਾਂ ਬਣਾ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਨੁਸਾਰ, ਜੀਤੂ ਨਾਮ ਦਾ ਇੱਕ ਵਿਅਕਤੀ ਸ਼ਨੀਵਾਰ ਨੂੰ ਖੁਰਜਾ ਖੇਤਰ ਦੇ ਇੱਕ ਜਿਮ ਵਿੱਚ ਆਪਣਾ ਜਨਮ ਦਿਨ ਮਨਾ ਰਿਹਾ ਸੀ। ਪਾਰਟੀ ਦੌਰਾਨ, ਜੀਤੂ ਦਾ ਮਨੀਸ਼ ਨਾਮ ਦੇ ਇੱਕ ਨੌਜਵਾਨ ਨਾਲ ਕੇਕ ਨੂੰ ਲੈ ਕੇ ਮਾਮੂਲੀ ਝਗੜਾ ਹੋ ਗਿਆ। ਜਿਵੇਂ ਹੀ ਬਹਿਸ ਵਧਦੀ ਗਈ, ਜੀਤੂ ਨੇ ਗੁੱਸੇ ਵਿੱਚ ਆ ਕੇ ਮਨੀਸ਼, (ਬਾਕੀ ਸਫਾ 2 'ਤੇ)

## ਉੱਤਰ-ਪੱਛਮੀ ਤੇ ਮੱਧ ਭਾਰਤ 'ਚ 3 ਦਿਨਾਂ ਤੱਕ ਜਾਰੀ ਰਹੇਗੀ ਲੂ

### ਮੌਸਮ ਵਿਭਾਗ ਵੱਲੋਂ ਗਰਮ ਹਵਾਵਾਂ ਚੱਲਣ ਦਾ ਅਲਰਟ ਜਾਰੀ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 26 ਅਪ੍ਰੈਲ :ਭਾਰਤੀ ਮੌਸਮ ਵਿਭਾਗ ਨੇ ਉੱਤਰ-ਪੱਛਮੀ ਅਤੇ ਮੱਧ ਭਾਰਤ ਦੇ ਕਈ ਹਿੱਸਿਆਂ ਲਈ ਹੀਟ ਵੇਵ ਦਾ ਅਲਰਟ ਜਾਰੀ ਕੀਤਾ ਹੈ। ਮੌਸਮ ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਅਗਲੇ ਤਿੰਨ ਦਿਨਾਂ ਤੱਕ ਕੜਕਦੀ ਧੁੱਪ ਰਹੇਗੀ ਤੇ ਗਰਮ ਹਵਾਵਾਂ ਚੱਲਣਗੀਆਂ ਤੇ ਤੇਜ਼ ਗਰਮੀ ਦੀ ਸਥਿਤੀ ਬਣੀ ਰਹਿਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਅਨੁਸਾਰ 27 ਅਪ੍ਰੈਲ ਨੂੰ ਜੰਮੂ-ਕਸ਼ਮੀਰ, ਪੰਜਾਬ, ਹਰਿਆਣਾ, ਚੰਡੀਗੜ੍ਹ, (ਬਾਕੀ ਸਫਾ 2 'ਤੇ)

## ਮਨਾਲੀ 'ਚ ਪਾਰਾ ਮਨਫੀ ਤੋਂ ਹੇਠਾਂ ਪੁੱਜਾ, ਸੈਲਾਨੀਆਂ ਦੀਆਂ ਲੱਗੀਆਂ ਮੌਜਾਂ

ਮਨਾਲੀ, 26 ਅਪ੍ਰੈਲ (ਚ.ਨ.ਸ.):ਦੇਸ਼ ਦੇ ਮੈਦਾਨੀ ਇਲਾਕਿਆਂ ਵਿੱਚ ਜਿੱਥੇ ਭਿਆਨਕ ਗਰਮੀ ਅਤੇ ਲੂ ਪਰੇਸ਼ਾਨ ਕਰ ਰਹੀ ਹੈ, ਉੱਥੇ ਹੀ ਹਿਮਾਚਲ ਪ੍ਰਦੇਸ਼ ਵਿੱਚ ਮਨਾਲੀ ਦੇ ਪਹਾੜਾਂ ਵਿੱਚ ਡਿੱਗ ਰਹੇ ਬਰਫ਼ ਦੇ ਫਾਹੇ ਸੈਲਾਨੀਆਂ ਨੂੰ ਹੈਰਾਨ ਕਰ ਰਹੇ ਹਨ। ਰੋਹਤਾਂਗ, ਸ਼ਿੰਕੁਲਾ ਅਤੇ ਬਾਰਾਲਾਚਾ ਵਿੱਚ ਹਰ ਰੋਜ਼ ਡਿੱਗ ਰਹੀ ਬਰਫ਼ ਕਾਰਨ ਕੰਬਣੀ ਮਹਿਸੂਸ ਕੀਤੀ ਜਾ ਰਹੀ ਹੈ। ਸੈਲਾਨੀਆਂ ਲਈ ਗਰਮੀ ਦੇ ਮੌਸਮ ਵਿੱਚ ਠੰਢ ਦਾ ਇਹ ਇੱਕ ਅਨੋਖਾ ਅਨੁਭਵ ਹੈ। ਵੀਕੈਂਡ 'ਤੇ ਹਜ਼ਾਰਾਂ ਸੈਲਾਨੀ (ਬਾਕੀ ਸਫਾ 2 'ਤੇ)

## ਲਾਲ ਸਾਗਰ 'ਤੇ ਕਬਜ਼ੇ ਦੀ ਤਿਆਰੀ! ਨੇਤਨਯਾਹੂ-ਏਰਦੋਗਨ ਹੋਏ ਆਹਮੋ-ਸਾਹਮਣੇ



ਚੜ੍ਹਦੀਕਲਾ ਬਿਊਰੋ

================

ਤਲ ਅਵੀਵ, 26 ਅਪ੍ਰੈਲ : ਤੁਰਕੀ ਅਤੇ ਇਜ਼ਰਾਈਲ ਵਿਚਾਲੇ ਤਣਾਅ ਇੱਕ ਨਵੇਂ ਪੱਧਰ 'ਤੇ ਪਹੁੰਚ ਗਿਆ ਹੈ। ਇਸ ਵਾਰ ਦੋਵਾਂ ਦੇਸ਼ਾਂ ਦੇ ਟਕਰਾਅ ਦਾ ਮੁੱਖ ਕੇਂਦਰ ਲਾਲ ਸਾਗਰ ਦੇ ਮਹੱਤਵਪੂਰਨ ਵਪਾਰਕ ਰਸਤੇ, ਊਰਜਾ ਸਰੋਤ ਅਤੇ ਫੌਜੀ ਪ੍ਰਭਾਵ ਹਨ। ਅਫਰੀਕਾ ਦੇ 'ਹੌਰਨ ਆਫ ਅਫਰੀਕਾ' ਖੇਤਰ ਵਿੱਚ ਸਥਿਤ ਸੋਮਾਲੀਆ ਅਤੇ ਸੋਮਾਲੀਲੈਂਡ ਇਨ੍ਹਾਂ ਦੋਵਾਂ ਸ਼ਕਤੀਆਂ ਵਿਚਾਲੇ ਭੂ-ਰਾਜਨੀਤਿਕ ਮੁਕਾਬਲੇ ਦਾ ਮੁੱਖ ਕੇਂਦਰ ਬਣ ਗਏ ਹਨ।

ਤੁਰਕੀ ਨੇ ਸੋਮਾਲੀਆ ਨਾਲ ਆਪਣੇ ਸਬੰਧਾਂ ਨੂੰ ਬਹੁਤ ਮਜ਼ਬੂਤ ਕਰ ਲਿਆ ਹੈ, ਜਿਸ ਦੇ ਤਹਿਤ ਉਸ ਨੂੰ ਸਮੁੰਦਰ ਅਤੇ (ਬਾਕੀ ਸਫਾ 2 'ਤੇ)

### ਯਾਦਾਂ ਵਿੱਚ ਸ਼ਰਧਾਂਜਲੀ ਸ਼ਬਦ

## ਭਾਰਤੀ ਫ਼ੋਟੋਗ੍ਰਾਫ਼ੀ ਦੇ ਆਈਕਾਨ ਰਘੂ ਰਾਏ ਦੇ ਚਲੇ ਜਾਣ ਨਾਲ ਭਾਰਤੀ ਫ਼ੋਟੋਗ੍ਰਾਫੀ ਦਾ ਇੱਕ ਯੁੱਗ ਖ਼ਤਮ ਹੋ ਗਿਆ

### ਰਘੂ ਨੇ ਭਾਰਤੀ ਰਾਜ ਨੇਤਾਵਾਂ ਨੂੰ ਆਪਣੇ ਲੈਂਜ਼ ਨਾਲ ਇਸ ਤਰ੍ਹਾਂ ਵੇਖਿਆ ਕਿ ਉਹਨਾਂ ਨੂੰ ਅਮਰ ਕਰ ਦਿੱਤਾ

### ਮੇਰੀਆਂ ਯਾਦਾਂ 'ਚ ਸਿਰੜੀ ਤੇ ਅੱਖਾਂ ਦੀ ਭਾਸ਼ਾ ਪੜ੍ਹਨ ਵਾਲਾ ਦੋਸਤ ਸੀ: ਡਾ. ਰੱਤੂ

ਪ੍ਰੋ.ਡਾ. ਕ੍ਰਿਸ਼ਨ ਕੁਮਾਰ ਰੱਤੂ
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

================

ਸਾਡੇ ਸਮਿਆਂ ਦੇ ਸਭ ਤੋਂ ਵੱਡੇ ਫੋਟੋਗ੍ਰਾਫਰ ਰਘੂਰਾਏ ਦੀ ਮੌਤ ਨਾਲ ਅੱਜ ਇੱਕ ਯੁੱਗ ਖਤਮ ਹੋ ਗਿਆ ਹੈ। ਉਹ ਦੁਨੀਆਂ ਦੇ ਸਭ ਤੋਂ ਵੱਡੇ ਫੋਟੋਗ੍ਰਾਫਰਾਂ ਵਿੱਚੋਂ ਇੱਕ ਸੀ ।ਭਾਰਤੀ ਫੋਟੋਗ੍ਰਾਫੀ ਦਾ ਆਈਕਨ ਅਤੇ ਇੱਕ ਸੱਚਾ ਜਾਦੂਗਰ ਰਘੂ ਰਾਏ ਇਸ ਦੁਨੀਆਂ ਤੋਂ ਵਿਦਾ ਹੋ ਗਏ ਹਨ। ਰਘੂ ਰਾਏ ਇੱਕ ਜਾਦੂਗਰ ਸਨ। ਉਨ੍ਹਾਂ ਦੀ ਲੈਂਜ਼ ਰਾਹੀਂ ਭਾਰਤ ਨੇ ਆਪਣਾ ਆਪ ਵੇਖਿਆ । ਅੱਜ ਉਨ੍ਹਾਂ ਦੀ ਮੌਤ ਨਾਲ ਨਾ ਸਿਰਫ਼ ਇੱਕ ਵਿਅਕਤੀ ਗਿਆ ਹੈ, ਬਲਕਿ ਇੱਕ ਪੂਰਾ ਯੁੱਗ ਖਤਮ ਹੋ ਗਿਆ ਹੈ।

ਅੱਜ ਉਹ ਯੁੱਗ ਜਿਸ ਵਿੱਚ ਫੋਟੋਗ੍ਰਾਫੀ ਸਿਰਫ਼ ਤਸਵੀਰ ਖਿੱਚਣ ਦਾ ਕੰਮ ਨਹੀਂ ਸੀ, ਬਲਕਿ ਇਤਿਹਾਸ ਲਿਖਣ, ਸਮਾਜ ਨੂੰ ਆਈਨੇ ਵਾਂਗ ਵਿਖਾਉਣ ਅਤੇ ਲੋਕਾਂ ਦੀਆਂ ਭਾਵਨਾਵਾਂ ਨੂੰ ਅਮਰ ਬਣਾਉਣ ਦਾ ਇੱਕ ਤਾਕਤਵਰ ਮਾਧਿਅਮ ਸੀ। ਰਘੂ ਰਾਏ ਨੇ ਫੋਟੋਗ੍ਰਾਫੀ ਨੂੰ ਇੱਕ ਕਲਾ ਤੋਂ ਉੱਪਰ ਉਠਾ ਕੇ ਇੱਕ ਭਾਸ਼ਾ ਬਣਾ ਦਿੱਤਾ ਸੀ। ਉਨ੍ਹਾਂ ਦੀਆਂ ਤਸਵੀਰਾਂ ਵਿੱਚ ਭਾਰਤ ਦੀ ਆਤਮਾ ਵੱਸਦੀ ਸੀ — ਉਸ ਭਾਰਤ ਦੀ ਆਤਮਾ ਜੋ ਗਰੀਬੀ, ਆਸ, ਸੰਘਰਸ਼ ਅਤੇ ਖੁਸ਼ੀਆਂ ਦਾ ਮਿਸ਼ਰਣ ਹੈ।

ਉਨ੍ਹਾਂ ਨੇ ਕਦੇ ਵੀ ਫੋਟੋਗ੍ਰਾਫੀ ਨੂੰ ਸਿਰਫ਼ ਤਕਨੀਕੀ ਕੰਮ ਨਹੀਂ ਮੰਨਿਆ। ਉਨ੍ਹਾਂ ਲਈ ਹਰ ਤਸਵੀਰ ਇੱਕ ਕਥਾ ਸੀ, ਇੱਕ ਭਾਵਨਾ ਸੀ, ਇੱਕ ਸੱਚਾਈ ਸੀ। ਉਨ੍ਹਾਂ ਨੇ ਭਾਰਤੀ ਫੋਟੋਗ੍ਰਾਫੀ ਨੂੰ ਵਿਸ਼ਵ ਪੱਧਰ 'ਤੇ ਇੱਕ ਨਵੀਂ ਉਚਾਈ



ਤੱਕ ਪਹੁੰਚਾਇਆ। ਉਨ੍ਹਾਂ ਦੀਆਂ ਤਸਵੀਰਾਂ ਵਿੱਚ ਰਾਜ ਨੇਤਾਵਾਂ ਦੀਆਂ ਨਿੱਜੀ ਭਾਵਨਾਵਾਂ ਤੋਂ ਲੈ ਕੇ ਆਮ ਆਦਮੀ ਦੀਆਂ (ਬਾਕੀ ਸਫਾ 2 'ਤੇ)

## ਪੰਜਾਬ ਪੁਲਿਸ ਨੇ ਸਾਂਸਦ ਹਰਭਜਨ ਸਿੰਘ ਤੋਂ ਸੁਰੱਖਿਆ ਲਈ ਵਾਪਸ

### ਕੇਂਦਰ ਵੱਲੋਂ ਉਨ੍ਹਾਂ ਦੇ ਘਰ ਬਾਹਰ ਸੀਆਰਪੀਐਫ ਜਵਾਨ ਤਾਇਨਾਤ

ਚੜ੍ਹਦੀਕਲਾ ਬਿਊਰੋ

================




ਨਵੀਂ ਦਿੱਲੀ, 26 ਅਪ੍ਰੈਲ :ਆਮ ਆਦਮੀ ਪਾਰਟੀ (ਆਪ) ਦੇ ਸੱਤ ਸੰਸਦ ਮੈਂਬਰਾਂ ਦੇ ਜਾਣ ਨੂੰ ਲੈ ਕੇ ਵਿਵਾਦ ਲਗਾਤਾਰ ਜਾਰੀ ਹੈ। ਪੰਜਾਬ ਦੀ 'ਆਪ' ਸਰਕਾਰ ਨੇ ਸਾਬਕਾ ਕ੍ਰਿਕਟਰ ਅਤੇ ਰਾਜ ਸਭਾ ਮੈਂਬਰ ਹਰਭਜਨ ਸਿੰਘ ਭੱਜੀ ਤੋਂ ਵਾਈ-ਸ਼੍ਰੇਣੀ ਦੀ ਸੁਰੱਖਿਆ ਵਾਪਸ ਲੈ ਲਈ ਹੈ। ਉਨ੍ਹਾਂ ਦੇ ਜਲੰਧਰ ਸਥਿਤ ਘਰ 'ਤੇ ਤਾਇਨਾਤ ਪੰਜਾਬ ਪੁਲਿਸ ਦੇ ਜਵਾਨਾਂ ਨੂੰ ਤੁਰੰਤ ਵਾਪਸ ਲੈ ਲਿਆ ਗਿਆ। ਇਸ ਤੋਂ ਥੋੜ੍ਹੀ ਦੇਰ ਬਾਅਦ, ਕੇਂਦਰ ਸਰਕਾਰ ਨੇ ਭੱਜੀ ਨੂੰ ਸੀਆਰਪੀਐਫ ਸੁਰੱਖਿਆ ਪ੍ਰਦਾਨ ਕੀਤੀ, ਜੋ ਉਨ੍ਹਾਂ ਦੇ ਘਰ ਦੇ ਬਾਹਰ ਤਾਇਨਾਤ ਕਰ ਦਿੱਤੀ ਗਈ ਹੈ।ਹਾਲਾਂਕਿ ਭੱਜੀ ਨੇ ਅਜੇ ਤੱਕ 'ਆਪ' ਛੱਡਣ ਜਾਂ ਭਾਜਪਾ ਵਿੱਚ ਸ਼ਾਮਲ ਹੋਣ ਬਾਰੇ ਕੋਈ ਟਿੱਪਣੀ ਨਹੀਂ ਕੀਤੀ ਹੈ, ਪਰ ਰਾਘਵ ਚੱਢਾ ਨੇ ਉਨ੍ਹਾਂ ਦੇ ਪੱਖ ਵਿੱਚ ਹੋਣ ਦਾ ਦਾਅਵਾ ਕੀਤਾ। ਭੱਜੀ ਤੋਂ ਪਹਿਲਾਂ, 'ਆਪ' ਸਰਕਾਰ ਨੇ ਵੀ ਚੱਢਾ ਦੀ ਵਾਈ-ਸ਼੍ਰੇਣੀ ਦੀ ਸੁਰੱਖਿਆ ਵਾਪਸ ਲੈ ਲਈ ਸੀ। ਇਸ ਤੋਂ ਬਾਅਦ, ਉਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਇਹੀ ਸੁਰੱਖਿਆ ਦਿੱਤੀ ਗਈ ਸੀ।

(ਬਾਕੀ ਸਫਾ 2 'ਤੇ)

# ਭਾਰਤ ਨੇ ਮਾਲੀ ਵਿੱਚ ਰਹਿ ਰਹੇ ਆਪਣੇ ਨਾਗਰਿਕਾਂ ਨੂੰ ਘਰਾਂ ਦੇ ਅੰਦਰ ਹੀ ਰਹਿਣ ਦੀ ਦਿੱਤੀ ਸਲਾਹ



ਬਾਮਾਕੋ , 26 ਅਪ੍ਰੈਲ (ਚ.ਨ.ਸ.): ਭਾਰਤ ਨੇ ਸ਼ਨਿੱਚਰਵਾਰ ਨੂੰ ਮਾਲੀ ਵਿੱਚ ਰਹਿ ਰਹੇ ਆਪਣੇ ਨਾਗਰਿਕਾਂ ਨੂੰ ਪੱਛਮੀ ਅਫਰੀਕੀ ਦੇਸ਼ ਵਿੱਚ ਹਾਲ ਹੀ ਦੇ ਸੁਰੱਖਿਆ ਘਟਨਾਕ੍ਰਮ ਕਾਰਨ ਬਹੁਤ ਜ਼ਿਆਦਾ ਚੌਕਸ ਰਹਿਣ, ਬਹੁਤ ਸਾਵਧਾਨੀ ਵਰਤਣ ਅਤੇ ਘਰਾਂ ਦੇ ਅੰਦਰ ਰਹਿਣ ਦੀ ਸਲਾਹ ਦਿੱਤੀ ਹੈ।

ਬਾਮਾਕੋ ਵਿੱਚ ਭਾਰਤੀ ਦੂਤਾਵਾਸ ਨੇ ਇੱਕ ਐਡਵਾਈਜ਼ਰੀ ਜਾਰੀ ਕਰਦਿਆਂ ਕਿਹਾ, 'ਮਾਲੀ ਦੇ ਕਾਟੀ ਅਤੇ ਹੋਰ ਹਿੱਸਿਆਂ ਵਿੱਚ ਹਾਲ ਹੀ ਦੇ ਸੁਰੱਖਿਆ ਘਟਨਾਕ੍ਰਮ ਅਤੇ ਦੱਸੇ ਗਏ ਹਮਲਿਆਂ ਦੇ ਕਾਰਨ ਸਾਰੇ ਭਾਰਤੀ ਨਾਗਰਿਕਾਂ ਨੂੰ ਬਹੁਤ ਜ਼ਿਆਦਾ ਚੌਕਸ ਰਹਿਣ, ਪੂਰੀ ਸਾਵਧਾਨੀ ਵਰਤਣ, ਘਰਾਂ ਦੇ ਅੰਦਰ ਰਹਿਣ ਅਤੇ ਸਮੇਂ-ਸਮੇਂ 'ਤੇ ਮਾਲੀ ਦੇ ਅਧਿਕਾਰੀਆਂ ਵੱਲੋਂ ਜਾਰੀ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਅਪੀਲ ਕੀਤੀ ਜਾਂਦੀ ਹੈ।'

ਦੂਤਾਵਾਸ ਨੇ ਅੱਗੇ ਕਿਹਾ ਕਿ ਉਹ ਮਾਲੀ ਦੇ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਬਦਲਦੀ ਸਥਿਤੀ ਦੀ ਨੇੜਿਓਂ ਨਿਗਰਾਨੀ ਕਰ ਰਿਹਾ ਹੈ ਅਤੇ ਲੋੜ ਅਨੁਸਾਰ ਹੋਰ ਅੱਪਡੇਟ ਜਾਰੀ ਕਰੇਗਾ। ਇਸ ਨੇ ਭਾਰਤੀ ਨਾਗਰਿਕਾਂ ਨੂੰ ਵੈੱਬਸਾਈਟ ਅਤੇ ਦੂਤਾਵਾਸ ਦੇ ਅਧਿਕਾਰਤ ਸੋਸ਼ਲ ਮੀਡੀਆ ਖਾਤਿਆਂ ਰਾਹੀਂ ਦੂਤਾਵਾਸ ਦੇ ਸੰਪਰਕ ਵਿੱਚ ਰਹਿਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਭਾਰਤੀ ਨਾਗਰਿਕਾਂ ਨੂੰ ਕਿਸੇ ਵੀ ਐਮਰਜੈਂਸੀ ਸਹਾਇਤਾ ਦੀ ਸਥਿਤੀ ਵਿੱਚ +223 78486019/ 94793705 'ਤੇ ਦੂਤਾਵਾਸ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ਗਈ ਹੈ।

# ਨਦੀ 'ਚ ਜਾ ਡਿੱਗੀ ਬੇਕਾਬੂ ਕਾਰ, ਇੱਕ ਵਿਅਕਤੀ ਦੀ ਮੌਤ; ਕਈ ਹੋਰਾਂ ਦੇ ਡੁੱਬਣ ਦਾ ਖ਼ਦਸ਼ਾ

ਜੈਪੁਰ, 26 ਅਪ੍ਰੈਲ (ਚ.ਨ.ਸ.) : ਰਾਜਸਥਾਨ ਦੇ ਬਾਰਾਂ ਜ਼ਿਲ੍ਹੇ ਵਿੱਚ ਐਤਵਾਰ ਦੁਪਹਿਰ ਨੂੰ ਇੱਕ ਭਿਆਨਕ ਸੜਕ ਹਾਦਸਾ ਵਾਪਰਨ ਦੀ ਖ਼ਬਰ ਸਾਹਮਣੇ ਆਈ ਹੈ। ਜ਼ਿਲ੍ਹੇ ਦੇ ਸਦਰ ਥਾਣਾ ਖੇਤਰ ਦੇ ਅਧੀਨ ਆਉਂਦੇ ਸੁੰਡਾ ਕੋਠੜੀ (ਕੋਇਲਾ) ਦੇ ਕੋਲ ਇੱਕ ਤੇਜ਼ ਰਫ਼ਤਾਰ ਕਾਰ ਅਚਾਨਕ ਬੇਕਾਬੂ ਹੋ ਕੇ ਪਾਰਵਤੀ ਨਦੀ ਵਿੱਚ ਜਾ ਡਿੱਗੀ। ਇਸ ਦਰਦਨਾਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ, ਜਦਕਿ ਕਾਰ ਵਿੱਚ ਸਵਾਰ ਹੋਰ ਲੋਕਾਂ ਦੀ ਭਾਲ ਲਈ ਸਰਚ ਆਪ੍ਰੇਸ਼ਨ ਜਾਰੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਹਾਦਸਾ ਦੁਪਹਿਰ ਕਰੀਬ 12 ਵਜੇ ਵਾਪਰਿਆ ਜਦੋਂ ਕਾਰ ਸਵਾਰ ਵਿਅਕਤੀ ਰਸਤੇ ਤੋਂ ਗੁਜ਼ਰ ਰਿਹਾ ਸੀ। ਅਚਾਨਕ ਸੰਤੁਲਨ ਵਿਗੜਨ ਕਾਰਨ ਕਾਰ ਸਿੱਧੀ ਨਦੀ ਵਿੱਚ ਜਾ ਡਿੱਗੀ। ਮੌਕੇ 'ਤੇ ਮੌਜੂਦ ਪ੍ਰਤੱਖਦਰਸ਼ੀਆਂ ਨੇ ਤੁਰੰਤ ਇਸ ਦੀ ਸੂਚਨਾ ਪੁਲਿਸ ਅਤੇ ਪ੍ਰਸ਼ਾਸਨ ਨੂੰ ਦਿੱਤੀ।

ਸੂਚਨਾ ਮਿਲਦੇ ਹੀ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀ ਰਾਹਤ ਟੀਮਾਂ ਸਮੇਤ ਮੌਕੇ 'ਤੇ ਪਹੁੰਚ ਗਏ। ਗੋਤਾਖੋਰਾਂ ਦੀ ਮਦਦ ਨਾਲ ਕਾਫੀ ਮੁਸ਼ੱਕਤ ਤੋਂ ਬਾਅਦ ਕਾਰ ਵਿੱਚ ਫਸੇ ਵਿਅਕਤੀ ਨੂੰ ਬਾਹਰ ਕੱਢਿਆ ਗਿਆ ਅਤੇ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੀ ਪਛਾਣ ਲੋਕੇਸ਼ ਮਹਿਤਾ (35), ਪੁੱਤਰ ਚੰਦਰਮੋਹਨ, ਨਿਵਾਸੀ ਕੋਇਲਾ (ਬਾਰਾਂ) ਵਜੋਂ ਹੋਈ ਹੈ।

ਪੁਲਿਸ ਨੂੰ ਖ਼ਦਸ਼ਾ ਹੈ ਕਿ ਹਾਦਸੇ ਦੇ ਸਮੇਂ ਕਾਰ ਵਿੱਚ ਹੋਰ ਲੋਕ ਵੀ ਸਵਾਰ ਹੋ ਸਕਦੇ ਹਨ। ਇਸ ਸੰਭਾਵਨਾ ਦੇ ਮੱਦੇਨਜ਼ਰ ਨਦੀ ਵਿੱਚ ਅਜੇ ਵੀ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਹੋਰ ਵਿਅਕਤੀ ਪਾਣੀ ਵਿੱਚ ਨਾ ਰੁੜ੍ਹ ਗਿਆ ਹੋਵੇ।

# 'ਉਹ ਲਗਾਤਾਰ ਹਾਰ ਰਹੀ ਹੈ...' ਮਮਤਾ ਬੈਨਰਜੀ ਦੀ ਕੇਸ ਕਰਨ ਦੀ ਧਮਕੀ 'ਤੇ ਸ਼ਾਹ ਦਾ ਪਲਟਵਾਰ



ਨਵੀਂ ਦਿੱਲੀ, 26 ਅਪ੍ਰੈਲ (ਚ.ਨ.ਸ.): ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਦੇ ਭਖਦੇ ਮਾਹੌਲ ਵਿਚਾਲੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਨੀਵਾਰ ਨੂੰ ਵੱਡਾ ਸਿਆਸੀ ਦਾਅਵਾ ਕੀਤਾ ਹੈ। ਕੋਲਕਾਤਾ ਦੇ ਟੌਲੀਗੰਜ ਵਿੱਚ ਇੱਕ ਰੋਡ ਸ਼ੋਅ ਦੌਰਾਨ ਸ਼ਾਹ ਨੇ ਭਰੋਸਾ ਜਤਾਇਆ ਕਿ ਭਾਰਤੀ ਜਨਤਾ ਪਾਰਟੀ ਸੂਬੇ ਵਿੱਚ ਸਰਕਾਰ ਬਣਾਏਗੀ ਅਤੇ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਸੱਤਾ ਤੋਂ ਵਿਦਾਇਗੀ ਤੈਅ ਹੈ।ਮਮਤਾ ਬੈਨਰਜੀ ਨੇ ਹਾਲ ਹੀ ਵਿੱਚ ਅਮਿਤ ਸ਼ਾਹ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਗੱਲ ਕਹੀ ਸੀ। ਇਸ 'ਤੇ ਪਲਟਵਾਰ ਕਰਦਿਆਂ ਸ਼ਾਹ ਨੇ ਕਿਹਾ, 'ਮਮਤਾ ਬੈਨਰਜੀ ਲਗਾਤਾਰ ਬੋਲਦੀ ਰਹਿੰਦੀ ਹੈ। ਉਹ ਅਦਾਲਤ ਵਿੱਚ ਵੀ ਹਾਰਦੀ ਰਹਿੰਦੀ ਹੈ ਅਤੇ ਅੱਗੇ ਵੀ ਹਾਰਦੀ ਰਹੇਗੀ।' ਉਨ੍ਹਾਂ ਸਵਾਲ ਉਠਾਇਆ ਕਿ ਕੀ ਮਮਤਾ ਚਾਹੁੰਦੀ ਹੈ ਕਿ ਗੁੰਡਿਆਂ ਦਾ ਸਨਮਾਨ ਕੀਤਾ ਜਾਵੇ ? ਸ਼ਾਹ ਨੇ ਕਿਹਾ ਕਿ ਜਨਤਾ ਨੂੰ ਪ੍ਰੇਸ਼ਾਨ ਕਰਨ ਵਾਲਿਆਂ ਨੂੰ ਕੋਈ ਰਿਆਇਤ ਨਹੀਂ ਮਿਲੇਗੀ।ਦਰਅਸਲ, ਮਮਤਾ ਬੈਨਰਜੀ ਅਮਿਤ ਸ਼ਾਹ ਦੇ ਉਸ ਬਿਆਨ ਤੋਂ ਨਾਰਾਜ਼ ਸੀ ਜਿਸ ਵਿੱਚ ਉਨ੍ਹਾਂ ਨੇ ਕਥਿਤ ਤੌਰ 'ਤੇ ਗੁੰਡਿਆਂ ਨੂੰ 'ਉਲਟਾ ਲਟਕਾਉਣ' ਅਤੇ 29 ਅਪ੍ਰੈਲ ਨੂੰ ਘਰਾਂ ਤੋਂ ਬਾਹਰ ਨਾ ਨਿਕਲਣ ਦੀ ਚੇਤਾਵਨੀ ਦਿੱਤੀ ਸੀ। ਮਮਤਾ ਨੇ ਕਿਹਾ ਸੀ ਕਿ ਇੱਕ ਗ੍ਰਹਿ ਮੰਤਰੀ ਨੂੰ ਅਜਿਹੀ ਹਿੰਸਕ ਭਾਸ਼ਾ ਦੀ ਵਰਤੋਂ ਕਰਨਾ ਸ਼ੋਭਾ ਨਹੀਂ ਦਿੰਦਾ ਅਤੇ ਅਜਿਹੀ ਸੋਚ ਨਾਲ ਉਹ ਕਦੇ ਬੰਗਾਲ ਨਹੀਂ ਜਿੱਤ ਸਕਦੇ।

# ਭਿਆਨਕ ਗਰਮੀ ਕਾਰਨ ਸਬਜ਼ੀਆਂ ਦੀਆਂ ਕੀਮਤਾਂ ਨੇ ਵਧਾਈ ਚਿੰਤਾ

ਨਵੀਂ ਦਿੱਲੀ, 26 ਅਪ੍ਰੈਲ (ਚ.ਨ.ਸ.) : ਭਿਆਨਕ ਗਰਮੀ ਦਾ ਅਸਰ ਹੁਣ ਸਬਜ਼ੀਆਂ 'ਤੇ ਦੇਖਣ ਨੂੰ ਮਿਲ ਰਿਹਾ ਹੈ। ਤੇਜ਼ ਧੁੱਪ ਅਤੇ ਲੂ ਕਾਰਨ ਘੀਆ, ਤੋਰੀ, ਭਿੰਡੀ ਸਮੇਤ ਹਰੀਆਂ ਸਬਜ਼ੀਆਂ ਦੀਆਂ ਵੇਲਾਂ ਪ੍ਰਭਾਵਿਤ ਹੋ ਰਹੀਆਂ ਹਨ। ਇਸ ਕਾਰਨ ਮੰਡੀਆਂ ਵਿੱਚ ਸਬਜ਼ੀਆਂ ਦੀ ਸਪਲਾਈ 'ਤੇ ਮਾੜਾ ਅਸਰ ਪਿਆ ਹੈ। ਸਥਾਨਕ ਸਬਜ਼ੀਆਂ ਮੰਡੀਆਂ ਵਿੱਚ ਨਾ ਹੋਣ ਕਾਰਨ ਦੂਜੇ ਜ਼ਿਲ੍ਹਿਆਂ ਅਤੇ ਰਾਜਾਂ ਤੋਂ ਸਬਜ਼ੀਆਂ ਮੰਗਵਾਈਆਂ ਜਾ ਰਹੀਆਂ ਹਨ, ਜਿਸ ਕਾਰਨ ਕੀਮਤਾਂ ਵਿੱਚ ਵੀ ਵਾਧਾ ਹੋ ਗਿਆ ਹੈ।ਇਨ੍ਹਾਂ ਦਿਨਾਂ ਵਿੱਚ ਸਭ ਤੋਂ ਵੱਧ ਤੇਜ਼ੀ ਨਿੰਬੂ ਦੀਆਂ ਕੀਮਤਾਂ ਵਿੱਚ ਦੇਖਣ ਨੂੰ ਮਿਲ ਰਹੀ ਹੈ, ਜੋ ਬਾਜ਼ਾਰ ਵਿੱਚ ਕਰੀਬ 240 ਰੁਪਏ ਪ੍ਰਤੀ ਕਿੱਲੋ ਤੱਕ ਵਿਕ ਰਿਹਾ ਹੈ। ਇਸ ਤੋਂ ਇਲਾਵਾ ਟਮਾਟਰ ਦੇ ਭਾਅ ਵੀ ਵਧ ਕੇ 45 ਤੋਂ 50 ਰੁਪਏ ਪ੍ਰਤੀ ਕਿੱਲੋ ਤੱਕ ਪਹੁੰਚ ਗਏ ਹਨ। ਸਬਜ਼ੀਆਂ ਦੀਆਂ ਵਧਦੀਆਂ ਕੀਮਤਾਂ ਕਾਰਨ ਆਮ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਗਰਮੀ ਦੇ ਮੌਸਮ ਵਿੱਚ ਹਰ ਸਾਲ ਸਬਜ਼ੀਆਂ ਦੇ ਭਾਅ ਵਧ ਜਾਂਦੇ ਹਨ, ਜਿਸ ਨਾਲ ਘਰੇਲੂ ਬਜਟ ਵਿਗੜ ਜਾਂਦਾ ਹੈ ਅਤੇ ਰਸੋਈ ਦਾ ਖ਼ਰਚਾ ਕਾਫ਼ੀ ਵੱਧ ਜਾਂਦਾ ਹੈ।

## ਜੇਕਰ ਈਰਾਨ ਗੱਲਬਾਤ ਕਰਨਾ ਚਾਹੁੰਦੈ ਤਾਂ

ਸੁਰੱਖਿਅਤ ਫੋਨ ਲਾਈਨਾਂ ਹਨ।'

ਉੱਧਰ ਈਰਾਨ ਦੇ ਵਿਦੇਸ਼ ਮੰਤਰੀ ਸਈਅਦ ਅੱਬਾਸ ਅਰਾਗਚੀ ਐਤਵਾਰ ਸ਼ਾਮ ਨੂੰ ਓਮਾਨ ਵਿੱਚ ਆਪਣੇ ਕੂਟਨੀਤਕ ਰੁਝੇਵਿਆਂ ਤੋਂ ਬਾਅਦ ਵਾਪਸ ਇਸਲਾਮਾਬਾਦ ਪਹੁੰਚ ਗਏ ਹਨ। ਅਰਾਗਚੀ ਓਮਾਨ ਦੀ ਇੱਕ ਦਿਨ ਦੀ ਯਾਤਰਾ ਤੋਂ ਬਾਅਦ ਇੱਥੇ ਉਤਰੇ। ਦੋ ਦਿਨਾਂ ਵਿੱਚ ਪਾਕਿਸਤਾਨ ਦੀ ਰਾਜਧਾਨੀ ਦਾ ਇਹ ਉਨ੍ਹਾਂ ਦਾ ਦੂਜਾ ਦੌਰਾ ਹੈ ਅਤੇ ਉਮੀਦ ਹੈ ਕਿ ਪਾਕਿਸਤਾਨ ਵਿੱਚ ਥੋੜ੍ਹਾ ਸਮਾਂ ਰੁਕਣ ਤੋਂ ਬਾਅਦ ਉਹ ਮਾਸਕੋ (ਰੂਸ) ਲਈ ਰਵਾਨਾ ਹੋ ਜਾਣਗੇ। ਰਿਪੋਰਟਾਂ ਅਨੁਸਾਰ ਉਹ ਇਸਲਾਮਾਬਾਦ ਦੇ ਬਾਹਰਵਾਰ ਸਥਿਤ ਨੂਰ ਖਾਨ ਏਅਰਬੇਸ 'ਤੇ ਪਹੁੰਚੇ, ਜੋ ਕਿ ਰੂਸ ਜਾਣ ਤੋਂ ਪਹਿਲਾਂ ਇੱਕ ਛੋਟਾ ਜਿਹਾ ਟ੍ਰਾਂਜ਼ਿਟ ਸਟਾਪ ਦੱਸਿਆ ਜਾ ਰਿਹਾ ਹੈ।

ਸੂਤਰਾਂ ਅਨੁਸਾਰ ਅਰਾਗਚੀ ਦੀ ਪਾਕਿਸਤਾਨ ਵਾਪਸੀ ਅਮਰੀਕਾ ਅਤੇ ਈਰਾਨ ਵਿਚਾਲੇ ਸ਼ਾਂਤੀ ਵਾਰਤਾ ਨੂੰ ਜਾਰੀ ਰੱਖਣ ਦੀਆਂ ਕੂਟਨੀਤਕ ਕੋਸ਼ਿਸ਼ਾਂ ਦਾ ਹਿੱਸਾ ਹੈ। ਇਹ ਕੋਸ਼ਿਸ਼ਾਂ ਉਦੋਂ ਕੀਤੀਆਂ ਜਾ ਰਹੀਆਂ ਹਨ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਨੁਮਾਇੰਦਿਆਂ ਦੀ ਇਸਲਾਮਾਬਾਦ ਦੀ ਯੋਜਨਾਬੱਧ ਯਾਤਰਾ ਨੂੰ ਰੱਦ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਸ਼ਨਿਚਰਵਾਰ ਦੇਰ ਰਾਤ ਅਰਾਗਚੀ ਪਾਕਿਸਤਾਨ ਦੀ ਲੀਡਰਸ਼ਿਪ ਨਾਲ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਨੂੰ ਸਥਾਈ ਤੌਰ 'ਤੇ ਖਤਮ ਕਰਨ ਦੇ ਉਦੇਸ਼ ਨਾਲ ਇੱਕ ਰੂਪਰੇਖਾ ਸਾਂਝੀ ਕਰਕੇ ਰਵਾਨਾ ਹੋਏ ਸਨ।

ਇਰਾਨ ਅਤੇ ਅਮਰੀਕਾ-ਇਜ਼ਰਾਈਲ ਦਰਮਿਆਨ ਚੱਲ ਰਹੀ ਜੰਗ ਨੂੰ ਰੋਕਣ ਲਈ ਚੱਲ ਰਹੀਆਂ ਕੂਟਨੀਤਕ ਕੋਸ਼ਿਸ਼ਾਂ ਨੂੰ ਵੱਡਾ ਝਟਕਾ ਲੱਗਾ ਹੈ। ਦੋ ਮਹੀਨਿਆਂ ਤੋਂ ਜਾਰੀ ਇਸ ਖ਼ੂਨੀ ਟਕਰਾਅ ਨੂੰ ਖਤਮ ਕਰਨ ਦੀਆਂ ਉਮੀਦਾਂ ਉਸ ਸਮੇਂ ਧੁੰਦਲੀਆਂ ਪੈ ਗਈਆਂ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਵਿਸ਼ੇਸ਼ ਦੂਤਾਂ, ਸਟੀਵ ਵਿਟਕੋਫ ਅਤੇ ਜੇਰੇਡ ਕੁਸ਼ਨਰ ਦਾ ਇਸਲਾਮਾਬਾਦ ਦੌਰਾ ਅਚਾਨਕ ਰੱਦ ਕਰ ਦਿੱਤਾ। ਦੂਜੇ ਪਾਸੇ, ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਵੀ ਵਿਚੋਲਗੀ ਕਰ ਰਹੇ ਪਾਕਿਸਤਾਨ ਤੋਂ ਖਾਲੀ ਹੱਥ ਪਰਤ ਆਏ ਹਨ, ਜਿਸ ਨਾਲ ਸ਼ਾਂਤੀ ਦੀਆਂ ਸੰਭਾਵਨਾਵਾਂ ਲਗਭਗ ਖਤਮ ਹੁੰਦੀਆਂ ਨਜ਼ਰ ਆ ਰਹੀਆਂ ਹਨ।

ਸ਼ਰਤਾਂ 'ਤੇ ਅੜੇ ਦੋਵੇਂ ਦੇਸ਼ ਈਰਾਨੀ ਡਿਪਲੋਮੈਟਿਕ ਸੂਤਰਾਂ ਅਨੁਸਾਰ, ਤਹਿਰਾਨ ਨੇ ਸਾਫ਼ ਕਰ ਦਿੱਤਾ ਹੈ ਕਿ ਉਹ ਅਮਰੀਕਾ ਦੀਆਂ 'ਵੱਡੀਆਂ ਅਤੇ ਇਕਪਾਸੜ ਮੰਗਾਂ' ਅੱਗੇ ਨਹੀਂ ਝੁਕੇਗਾ। ਭਾਵੇਂ ਅਰਾਕਚੀ ਨੇ ਆਪਣੇ ਪਾਕਿਸਤਾਨ ਦੌਰੇ ਨੂੰ 'ਫਲਦਾਇਕ' ਦੱਸਿਆ ਹੈ, ਪਰ ਅਮਰੀਕੀ ਵਾਰਤਾਕਾਰਾਂ ਦੇ ਪਿੱਛੇ ਹਟਣ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਵਾਸ਼ਿੰਗਟਨ ਅਤੇ ਤਹਿਰਾਨ ਦੋਵੇਂ ਹੀ ਆਪਣੀਆਂ ਸ਼ਰਤਾਂ ਨਰਮ ਕਰਨ ਲਈ ਤਿਆਰ ਨਹੀਂ ਹਨ। ਇਸ ਅੜੀਅਲ ਰਵੱਈਏ ਕਾਰਨ ਜੰਗਬੰਦੀ ਦੀਆਂ ਕੋਸ਼ਿਸ਼ਾਂ ਪੂਰੀ ਤਰ੍ਹਾਂ ਰੁਕ ਗਈਆਂ ਹਨ।

ਵਿਸ਼ਵ ਆਰਥਿਕਤਾ 'ਤੇ ਪਿਆ ਮਾਰੂ ਪ੍ਰਭਾਵ ਇਸ ਟਕਰਾਅ ਨੇ ਨਾ ਸਿਰਫ ਖੇਤਰੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਇਆ ਹੈ, ਸਗੋਂ ਦੁਨੀਆ ਦੀ ਸਭ ਤੋਂ ਵੱਡੀ ਆਰਥਿਕਤਾ (ਅਮਰੀਕਾ) ਅਤੇ ਪ੍ਰਮੁੱਖ ਤੇਲ ਉਤਪਾਦਕ ਦੇਸ਼ (ਈਰਾਨ) ਦੇ ਆਹਮੋ-ਸਾਹਮਣੇ ਹੋਣ ਕਾਰਨ ਗਲੋਬਲ ਮੰਡੀ ਵਿੱਚ ਹਾਹਾਕਾਰ ਮੱਚ ਗਈ ਹੈ। ਕੱਚੇ ਤੇਲ ਦੀਆਂ ਕੀਮਤਾਂ ਕਈ ਸਾਲਾਂ ਦੇ ਉੱਚੇ ਪੱਧਰ 'ਤੇ ਪਹੁੰਚ ਗਈਆਂ ਹਨ, ਜਿਸ ਕਾਰਨ ਦੁਨੀਆ ਭਰ ਵਿੱਚ ਮਹਿੰਗਾਈ ਵਧਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਇਹ ਡੈੱਡਲੌਕ ਜਲਦੀ ਨਾ ਟੁੱਟਿਆ, ਤਾਂ ਵਿਸ਼ਵ ਆਰਥਿਕ ਵਿਕਾਸ ਦੀ ਰਫ਼ਤਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੀ ਹੈ।

## 'ਆਪ' ਵੱਲੋਂ ਬਾਗ਼ੀ ਸਾਂਸਦਾਂ ਨੂੰ ਅਯੋਗ

ਉਨ੍ਹਾਂ ਕਿਹਾ, ਇੱਥੋਂ ਤੱਕ ਕਿ ਐਨਡੀਏ ਦੇ ਇੱਕ ਹਿੱਸੇ ਨਾਲ ਜੁੜੇ ਸੁਪਰੀਮ ਕੋਰਟ ਦੇ ਇੱਕ ਵਕੀਲ ਨੇ ਵੀ ਸ਼ਨੀਵਾਰ ਨੂੰ ਇੱਕ ਮੀਡੀਆ ਗੱਲਬਾਤ ਦੌਰਾਨ ਕਿਹਾ ਸੀ ਕਿ ਇਨ੍ਹਾਂ ਨੇਤਾਵਾਂ ਦੀ ਮੈਂਬਰਸ਼ਿਪ ਹਰ ਹਾਲ ਵਿੱਚ ਜਾਵੇਗੀ।

ਸੀਨੀਅਰ 'ਆਪ' ਆਗੂ ਨੇ ਪੁਸ਼ਟੀ ਕੀਤੀ ਕਿ ਸਾਰੇ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਨ ਅਤੇ ਕਪਿਲ ਸਿੱਬਲ ਦੀ ਰਾਇ ਲੈਣ ਤੋਂ ਬਾਅਦ, ਮੈਂ ਰਾਜ ਸਭਾ ਦੇ ਚੇਅਰਮੈਨ ਅਤੇ ਦੇਸ਼ ਦੇ ਉਪ ਰਾਸ਼ਟਰਪਤੀ ਨੂੰ ਇੱਕ ਪਟੀਸ਼ਨ ਭੇਜੀ ਹੈ। ਇਸ ਪਟੀਸ਼ਨ ਵਿੱਚ ਬੇਨਤੀ ਕੀਤੀ ਗਈ ਹੈ ਕਿ ਸੰਵਿਧਾਨ ਦੀ ਦਸਵੀਂ ਅਨੁਸੂਚੀ ਦੇ ਉਪਬੰਧਾਂ ਤਹਿਤ ਇਨ੍ਹਾਂ ਸਾਰੇ ਸੱਤ ਮੈਂਬਰਾਂ ਦੀ ਮੈਂਬਰਸ਼ਿਪ ਪੂਰੀ ਤਰ੍ਹਾਂ ਖ਼ਤਮ ਕੀਤੀ ਜਾਵੇ। ਮੈਂ ਉਪ ਰਾਸ਼ਟਰਪਤੀ (ਚੇਅਰਮੈਨ) ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਲਦੀ ਤੋਂ ਜਲਦੀ ਸੁਣਵਾਈ ਕੀਤੀ ਜਾਵੇ ਅਤੇ ਇਨਸਾਫ਼ ਭਰਿਆ ਫੈਸਲਾ ਦਿੱਤਾ ਜਾਵੇ।

ਇਸ ਕਦਮ ਦੀ ਫੌਰੀ ਲੋੜ ਬਾਰੇ ਦੱਸਦਿਆਂ ਸੰਜੇ ਸਿੰਘ ਨੇ ਕਿਹਾ ਕਿ ਇਹ ਕਾਰਵਾਈ ਇਸ ਲਈ ਜ਼ਰੂਰੀ ਹੈ ਕਿਉਂਕਿ ਜਦੋਂ ਕੋਈ ਨੇਤਾ ਕਿਸੇ ਪਾਰਟੀ ਵੱਲੋਂ ਚੁਣਿਆ ਜਾਂਦਾ ਹੈ, ਤਾਂ ਬਾਅਦ ਵਿੱਚ ਈਡੀ, ਸੀਬੀਆਈ ਅਤੇ ਹੋਰ ਜਾਂਚ ਏਜੰਸੀਆਂ ਦੀ ਦੁਰਵਰਤੋਂ ਕਰਕੇ ਉਸ ਨੂੰ ਤੋੜਿਆ ਜਾਂਦਾ ਹੈ, ਅਤੇ ਭਾਜਪਾ, ਜੋ ਇਸ ਖੇਡ ਵਿੱਚ ਮਾਹਿਰ ਹੈ, ਉਸ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰ ਲੈਂਦੀ ਹੈ। ਇਹ ਪੂਰੀ ਤਰ੍ਹਾਂ ਗਲਤ ਹੈ। ਇਹ ਲੋਕਤੰਤਰ ਨਾਲ ਬਹੁਤ ਵੱਡਾ ਧੋਖਾ ਹੈ। ਇਹ ਪੰਜਾਬ ਦੇ ਲੋਕਾਂ ਨਾਲ ਵੀ ਗੱਦਾਰੀ ਤੇ ਵਿਸ਼ਵਾਸਘਾਤ ਹੈ। ਇਸ ਦੇ ਨਾਲ ਹੀ ਇਹ ਦੇਸ਼ ਦੇ ਸੰਵਿਧਾਨ ਨਾਲ ਧੋਖਾ ਅਤੇ ਉਸ ਦਾ ਖੁੱਲ੍ਹੇਆਮ ਮਜ਼ਾਕ ਹੈ।

ਉਨ੍ਹਾਂ ਅੱਗੇ ਕਿਹਾ ਕਿ ਜੇਕਰ ਕੋਈ ਵਿਅਕਤੀ ਕਿਸੇ ਪਾਰਟੀ ਤੋਂ ਚੁਣਿਆ ਜਾਂਦਾ ਹੈ ਅਤੇ ਉਸ ਦੇ ਮੱਤਭੇਦ ਹਨ, ਤਾਂ ਉਸ ਨੂੰ ਉਸ ਪਾਰਟੀ ਤੋਂ ਅਸਤੀਫਾ ਦੇ ਕੇ ਉੱਥੇ ਜਾਣਾ ਚਾਹੀਦਾ ਹੈ ਜਿੱਥੇ ਉਸ ਦੀ ਵਿਚਾਰਧਾਰਾ ਮਿਲਦੀ ਹੋਵੇ। ਪਰ ਜਿਹੜੇ ਉਸੇ ਪਾਰਟੀ ਦੇ ਵਿਧਾਇਕਾਂ ਦੁਆਰਾ ਚੁਣੇ ਗਏ ਹਨ, ਉਹ ਅੱਜ ਉਸੇ ਪਾਰਟੀ ਦੇ ਖਿਲਾਫ ਬੋਲ ਰਹੇ ਹਨ। ਇਸ ਲਈ, ਮੈਨੂੰ ਪੂਰੀ ਉਮੀਦ ਅਤੇ ਭਰੋਸਾ ਹੈ ਕਿ ਚੇਅਰਮੈਨ ਇਸ ਪਟੀਸ਼ਨ 'ਤੇ ਜਲਦੀ ਫੈਸਲਾ ਲੈਣਗੇ ਅਤੇ ਉਨ੍ਹਾਂ ਦੀ ਮੈਂਬਰਸ਼ਿਪ ਰੱਦ ਕਰਨਗੇ।

ਕਾਨੂੰਨੀ ਅਧਾਰ 'ਤੇ ਚਾਨਣਾ ਪਾਉਂਦੇ ਹੋਏ ਸੰਜੇ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿੱਚ ਸੁਪਰੀਮ ਕੋਰਟ ਦੇ ਕਈ ਅਜਿਹੇ ਫੈਸਲੇ ਹਨ ਜੋ ਸਪੱਸ਼ਟ ਕਰਦੇ ਹਨ ਕਿ ਉਨ੍ਹਾਂ ਦੀ ਮੈਂਬਰਸ਼ਿਪ ਕਿਵੇਂ ਖਤਮ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਸੰਵਿਧਾਨ ਦੀ ਦਸਵੀਂ ਅਨੁਸੂਚੀ ਸਪੱਸ਼ਟ ਤੌਰ 'ਤੇ ਕਹਿੰਦੀ ਹੈ ਕਿ ਭਾਰਤ ਦਾ ਸੰਵਿਧਾਨ ਅਜਿਹੀ ਕਿਸੇ ਵੀ ਸਿਆਸੀ ਤੋੜ-ਫੋੜ ਦੀ ਇਜਾਜ਼ਤ ਨਹੀਂ ਦਿੰਦਾ।

ਲੰਬੀ ਕਾਨੂੰਨੀ ਕਾਰਵਾਈ ਬਾਰੇ ਚਿੰਤਾਵਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਅਜਿਹੀਆਂ ਕਈ ਮਿਸਾਲਾਂ ਹਨ ਜਿੱਥੇ ਅਦਾਲਤੀ ਫੈਸਲੇ ਆਏ ਹਨ। ਉੱਤਰਾਖੰਡ ਅਤੇ ਅਰੁਣਾਚਲ ਪ੍ਰਦੇਸ਼ ਦੇ ਮਾਮਲਿਆਂ ਨੂੰ ਯਾਦ ਕੀਤਾ ਜਾ ਸਕਦਾ ਹੈ, ਜਿੱਥੇ ਜਦੋਂ ਅਜਿਹੀਆਂ ਸਿਆਸੀ ਤੋੜ-ਫੋੜ ਹੋਈਆਂ ਸਨ, ਤਾਂ ਸੁਪਰੀਮ ਕੋਰਟ ਨੇ ਆਪਣਾ ਫੈਸਲਾ ਸੁਣਾਇਆ ਸੀ। ਦੇਰੀ ਹੋਣ 'ਤੇ ਨਿਰਾਸ਼ਾ ਹੁੰਦੀ ਹੈ, ਪਰ ਅਸੀਂ ਇਹ ਕਾਨੂੰਨੀ ਲੜਾਈ

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

**Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi**

PRGI (RNI) Regd. No. 22972/1972

# ਪਹਿਲੇ ਸਫ਼ੇ ਦੀ ਬਾਕੀ

ਲੜਾਂਗੇ। ਸੰਵਿਧਾਨ ਵਿੱਚ ਜੋ ਲਿਖਿਆ ਹੈ, ਉਸ ਦੀ ਪਾਲਣਾ ਹਰ ਕਿਸੇ ਨੂੰ ਕਰਨੀ ਪਵੇਗੀ ਅਤੇ ਇਹ ਸਭ 'ਤੇ ਲਾਗੂ ਹੁੰਦਾ ਹੈ।

ਪੰਜਾਬ ਦੇ ਲੋਕ ਗੱਦਾਰੀ ਕਰਨ ਵਾਲੇ ਸੰਸਦ ਮੈਂਬਰਾਂ ਵਿਰੁੱਧ ਜ਼ੋਰਦਾਰ ਰੋਸ ਪ੍ਰਦਰਸ਼ਨ ਕਰ ਰਹੇ ਹਨ: ਸੰਜੇ ਸਿੰਘ ਪੰਜਾਬ ਦੀ ਸਥਿਤੀ ਬਾਰੇ ਸੰਜੇ ਸਿੰਘ ਨੇ ਕਿਹਾ ਕਿ ਪੰਜਾਬ ਦੇ ਲੋਕ ਇਨ੍ਹਾਂ ਸੰਸਦ ਮੈਂਬਰਾਂ ਖ਼ਿਲਾਫ਼ ਜ਼ੋਰਦਾਰ ਰੋਸ ਪ੍ਰਦਰਸ਼ਨ ਕਰ ਰਹੇ ਹਨ, ਜਿਨ੍ਹਾਂ ਨੇ ਗੱਦਾਰੀ ਕੀਤੀ ਹੈ। ਪੰਜਾਬ ਦੇ ਵਿਧਾਇਕਾਂ ਦੇ ਰਾਘਵ ਚੱਢਾ ਦੇ ਸੰਪਰਕ ਵਿੱਚ ਹੋਣ ਅਤੇ ਭਾਜਪਾ ਵਿੱਚ ਜਾਣ ਦੀਆਂ ਅਜਿਹੀਆਂ ਝੂਠੀਆਂ ਖ਼ਬਰਾਂ ਭਾਜਪਾ, ਰਾਘਵ ਚੱਢਾ ਅਤੇ ਹੋਰਾਂ ਵੱਲੋਂ ਫੈਲਾਈਆਂ ਜਾਣਗੀਆਂ। ਪੂਰੇ ਪੰਜਾਬ ਵਿੱਚ ਇਨ੍ਹਾਂ ਲੋਕਾਂ ਦਾ ਵਿਰੋਧ ਹੋ ਰਿਹਾ ਹੈ ਅਤੇ ਜਨਤਾ ਸੜਕਾਂ 'ਤੇ ਨਿਕਲ ਕੇ ਇਨ੍ਹਾਂ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੀ ਹੈ। ਪਾਰਟੀ ਅਤੇ ਪੰਜਾਬ ਨਾਲ ਗੱਦਾਰੀ ਕਰਨ ਕਰਕੇ ਇਨ੍ਹਾਂ ਖ਼ਿਲਾਫ਼ ਲੋਕਾਂ ਵਿੱਚ ਭਾਰੀ ਰੋਸ ਹੈ। ਜਦੋਂ ਆਪਣੀ ਮੈਂਬਰਸ਼ਿਪ ਖ਼ਤਮ ਹੋਣ ਵਾਲੀ ਹੋਵੇ, ਤਾਂ ਕਿਹੜਾ ਵਿਧਾਇਕ ਆਪਣੀ ਮੈਂਬਰਸ਼ਿਪ ਗੁਆਉਣ ਲਈ ਉਨ੍ਹਾਂ ਦੇ ਨਾਲ ਜਾਵੇਗਾ ? ਰਾਜਨੀਤੀ ਵਿੱਚ ਹਰ ਕੋਈ ਇੰਨੀ ਗੱਲ ਸਮਝਦਾ ਹੈ। ਇਸ ਲਈ, ਇਹ ਸਿਰਫ ਝੂਠਾ ਪ੍ਰਚਾਰ ਅਤੇ ਭੰਬਲਭੂਸਾ ਪੈਦਾ ਕਰਨ ਦੀ ਕੋਸ਼ਿਸ਼ ਹੈ।

ਰਾਸ਼ਟਰਪਤੀ ਨੂੰ ਮਿਲਣ ਲਈ ਸਮਾਂ ਮੰਗਣ ਬਾਰੇ ਸੰਜੇ ਸਿੰਘ ਨੇ ਕਿਹਾ ਕਿ ਇਹ 'ਰਾਈਟ ਟੂ ਰੀਕਾਲ' ਦਾ ਮਾਮਲਾ ਹੈ, ਜਿਸ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਾਸ਼ਟਰਪਤੀ ਨੂੰ ਮਿਲ ਕੇ ਆਪਣੇ ਵਿਚਾਰ ਪੇਸ਼ ਕਰਨਗੇ, ਜਿਸ ਲਈ ਸਮਾਂ ਮੰਗਿਆ ਗਿਆ ਹੈ। ਜਿਨ੍ਹਾਂ ਵਿਧਾਇਕਾਂ ਨੇ ਇਨ੍ਹਾਂ ਸੰਸਦ ਮੈਂਬਰਾਂ ਨੂੰ ਚੁਣਿਆ ਸੀ, ਉਨ੍ਹਾਂ ਨਾਲ ਧੋਖਾ ਹੋਇਆ ਹੈ। ਹੁਣ ਉਹ ਵਿਧਾਇਕ ਉਨ੍ਹਾਂ ਨੂੰ ਵਾਪਸ ਬੁਲਾ ਰਹੇ ਹਨ ਅਤੇ ਕਹਿ ਰਹੇ ਹਨ ਕਿ ਜੇਕਰ ਉਹ ਕੰਮ ਕਰਨ ਦੇ ਯੋਗ ਨਹੀਂ ਹਨ ਤਾਂ ਉਨ੍ਹਾਂ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਇਸ ਮੁੱਦੇ 'ਤੇ ਰਾਸ਼ਟਰਪਤੀ ਤੋਂ ਸਮਾਂ ਮੰਗਿਆ ਹੈ ਅਤੇ ਜਿਵੇਂ ਹੀ ਸਮਾਂ ਮਿਲੇਗਾ, ਉਹ ਮਿਲ ਕੇ ਇਹ ਮੰਗ ਪੇਸ਼ ਕਰਨਗੇ।

## 'ਆਪ' 'ਤੇ ਵਧਿਆ ਕੌਮੀ ਪਾਰਟੀ ਦਾ ਦਰਜਾ

ਕਿਉਂਕਿ ਇਸ ਨੇ ਦਿੱਲੀ, ਪੰਜਾਬ, ਗੋਆ ਅਤੇ ਗੁਜਰਾਤ ਵਿੱਚ ਲੋੜੀਂਦੀਆਂ ਵੋਟਾਂ ਅਤੇ ਸੀਟਾਂ ਹਾਸਲ ਕੀਤੀਆਂ

ਸਨ ਪਰ ਹੁਣ 2027 ਵਿੱਚ ਪੰਜਾਬ, ਗੋਆ ਅਤੇ ਗੁਜਰਾਤ ਵਿੱਚ ਹੋਣ ਵਾਲੀਆਂ ਚੋਣਾਂ ਦੌਰਾਨ ਭਾਜਪਾ ਵੱਲੋਂ ਵੱਡੀ ਚੁਣੌਤੀ ਮਿਲ ਰਹੀ ਹੈ, ਜਿਸ ਨੇ ਪਾਰਟੀ ਦੇ ਬਾਗੀ ਆਗੂਆਂ ਨੂੰ ਆਪਣੇ ਨਾਲ ਮਿਲਾ ਲਿਆ ਹੈ। ਪਾਰਟੀ ਲਈ ਸਭ ਤੋਂ ਵੱਡੀ ਚਿੰਤਾ ਪੰਜਾਬ ਨੂੰ ਲੈ ਕੇ ਹੈ, ਜਿੱਥੇ ਇਸ ਸਮੇਂ 'ਆਪ' ਦੀ ਸਰਕਾਰ ਹੈ ਅਤੇ 117 ਵਿੱਚੋਂ 94 ਵਿਧਾਇਕ ਹਨ। ਸੰਦੀਪ ਪਾਠਕ, ਰਾਘਵ ਚੱਢਾ ਅਤੇ ਸਵਾਤੀ ਮਾਲੀਵਾਲ ਵਰਗੇ ਅਰਵਿੰਦ ਕੇਜਰੀਵਾਲ ਦੇ ਕਰੀਬੀ ਆਗੂਆਂ ਦੇ ਪਾਰਟੀ ਛੱਡਣ ਨਾਲ ਵਰਕਰਾਂ ਦੇ ਮਨੋਬਲ 'ਤੇ ਡੂੰਘਾ ਅਸਰ ਪੈ ਸਕਦਾ ਹੈ। ਕਪਿਲ ਸਿੱਬਲ ਵਰਗੇ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਗਾਵਤ ਪੰਜਾਬ ਵਿੱਚ ਵੀ ਫੁੱਟ ਪਾ ਸਕਦੀ ਹੈ। ਦੂਜੇ ਪਾਸੇ, ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪਾਰਟੀ ਨੇ ਭਾਜਪਾ ਦੇ 'ਅਪਰੇਸ਼ਨ ਲੋਟਸ' ਖਿਲਾਫ ਹਮਲਾਵਰ ਰੁਖ ਅਖਤਿਆਰ ਕਰਨ ਅਤੇ ਬਾਗੀਆਂ ਨੂੰ ਗੱਦਾਰ ਵਜੋਂ ਪੇਸ਼ ਕਰਨ ਦਾ ਫੈਸਲਾ ਕੀਤਾ ਹੈ। 'ਆਪ' ਲਈ ਅਗਲੀਆਂ ਚੋਣਾਂ ਵਿੱਚ ਆਪਣੀ ਹੋਂਦ ਨੂੰ ਬਚਾਉਣਾ ਅਤੇ ਕੌਮੀ ਪਾਰਟੀ ਦਾ ਰੁਤਬਾ ਕਾਇਮ ਰੱਖਣਾ ਹੁਣ ਇੱਕ ਵੱਡੀ ਪ੍ਰੀਖਿਆ ਹੋਵੇਗੀ।

## ਟਰੰਪ ਦੀ ਡਿਨਰ ਪਾਰਟੀ ਦੌਰਾਨ ਚੱਲੀਆਂ

ਲਿਆ ਗਿਆ ਹੈ, ਹਾਲਾਂਕਿ ਪਹਿਲਾਂ ਦੀਆਂ ਰਿਪੋਰਟਾਂ ਵਿੱਚ ਕਿਹਾ ਗਿਆ ਸੀ ਕਿ ਹਮਲਾਵਰ ਢੇਰ ਕਰ ਦਿੱਤਾ ਗਿਆ ਹੈ। ਸੀਕ੍ਰੇਟ ਸਰਵਿਸ ਦੇ ਨਿਰਦੇਸ਼ਾਂ 'ਤੇ ਮਹਿਮਾਨਾਂ ਨੂੰ ਮੇਜ਼ਾਂ ਹੇਠਾਂ ਝੁਕਣ ਲਈ ਕਿਹਾ ਗਿਆ। ਰਿਪੋਰਟਾਂ ਦੇ ਅਨੁਸਾਰ, ਭਾਰੀ ਹਥਿਆਰਾਂ ਨਾਲ ਲੈਸ ਸੁਰੱਖਿਆ ਕਰਮਚਾਰੀ ਤੁਰੰਤ ਸਟੇਜ 'ਤੇ ਪਹੁੰਚੇ ਅਤੇ ਪੂਰੇ ਸਥਾਨ ਨੂੰ ਸੁਰੱਖਿਅਤ ਕਰ ਲਿਆ। ਫਾਇਰਿੰਗ ਤੋਂ ਬਾਅਦ ਕਈ ਲੋਕਾਂ ਨੂੰ ਮੌਕੇ ਤੋਂ ਜਾਂਦੇ ਦੇਖਿਆ ਗਿਆ ਪਰ ਸਟੇਜ ਤੋਂ ਐਲਾਨ ਕੀਤਾ ਗਿਆ ਕਿ ਸਮਾਗਮ ਜਲਦੀ ਹੀ ਦੁਬਾਰਾ ਸ਼ੁਰੂ ਹੋਵੇਗਾ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਰਾਸ਼ਟਰਪਤੀ ਟਰੰਪ ਇਸ ਵਿੱਚ ਸ਼ਾਮਲ ਹੋਣਗੇ ਜਾਂ ਨਹੀਂ। ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ ਕਿ ਵਾਸ਼ਿੰਗਟਨ ਵਿੱਚ ਇਹ ਬਹੁਤ ਹੀ ਰੁਝੇਵੇਂ ਭਰੀ ਸ਼ਾਮ ਸੀ। ਸੀਕ੍ਰੇਟ ਸਰਵਿਸ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਸ਼ਾਨਦਾਰ ਕੰਮ ਕੀਤਾ। ਉਨ੍ਹਾਂ ਨੇ ਤੇਜ਼ੀ ਨਾਲ ਕਾਰਵਾਈ ਕੀਤੀ। ਹਮਲਾਵਰ ਨੂੰ ਫੜ ਲਿਆ ਗਿਆ ਹੈ।

## ਟਰੰਪ 'ਤੇ ਹੋਏ ਹਮਲੇ ਦੀ ਮੋਦੀ ਵੱਲੋਂ ਸਖ਼ਤ

ਇੱਕ ਹੋਟਲ ਵਿੱਚ ਵ੍ਹਾਈਟ ਹਾਊਸ ਕੋਰਸਪੋਂਡੈਂਟਸ ਡਿਨਰ ਦੌਰਾਨ ਵਾਪਰੀ, ਜਿੱਥੇ ਹਥਿਆਰਾਂ ਅਤੇ ਚਾਕੂਆਂ ਨਾਲ ਲੈਸ ਇੱਕ ਵਿਅਕਤੀ ਨੇ ਲਾਬੀ ਵਿੱਚ ਵੜ ਕੇ ਬਾਲਰੂਮ ਵੱਲ ਵਧਣ ਦੀ ਕੋਸ਼ਿਸ਼ ਕੀਤੀ। ਸੀਕਰੇਟ ਸਰਵਿਸ ਦੇ ਏਜੰਟਾਂ ਨੇ ਮੁਸਤੈਦੀ ਦਿਖਾਉਂਦੇ ਹੋਏ ਉਸ ਨੂੰ ਤੁਰੰਤ ਕਾਬੂ ਕਰ ਲਿਆ, ਜਿਸ ਕਾਰਨ ਰਾਸ਼ਟਰਪਤੀ ਟਰੰਪ ਅਤੇ ਹੋਰ ਮਹਿਮਾਨਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਸੁਰੱਖਿਆ ਕਾਰਨਾਂ ਕਰਕੇ ਉੱਥੇ ਮੌਜੂਦ ਰਾਸ਼ਟਰਪਤੀ ਟਰੰਪ, ਉਪ ਰਾਸ਼ਟਰਪਤੀ ਵਾਂਸ, ਰੱਖਿਆ ਮੰਤਰੀ ਪੀਟ ਹੇਗਸੇਥ ਅਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਸਮੇਤ ਸਾਰੇ ਸੀਨੀਅਰ ਅਧਿਕਾਰੀਆਂ ਨੂੰ ਤੁਰੰਤ ਸੁਰੱਖਿਅਤ ਬਾਹਰ ਕੱਢ ਲਿਆ ਗਿਆ।

## ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦਾ ਪੰਜ ਰੋਜ਼ਾ ਹਿਮਾਚਲ

ਕ੍ਰਿਸ਼ੀ ਵਿਸ਼ਵਵਿਦਿਆਲਿਆ ਦੀ ਕਨਵੋਕੇਸ਼ਨ (ਡਿਗਰੀ ਵੰਡ ਸਮਾਰੋਹ) ਵਿੱਚ ਸ਼ਿਰਕਤ ਕਰਨਗੇ। ਉਸੇ ਦਿਨ ਬਾਅਦ ਵਿੱਚ

ਉਹ ਰਾਸ਼ਟਰਪਤੀ ਨਿਵਾਸ ਮਸ਼ੋਬਰਾ ਵਿਖੇ 'ਐਟ ਹੋਮ' ਰਿਸੈਪਸ਼ਨ ਦੀ ਮੇਜ਼ਬਾਨੀ ਕਰਨਗੇ। 1 ਮਈ ਨੂੰ ਦਿੱਲੀ ਵਾਪਸ ਜਾਣ ਤੋਂ ਪਹਿਲਾਂ ਉਹ ਸ਼ਿਮਲਾ ਸਥਿਤ ਆਰਮੀ ਟ੍ਰੇਨਿੰਗ ਕਮਾਂਡ ਦਾ ਦੌਰਾ ਕਰਨਗੇ। ਪਤੀ ਦੇ ਦੌਰੇ ਨੂੰ ਮੁੱਖ ਰੱਖਦਿਆਂ ਹਿਮਾਚਲ ਪ੍ਰਦੇਸ਼ ਪੁਲਿਸ ਨੇ ਰਾਜਧਾਨੀ ਵਿੱਚ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਕੀਤੇ ਹਨ। ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਥਾਵਾਂ 'ਤੇ 1,000 ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਸ਼ਿਮਲਾ ਦੇ ਸੀਨੀਅਰ ਸੁਪਰਡੈਂਟ ਆਫ ਪੁਲਿਸ (ਐਸ.ਐਸ.ਪੀ.) ਗੌਰਵ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਸੁਰੱਖਿਆ ਪੱਖੋਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।

ਐਸ.ਐਸ.ਪੀ. ਨੇ ਭਰੋਸਾ ਦਿੱਤਾ ਹੈ ਕਿ ਸ਼ਹਿਰ ਵਿੱਚ ਆਮ ਟ੍ਰੈਫਿਕ ਦੀ ਆਵਾਜਾਈ 'ਤੇ ਕੋਈ ਪਾਬੰਦੀ ਨਹੀਂ ਲਗਾਈ ਜਾਵੇਗੀ ਤਾਂ ਜੋ ਸਥਾਨਕ ਲੋਕਾਂ, ਸੈਲਾਨੀਆਂ ਅਤੇ ਰੋਜ਼ਾਨਾ ਆਉਣ-ਜਾਣ ਵਾਲਿਆਂ ਨੂੰ ਕੋਈ ਮੁਸ਼ਕਲ ਨਾ ਆਵੇ। ਹਾਲਾਂਕਿ, ਵੀ.ਵੀ.ਆਈ.ਪੀ. ਮੂਵਮੈਂਟ ਦੌਰਾਨ ਕੁਝ ਖਾਸ ਰੂਟਾਂ 'ਤੇ ਅਸਥਾਈ ਰੋਕਾਂ ਅਤੇ ਡਾਇਵਰਸ਼ਨ ਹੋ ਸਕਦੇ ਹਨ। ਭਾਰੀ ਵਾਹਨਾਂ ਨੂੰ ਵੀ ਕੁਝ ਸਮੇਂ ਲਈ ਦੂਜੇ ਰਸਤਿਆਂ ਵੱਲ ਮੋੜਿਆ ਜਾ ਸਕਦਾ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਯਾਤਰਾ ਦੀ ਯੋਜਨਾ ਪਹਿਲਾਂ ਤੋਂ ਬਣਾਉਣ, ਪੁਲਿਸ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਅਤੇ ਸੜਕ ਕਿਨਾਰੇ ਗੈਰ-ਕਾਨੂੰਨੀ ਪਾਰਕਿੰਗ ਤੋਂ ਪਰਹੇਜ਼ ਕਰਨ। ਉਨ੍ਹਾਂ ਸਪੱਸ਼ਟ ਕੀਤਾ ਕਿ ਐਂਬੂਲੈਂਸਾਂ ਅਤੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਪਹਿਲ ਦਿੱਤੀ ਜਾਵੇਗੀ। ਹੋਟਲਾਂ ਅਤੇ ਗੈਸਟ ਹਾਊਸਾਂ ਨੂੰ ਆਪਣੇ ਮਹਿਮਾਨਾਂ ਦਾ ਰਿਕਾਰਡ ਰੱਖਣ ਅਤੇ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਸੂਚਨਾ ਤੁਰੰਤ ਪੁਲਿਸ ਨੂੰ ਦੇਣ ਲਈ ਕਿਹਾ ਗਿਆ ਹੈ। ਨਾਲ ਹੀ, ਕਿਰਾਏਦਾਰਾਂ ਅਤੇ ਘਰੇਲੂ ਨੌਕਰਾਂ ਦੀ ਵੈਰੀਫਿਕੇਸ਼ਨ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਗਈ ਹੈ। ਸ਼ਿਮਲਾ ਨਗਰ ਨਿਗਮ (ਐਸ.ਐਮ.ਸੀ.) ਨੇ ਵੀ ਰਾਸ਼ਟਰਪਤੀ ਦੇ ਸਵਾਗਤ ਲਈ ਸ਼ਹਿਰ ਨੂੰ ਸੁੰਦਰ ਤਰੀਕੇ ਨਾਲ ਸਜਾਇਆ ਹੈ।

## 'ਬੰਗਾਲ 'ਚ ਟੀ.ਐਮ.ਸੀ.

ਖੋਹੇ ਹਨ, ਪਰ ਇਸ ਦੇ ਬਾਵਜੂਦ ਕਾਂਗਰਸ ਨੇ ਹਮੇਸ਼ਾ ਅਹਿੰਸਾ ਅਤੇ ਸੰਵਿਧਾਨ ਦਾ ਰਸਤਾ ਚੁਣਿਆ ਹੈ। ਇਹੀ ਪਾਰਟੀ ਦੀ ਵਿਰਾਸਤ ਹੈ ਅਤੇ ਇਹੀ ਉਸ ਦਾ ਸੰਕਲਪ ਵੀ ਹੈ।ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, 'ਕਾਂਗਰਸ ਦੇ ਵਰਕਰ ਦੇਬਦੀਪ ਚੈਟਰਜੀ ਦਾ ਚੋਣਾਂ ਤੋਂ ਬਾਅਦ ਟੀ.ਐਮ.ਸੀ. ਨਾਲ ਜੁੜੇ ਗੁੰਡਿਆਂ ਵੱਲੋਂ ਕੀਤਾ ਗਿਆ ਕਤਲ ਬੇਹੱਦ ਨਿੰਦਣਯੋਗ ਹੈ। ਦੁਖੀ ਪਰਿਵਾਰ ਨਾਲ ਮੇਰੀ ਡੂੰਘੀ ਹਮਦਰਦੀ। ਪੱਛਮੀ ਬੰਗਾਲ ਵਿੱਚ ਅੱਜ ਲੋਕਤੰਤਰ ਨਹੀਂ, ਸਗੋਂ ਟੀ.ਐਮ.ਸੀ.ਦਾ ਗੁੰਡਾ ਰਾਜ ਚੱਲ ਰਿਹਾ ਹੈ। ਵੋਟਾਂ ਤੋਂ ਬਾਅਦ ਵਿਰੋਧੀ ਆਵਾਜ਼ਾਂ ਨੂੰ ਡਰਾਉਣਾ, ਮਾਰਨਾ, ਮਿਟਾਉਣਾ - ਇਹੀ ਟੀ.ਐਮ.ਸੀ. ਦਾ ਚਰਿੱਤਰ ਬਣ ਚੁੱਕਾ ਹੈ।'

## ਜਨਗਣਨਾ ਦੁਨੀਆਂ ਦੀ ਸਭ ਤੋਂ ਵੱਡੀ

ਅਸੀਂ ਇਕ ਵਿਕਸਤ ਭਾਰਤ ਦੇ ਸੰਕਲਪ ਨੂੰ ਮਜ਼ਬੂਤ ਕਰ ਰਹੇ ਹਾਂ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਦੇ ਵਿਕਾਸ ਲਈ ਪੌਣ ਊਰਜਾ ਜ਼ਰੂਰੀ ਹੈ। ਗੁਜਰਾਤ, ਤਾਮਿਲਨਾਡੂ, ਮਹਾਰਾਸ਼ਟਰ ਅਤੇ ਰਾਜਸਥਾਨ ਉਨ੍ਹਾਂ ਰਾਜਾਂ ਵਿਚੋਂ ਹਨ, ਜੋ ਇਸ ਖੇਤਰ ਵਿਚ ਆਪਣੀ ਪਛਾਣ ਬਣਾ ਰਹੇ ਹਨ। ਗੁਜਰਾਤ ਵਿਚ ਕੱਛ, ਪਾਟਨ ਅਤੇ ਬਨਾਸਕਾਂਠਾ ਵਰਗੇ ਖੇਤਰ, ਜੋ ਪਹਿਲਾਂ ਮਾਰੂਥਲ ਹੁੰਦੇ ਸਨ, ਹੁਣ ਵੱਡੇ ਨਵਿਆਉਣਯੋਗ ਊਰਜਾ ਪਾਰਕਾਂ ਦਾ ਘਰ ਹਨ। ਨੌਜਵਾਨ ਇਸ ਤੋਂ ਲਾਭ ਉਠਾ ਰਹੇ ਹਨ, ਨਵੇਂ ਮੌਕੇ ਪੈਦਾ ਕਰ ਰਹੇ ਹਨ, ਨਵੇਂ ਹੁਨਰ ਵਿਕਸਤ ਕਰ ਰਹੇ ਹਨ ਅਤੇ ਰੁਜ਼ਗਾਰ ਲਈ ਨਵੇਂ ਰਸਤੇ ਖੋਲ੍ਹ ਰਹੇ ਹਨ। ਦੋਸਤੋ ਭਾਰਤ ਦੇ ਵਿਕਾਸ ਲਈ ਸੂਰਜੀ ਅਤੇ ਪੌਣ ਊਰਜਾ ਜ਼ਰੂਰੀ ਹਨ। ਪੌਣ ਊਰਜਾ ਦੇ ਖੇਤਰ 'ਚ ਭਾਰਤ ਨੇ ਵੱਡੀ ਉਪਲਬਧੀ ਹਾਸਲ ਕੀਤੀ ਹੈ ਅਤੇ ਭਾਰਤ ਦੀ ਪੌਣ ਊਰਜਾ ਉਤਪਾਦਨ ਸਮਰੱਥਾ ਹੁਣ 56 ਗੀਗਾਵਾਟ ਤੋਂ ਵੱਧ ਹੈ। ਅੱਜ ਪੌਣ ਊਰਜਾ ਸਮਰੱਥਾ ਦੇ ਮਾਮਲੇ 'ਚ ਭਾਰਤ ਵਿਸ਼ਵ ਪੱਧਰ 'ਤੇ ਚੌਥੇ ਸਥਾਨ 'ਤੇ ਹੈ।"

"ਸਾਡੇ ਦੇਸ਼ 'ਚ ਗਣਤੰਤਰ ਦਿਵਸ 23 ਜਨਵਰੀ ਯਾਨੀ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਜਨਮ ਵਰ੍ਹੇਗੰਢ ਤੋਂ 30 ਜਨਵਰੀ ਯਾਨੀ ਗਾਂਧੀ ਜੀ ਦੀ ਮੌਤ ਵਰ੍ਹੇਗੰਢ ਤੱਕ ਮਨਾਇਆ ਜਾਂਦਾ ਹੈ। ਇਸ ਤਿਉਹਾਰ ਦਾ ਇੱਕ ਅਨਿੱਖੜਵਾਂ ਅੰਗ 'ਬੀਟਿੰਗ ਰਿਟਰੀਟ' ਸਮਾਰੋਹ ਹੈ। ਇਸ ਸਾਲ ਦਾ 'ਬੀਟਿੰਗ ਰਿਟਰੀਟ' ਸਮਾਰੋਹ ਸੱਚਮੁੱਚ ਯਾਦਗਾਰੀ ਸੀ।"

## ਮੈਨੂੰ ਵੀ ਆਇਆ ਸੀ ਫ਼ੋਨ ਪਰ

ਖ਼ਬਰ ਸੁਣੀ। ਸੀਚੇਵਾਲ ਨੇ ਰਾਘਵ ਚੱਢਾ ਅਤੇ ਸੰਦੀਪ ਪਾਠਕ 'ਤੇ ਵੀ ਨਿਸ਼ਾਨਾ ਸੇਧਿਆ ਅਤੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਵਿੱਚ ਸਾਰੀਆਂ ਸ਼ਕਤੀਆਂ ਦਾ ਆਨੰਦ ਮਾਣਿਆ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਕਦੇ ਵੀ ਸਦਨ ਵਿੱਚ ਕਿਸੇ ਬਿੱਲ 'ਤੇ ਬੋਲਣ ਨਹੀਂ ਦਿੱਤਾ ਗਿਆ, ਕਿਉਂਕਿ ਹਮੇਸ਼ਾ ਚੱਢਾ ਅਤੇ ਪਾਠਕ ਹੀ ਬੋਲਦੇ ਸਨ ਅਤੇ ਉਹ ਸਿਰਫ਼ ਜ਼ੀਰੋ ਆਵਰ ਦੌਰਾਨ ਹੀ ਮੁੱਦੇ ਚੁੱਕਦੇ ਸਨ।

## 2050 ਤੱਕ ਸ਼ਹਿਰਾਂ 'ਚ ਗਰਮੀ ਕਾਰਨ

ਸ਼ਹਿਰਾਂ ਵਿੱਚ 'ਅਰਬਨ ਹੀਟ ਆਈਲੈਂਡ ਇਫੈਕਟ' ਕਾਰਨ ਤਾਪਮਾਨ 10 ਸੈਲਸੀਅਸ ਤੱਕ ਜ਼ਿਆਦਾ ਹੋ ਜਾਂਦਾ ਹੈ। ਇਹ ਗਰਮੀ ਹੁਣ ਸਿਰਫ਼ ਗਰਮੀ ਨਹੀਂ, ਸਗੋਂ ਮੌਤ, ਬੇਰੁਜ਼ਗਾਰੀ ਅਤੇ ਭੁੱਖਮਰੀ ਦਾ ਕਾਰਨ ਬਣ ਰਹੀ ਹੈ। ਵਿਸ਼ਵ ਬੈਂਕ ਦੀ ਨਵੀਂ ਰਿਪੋਰਟ ਵਿੱਚ ਇੱਕ ਡਰਾਉਣਾ ਅੰਕੜਾ ਸਾਹਮਣੇ ਆਇਆ ਹੈ। 2050 ਤੱਕ ਸ਼ਹਿਰਾਂ ਵਿੱਚ ਰਹਿਣ ਵਾਲੇ ਗਰੀਬ ਲੋਕਾਂ ਦੀ ਗਿਣਤੀ, ਜੋ ਖ਼ਤਰਨਾਕ ਗਰਮੀ ਝੱਲ ਰਹੇ ਹੋਣਗੇ, ਉਹ 700 ਪ੍ਰਤੀਸ਼ਤ ਤੱਕ ਵੱਧ ਜਾਵੇਗੀ। ਇਸ ਦਾ ਮਤਲਬ ਹੈ ਕਿ ਅੱਜ ਜਿੰਨੇ ਗਰੀਬ ਗਰਮੀ ਤੋਂ ਪ੍ਰਭਾਵਿਤ ਹਨ, ਉਸ ਤੋਂ ਸੱਤ ਗੁਣਾ ਜ਼ਿਆਦਾ ਲੋਕ 2050 ਵਿੱਚ ਇਸ ਅੱਗ ਵਿੱਚ ਸੜਨਗੇ।

## ਬੰਗਾਲ ਚੋਣਾਂ: ਕੋਲਕਾਤਾ 'ਚ

ਲਈ ਭਾਜਪਾ ਸਰਕਾਰ ਜ਼ਰੂਰੀ ਹੈ) ਦੇ ਨਾਅਰਿਆਂ ਨਾਲ ਸ਼ੁਰੂ ਹੋਇਆ। ਇਹ ਮਾਰਚ ਬੀ.ਕੇ. ਪਾਲ ਐਵੇਨਿਊ ਤੋਂ ਸ਼ੁਰੂ ਹੋ ਕੇ ਸ਼ੋਭਾ ਬਾਜ਼ਾਰ ਰਾਹੀਂ ਹੁੰਦਾ ਹੋਇਆ ਖੰਨਾ ਕਰਾਸਿੰਗ 'ਤੇ ਜਾ ਕੇ ਸਮਾਪਤ ਹੋਇਆ। ਲਗਭਗ ਦੋ ਕਿਲੋਮੀਟਰ ਦੀ ਇਸ ਦੂਰੀ ਦੌਰਾਨ ਸੜਕਾਂ ਦੇ ਦੋਵੇਂ ਪਾਸੇ ਭਾਰੀ ਇਕੱਠ ਦੇਖਣ ਨੂੰ ਮਿਲਿਆ।

ਪ੍ਰਧਾਨ ਮੰਤਰੀ ਮੋਦੀ ਫੁੱਲਾਂ, ਆਪਣੀਆਂ ਤਸਵੀਰਾਂ ਅਤੇ 'ਕਮਲ' ਦੇ ਕੱਟਆਊਟਾਂ ਨਾਲ ਸਜੇ ਹੋਏ ਕੇਸਰੀ ਰੰਗ ਦੇ ਵਾਹਨ 'ਤੇ ਸਵਾਰ ਹੋ ਕੇ ਲੋਕਾਂ ਦਾ ਅਭਿਵਾਦਨ ਕਰ ਰਹੇ ਸਨ। ਬਹੁਤ ਸਾਰੇ ਲੋਕ ਆਪਣੇ ਘਰਾਂ ਦੀਆਂ ਬਾਲਕੋਨੀਆਂ ਅਤੇ ਖਿੜਕੀਆਂ ਤੋਂ ਮੋਦੀ ਦਾ ਸਵਾਗਤ ਕਰ ਰਹੇ ਸਨ ਅਤੇ ਮੋਬਾਈਲ ਫੋਨਾਂ ਰਾਹੀਂ ਤਸਵੀਰਾਂ ਖਿੱਚ ਰਹੇ ਸਨ। ਲੋਕਾਂ ਦੇ ਹੱਥਾਂ ਵਿੱਚ ਪ੍ਰਧਾਨ ਮੰਤਰੀ ਦੀ ਪ੍ਰਸ਼ੰਸਾ ਵਾਲੇ ਬੈਨਰ ਅਤੇ ਤਖ਼ਤੀਆਂ ਵੀ ਫੜੀਆਂ ਹੋਈਆਂ ਸਨ।

ਭੀੜ ਦੇ ਭਾਰੀ ਇਕੱਠ ਨੂੰ ਦੇਖਦੇ ਹੋਏ ਸੁਰੱਖਿਆ ਦੇ ਸਖ਼ਤ ਇੰਤਜ਼ਾਮ ਕੀਤੇ ਗਏ ਸਨ। ਐਸ.ਪੀ.ਜੀ., ਕੋਲਕਾਤਾ ਪੁਲਿਸ ਦੀ ਵਿਸ਼ੇਸ਼ ਸ਼ਾਖਾ ਅਤੇ ਕੇਂਦਰੀ ਅਰਧ ਸੈਨਿਕ ਬਲਾਂ ਦੇ ਜਵਾਨਾਂ ਨੂੰ ਬੇਕਾਬੂ ਭੀੜ ਨੂੰ ਸੁਰੱਖਿਅਤ ਦੂਰੀ 'ਤੇ ਰੱਖਣ ਲਈ ਕਾਫੀ ਜੱਦੋ-ਜਹਿਦ ਕਰਨੀ ਪਈ, ਜਦੋਂ ਕਿ ਚਾਰੇ ਪਾਸੇ 'ਮੋਦੀ-ਮੋਦੀ' ਦੇ ਨਾਅਰੇ ਲੱਗ ਰਹੇ ਸਨ।

## ਮੋਦੀ ਵੱਲੋਂ ਬੰਗਾਲ ਵਿੱਚ ਮਤੂਆ ਸੰਪਰਦਾ ਦੇ ਮੰਦਰ 'ਚ ਪ੍ਰਾਰਥਨਾ

ਠਾਕੁਰਬਾੜੀ ਵਿੱਚ ਸੰਪਰਦਾ ਦੇ ਸੰਸਥਾਪਕਾਂ, ਹਰੀਚੰਦ ਅਤੇ ਗੁਰੂਚੰਦ ਠਾਕੁਰ ਦੇ ਧਾਰਮਿਕ ਸਥਾਨ ਹਨ। ਉਨ੍ਹਾਂ ਦੇ ਸਮਰਥਨ ਨੇ 2021 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੇ ਮਜ਼ਬੂਤ ਪ੍ਰਦਰਸ਼ਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। 19ਵੀਂ ਸਦੀ ਵਿੱਚ ਹਰੀਚੰਦ ਠਾਕੁਰ ਦੁਆਰਾ ਸਥਾਪਿਤ, ਮਤੂਆ ਮਹਾਸੰਘ ਇੱਕ ਸਮਾਜਿਕ-ਧਾਰਮਿਕ ਅੰਦੋਲਨ ਹੈ ਜਿਸ ਨੇ ਇਤਿਹਾਸਕ ਤੌਰ 'ਤੇ ਸਿੱਖਿਆ ਅਤੇ ਸਮਾਜਿਕ ਸੁਧਾਰ ਰਾਹੀਂ ਨਮਸੂਦਰ ਭਾਈਚਾਰੇ ਦੇ ਉੱਥਾਨ ਲਈ ਕੰਮ ਕੀਤਾ ਹੈ। ਮੋਦੀ ਨੇ 2019 ਵਿੱਚ ਠਾਕੁਰਨਗਰ ਮੰਦਰ ਦਾ ਦੌਰਾ ਕੀਤਾ ਸੀ ਅਤੇ 2021 ਵਿੱਚ ਬੰਗਲਾਦੇਸ਼ ਦੇ ਓਰਕਾਂਡੀ ਦੀ ਯਾਤਰਾ ਵੀ ਕੀਤੀ ਸੀ।

## ਕੇਕ ਨੂੰ ਲੈ ਕੇ ਜਨਮ ਦਿਨ ਵਾਲੇ ਮੁੰਡੇ ਵੱਲੋਂ 3 ਨੌਜਵਾਨਾਂ

ਉਸ ਦੇ ਚਚੇਰੇ ਭਰਾ ਅਮਰਦੀਪ ਅਤੇ ਭਤੀਜੇ ਆਕਾਸ਼ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ। ਤਿੰਨਾਂ ਨੌਜਵਾਨਾਂ ਦੇ ਸਿਰ ਵਿੱਚ ਕਈ ਗੋਲੀਆਂ ਲੱਗੀਆਂ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਤਿੰਨਾਂ ਨੌਜਵਾਨਾਂ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਐਸ.ਐਸ.ਪੀ. ਅਤੇ ਡੀ.ਆਈ.ਜੀ. ਸਮੇਤ ਮੇਰਠ ਰੇਂਜ ਦੇ ਸੀਨੀਅਰ ਅਧਿਕਾਰੀ ਵੀ ਮੌਕੇ 'ਤੇ ਪਹੁੰਚੇ। ਪੁਲਿਸ ਨੇ ਕਈ ਸ਼ੱਕੀਆਂ ਨੂੰ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਤੋਂ ਪੁੱਛ-ਗਿੱਛ ਸ਼ੁਰੂ ਕਰ ਦਿੱਤੀ ਹੈ। ਮਾਰੇ ਗਏ ਤਿੰਨ ਨੌਜਵਾਨ ਮਨੀਸ਼, ਅਮਰਦੀਪ ਅਤੇ ਆਕਾਸ਼ ਕਥਿਤ ਤੌਰ 'ਤੇ ਭਾਜਪਾ ਨਾਲ ਜੁੜੇ ਹੋਏ ਹਨ ਹਾਲਾਂਕਿ, ਪੁਲਿਸ ਨੇ ਅਜੇ ਤੱਕ ਇਸ ਮਾਮਲੇ ਵਿੱਚ ਰਾਜਨੀਤਿਕ ਪਹਿਲੂ ਦੀ ਪੁਸ਼ਟੀ ਨਹੀਂ ਕੀਤੀ ਹੈ। ਸ਼ੁਰੂਆਤੀ ਜਾਂਚ ਵਿੱਚ ਇੱਕ ਪਾਰਟੀ ਵਿੱਚ ਕੇਕ ਨੂੰ ਲੈ ਕੇ ਹੋਏ ਝਗੜੇ ਨੂੰ ਮੁੱਖ ਕਾਰਨ ਦੱਸਿਆ ਗਿਆ ਹੈ।

## ਉੱਤਰ-ਪੱਛਮੀ ਅਤੇ ਮੱਧ ਭਾਰਤ 'ਚ

ਦਿੱਲੀ, ਉੱਤਰ ਪ੍ਰਦੇਸ਼, ਰਾਜਸਥਾਨ, ਪੱਛਮੀ ਮੱਧ ਪ੍ਰਦੇਸ਼, ਵਿਦਰਭ, ਬਿਹਾਰ ਅਤੇ ਗੁਜਰਾਤ ਦੇ ਕੁਝ ਇਲਾਕਿਆਂ ਵਿੱਚ ਲੂ ਚੱਲਣ ਦੀ ਪੂਰੀ ਸੰਭਾਵਨਾ ਹੈ। ਦਿੱਲੀ ਬਾਰੇ ਗੱਲ ਕਰਦਿਆਂ ਮੌਸਮ ਵਿਭਾਗ ਨੇ ਕਿਹਾ ਕਿ ਅਸਮਾਨ ਮੁੱਖ ਤੌਰ 'ਤੇ ਸਾਫ਼ ਰਹੇਗਾ, ਪਰ ਬਾਅਦ ਵਿੱਚ ਅੰਸ਼ਕ ਤੌਰ 'ਤੇ ਬੱਦਲਵਾਈ ਹੋ ਸਕਦੀ ਹੈ। ਦਿੱਲੀ ਦੇ ਕੁਝ ਹਿੱਸਿਆਂ ਵਿੱਚ ਲੂ ਚੱਲੇਗੀ। ਹਾਲਾਂਕਿ, 27 ਅਪਰੈਲ ਦੀ ਦੁਪਹਿਰ ਜਾਂ ਸ਼ਾਮ ਨੂੰ ਗਰਜ ਦੇ ਨਾਲ ਬਹੁਤ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਵੀ ਜਤਾਈ ਗਈ ਹੈ। ਵਿਭਾਗ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਜ਼ਿਆਦਾ ਦੇਰ ਤੱਕ ਧੁੱਪ ਵਿੱਚ ਰਹਿਣ ਤੋਂ ਬਚਣ। ਹਲਕੇ ਭਾਰ ਵਾਲੇ, ਹਲਕੇ ਰੰਗ ਦੇ ਅਤੇ ਢਿੱਲੇ ਸੂਤੀ ਕੱਪੜੇ ਪਹਿਨਣ ਅਤੇ ਬਾਹਰ ਨਿਕਲਣ ਸਮੇਂ ਸਿਰ ਨੂੰ ਕੱਪੜੇ, ਟੋਪੀ ਜਾਂ ਛਤਰੀ ਨਾਲ ਢੱਕ ਕੇ ਰੱਖਣ। ਵਧਦੇ ਤਾਪਮਾਨ ਅਤੇ ਲੂ ਦੇ ਗੰਭੀਰ ਹਾਲਾਤ ਨੂੰ ਦੇਖਦੇ ਹੋਏ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਐਤਵਾਰ ਨੂੰ ਅਧਿਕਾਰੀਆਂ ਨੂੰ 'ਹੀਟ ਵੇਵ ਐਕਸ਼ਨ ਪਲਾਨ 2026' ਨੂੰ ਜ਼ਮੀਨੀ ਪੱਧਰ 'ਤੇ ਸਖ਼ਤੀ ਨਾਲ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਗਰਮੀ ਦੀ ਗੰਭੀਰਤਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ ਦੋ-ਤਿੰਨ ਸਾਲਾਂ ਤੋਂ ਦਿੱਲੀ ਵਿੱਚ ਇਨ੍ਹਾਂ ਦਿਨਾਂ ਦੌਰਾਨ ਤਾਪਮਾਨ 40 ਡਿਗਰੀ ਸੈਲਸੀਅਸ ਤੋਂ ਉੱਪਰ ਦਰਜ ਕੀਤਾ ਜਾ ਰਿਹਾ ਹੈ, ਜੋ ਚਿੰਤਾਜਨਕ ਰੁਝਾਨ ਹੈ। ਮੁੱਖ ਮੰਤਰੀ ਦਫ਼ਤਰ ਅਨੁਸਾਰ ਸਕੂਲੀ ਬੱਚਿਆਂ ਨੂੰ ਗਰਮੀ ਤੋਂ ਬਚਾਉਣ ਲਈ ਸਰਕਾਰ ਲੋੜ ਪੈਣ 'ਤੇ ਸਕੂਲੋਂ ਛੁੱਟੀ ਹੋਣ ਸਮੇਂ ਉਨ੍ਹਾਂ ਨੂੰ ਓ.ਆਰ.ਐਸ. ਦਾ ਘੋਲ ਪਿਲਾ ਸਕਦੀ ਹੈ ਤਾਂ ਜੋ ਰਸਤੇ ਵਿੱਚ ਉਨ੍ਹਾਂ ਨੂੰ ਡੀਹਾਈਡ੍ਰੇਸ਼ਨ (ਪਾਣੀ ਦੀ ਕਮੀ) ਦਾ ਖ਼ਤਰਾ ਨਾ ਰਹੇ। ਉਸਾਰੀ ਅਧੀਨ ਥਾਵਾਂ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ ਲਈ ਵੀ ਦੁਪਹਿਰ ਦੀ ਤੇਜ਼ ਗਰਮੀ ਦੌਰਾਨ ਸਖ਼ਤ ਨਿਯਮ ਲਾਗੂ ਕੀਤੇ ਜਾਣਗੇ ਤੇ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ ਤਾਂ ਜੋ ਉਨ੍ਹਾਂ ਨੂੰ ਗਰਮੀ ਕਾਰਨ ਸਿਹਤ ਸਬੰਧੀ ਹੋਣ ਵਾਲੇ ਨੁਕਸਾਨ ਤੋਂ ਬਚਾਇਆ ਜਾ ਸਕੇ।

## ਮਨਾਲੀ 'ਚ ਪਾਰਾ ਮਨਫ਼ੀ ਤੋਂ ਹੇਠਾਂ ਪੁੱਜਾ , ਸੈਲਾਨੀਆਂ

ਇਸ ਸੁਖਦ ਅਹਿਸਾਸ ਦਾ ਆਨੰਦ ਮਾਣ ਰਹੇ ਹਨ।ਅਟਲ ਟਨਲ ਰੋਹਤਾਂਗ ਪਾਰ ਕਰਕੇ ਕੋਕਸਰ ਪਹੁੰਚੇ ਸੈਲਾਨੀ ਸੁਹਾਵਣੇ ਮੌਸਮ ਨੂੰ ਦੇਖ ਕੇ ਖੁਸ਼ ਹੋ ਗਏ। ਸਵੇਰ ਵੇਲੇ ਜਦੋਂ ਧੁੱਪ ਖਿੜੀ ਤਾਂ ਸੈਲਾਨੀਆਂ ਨੇ ਬਰਫ਼ ਦਾ ਆਨੰਦ ਲਿਆ। ਕੋਕਸਰ ਤੋਂ ਚਾਰ ਕਿਲੋਮੀਟਰ ਪੈਦਲ ਗ੍ਰਾਂਫੂ ਪਹੁੰਚੇ ਸੈਲਾਨੀਆਂ ਦਾ ਸਵਾਗਤ ਸ਼ਨੀਵਾਰ ਦੁਪਹਿਰ ਤੋਂ ਬਾਅਦ ਬਰਫ਼ ਦੇ ਫਾਹਿਆਂ ਨਾਲ ਹੋਇਆ।ਕੋਕਸਰ ਦੇ ਸੈਰ-ਸਪਾਟਾ ਕਾਰੋਬਾਰੀ ਟਸ਼ੀ ਅਤੇ ਤੇਂਜਿਨ ਨੇ ਦੱਸਿਆ ਕਿ ਜਿੱਥੇ ਮੈਦਾਨੀ ਇਲਾਕਿਆਂ ਵਿੱਚ ਤਾਪਮਾਨ 40 ਡਿਗਰੀ ਤੋਂ ਉੱਪਰ ਹੈ, ਉੱਥੇ ਹੀ ਮਨਾਲੀ ਦੇ ਉੱਚਾਈ ਵਾਲੇ ਇਲਾਕਿਆਂ ਵਿੱਚ ਪਾਰਾ ਮਨਫ਼ੀ (ਮਾਈਨਸ) ਵਿੱਚ ਜਾ ਰਿਹਾ ਹੈ।

ਅਪ੍ਰੈਲ ਦੇ ਅਖੀਰ ਵਿੱਚ ਵੀ ਸੈਲਾਨੀ ਰੋਹਤਾਂਗ ਦੇ ਨੇੜਲੇ ਸੈਰ-ਸਪਾਟਾ ਸਥਾਨਾਂ 'ਤੇ ਬਰਫ਼ ਦੇ ਫਾਹਿਆਂ ਦਾ ਸਾਹਮਣਾ ਕਰ ਰਹੇ ਹਨ। ਸ਼ਨੀਵਾਰ ਨੂੰ ਵੀ ਗ੍ਰਾਂਫੂ ਵਿੱਚ ਬਰਫ਼ਬਾਰੀ ਹੋਈ। ਸੈਲਾਨੀਆਂ ਨੇ ਬਰਫ਼ ਦੇ ਫਾਹਿਆਂ ਦਾ ਖੂਬ ਆਨੰਦ ਲਿਆ। ਬਰਫ਼ ਦੇ ਦੀਦਾਰ ਕਰਨ ਲਈ ਸੈਲਾਨੀਆਂ ਦਾ ਹੜ੍ਹ ਉਮੜ ਰਿਹਾ ਹੈ।

## ਪੰਜਾਬ ਪੁਲਿਸ ਨੇ ਸਾਂਸਦ ਹਰਭਜਨ

ਕੇਂਦਰ ਵੱਲੋਂ ਭੇਜੀ ਦੀ ਸੁਰੱਖਿਆ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਹੈ।ਇਸ ਦੌਰਾਨ, 'ਆਪ' ਛੱਡਣ ਵਾਲੇ ਦੂਜੇ ਰਾਜ ਸਭਾ ਮੈਂਬਰ ਵਿਕਰਮਜੀਤ ਸਾਹਨੀ ਨੇ ਦਾਅਵਾ ਕੀਤਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਅਸਤੀਫਾ ਦੇਣ ਲਈ ਕਿਹਾ ਸੀ। ਮੈਂ ਵੀ ਅਸਤੀਫਾ ਦੇਣ ਲਈ ਦ੍ਰਿੜ ਸੀ, ਪਰ ਫਿਰ ਮੇਰੇ ਸਲਾਹਕਾਰਾਂ ਨੇ ਮੈਨੂੰ ਰੋਕ ਦਿੱਤਾ, ਸਾਹਨੀ ਨੇ ਕਿਹਾ। ਪੰਜਾਬ ਇਸ ਸਮੇਂ ਆਈ.ਸੀ.ਯੂ. ਵਿੱਚ ਹੈ। ਇਸਨੂੰ ਬਚਾਉਣ ਲਈ, ਮਜ਼ਬੂਤ ਕੇਂਦਰੀ ਸਮਰਥਨ ਜਾਂ ਕੇਂਦਰ ਸਰਕਾਰ ਦੇ ਸਹਿਯੋਗ ਦੀ ਲੋੜ ਹੈ।

## ਲਾਲ ਸਾਗਰ 'ਤੇ ਕਬਜ਼ੇ ਦੀ ਤਿਆਰੀ !

ਜ਼ਮੀਨ 'ਤੇ ਤੇਲ ਅਤੇ ਗੈਸ ਦੀ ਖੋਜ ਦੇ ਵਿਸ਼ੇਸ਼ ਅਧਿਕਾਰ ਮਿਲੇ ਹਨ। ਅਨੁਮਾਨ ਹੈ ਕਿ ਸੋਮਾਲੀਆ ਦੇ ਸਮੁੰਦਰ ਹੇਠਾਂ ਲਗਭਗ 30 ਅਰਬ ਬੈਰਲ ਤੇਲ ਅਤੇ 6 ਅਰਬ ਕਿਊਬਿਕ ਮੀਟਰ ਕੁਦਰਤੀ ਗੈਸ ਦਾ ਭੰਡਾਰ ਮੌਜੂਦ ਹੈ। ਤੁਰਕੀ ਪਹਿਲਾਂ ਹੀ ਸੋਮਾਲੀਆ ਵਿੱਚ ਆਪਣਾ ਸਭ ਤੋਂ ਵੱਡਾ ਵਿਦੇਸ਼ੀ ਫੌਜੀ ਸਿਖਲਾਈ ਅੱਡਾ ਚਲਾ ਰਿਹਾ ਹੈ ਅਤੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਉੱਥੇ ਇੱਕ 'ਸਪੇਸਪੋਰਟ' (ਪੁਲਾੜ ਕੇਂਦਰ) ਬਣਾਉਣ ਦੀ ਯੋਜਨਾ ਵੀ ਬਣਾ ਰਹੇ ਹਨ।

ਦੂਜੇ ਪਾਸੇ ਬੇਂਜਾਮਿਨ ਨੇਤਨਯਾਹੂ ਦੀ ਅਗਵਾਈ ਵਿਚ ਇਜ਼ਰਾਈਲ ਨੇ ਸੋਮਾਲੀਆ ਤੋਂ ਵੱਖ ਹੋਏ ਖੇਤਰ 'ਸੋਮਾਲੀਲੈਂਡ' ਨੂੰ ਇੱਕ ਆਜ਼ਾਦ ਦੇਸ਼ ਵਜੋਂ ਮਾਨਤਾ ਦੇ ਕੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਇਜ਼ਰਾਈਲ ਅਜਿਹਾ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ ਹੈ। ਇਜ਼ਰਾਈਲ ਹੁਣ ਅਦਨ ਦੀ ਖਾੜੀ ਦੇ ਕੋਲ ਇੱਕ ਫੌਜੀ ਅੱਡਾ ਬਣਾਉਣ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ, ਤਾਂ ਜੋ ਉਹ ਯਮਨ ਦੇ ਹੂਤੀ ਵਿਦਰੋਹੀਆਂ 'ਤੇ ਨੇੜਿਓਂ ਨਜ਼ਰ ਰੱਖ ਸਕੇ ਅਤੇ ਲਾਲ ਸਾਗਰ ਰਾਹੀਂ ਆਪਣੇ ਵਪਾਰਕ ਰਸਤਿਆਂ ਨੂੰ ਸੁਰੱਖਿਅਤ ਕਰ ਸਕੇ।

ਤੁਰਕੀ ਦੇ ਰਾਸ਼ਟਰਪਤੀ ਏਰਦੋਗਨ ਨੇ ਇਜ਼ਰਾਈਲ ਦੇ ਇਸ ਕਦਮ ਦੀ ਸਖ਼ਤ ਨਿੰਦਾ ਕਰਦਿਆਂ ਇਸ ਨੂੰ 'ਗੈਰ-ਕਾਨੂੰਨੀ' ਕਰਾਰ ਦਿੱਤਾ ਹੈ। ਇਹ ਟਕਰਾਅ ਸਿਰਫ ਅਫਰੀਕਾ ਤੱਕ ਸੀਮਤ ਨਹੀਂ ਹੈ, ਸਗੋਂ ਗਾਜ਼ਾ, ਸੀਰੀਆ ਅਤੇ ਪੂਰਬੀ ਭੂਮੱਧ ਸਾਗਰ ਵਿੱਚ ਵੀ ਦੋਵਾਂ ਦੇਸ਼ਾਂ ਵਿਚਾਲੇ ਦੁਸ਼ਮਣੀ ਡੂੰਘੀ ਹੁੰਦੀ ਜਾ ਰਹੀ ਹੈ। ਮਾਹਿਰਾਂ ਅਨੁਸਾਰ, ਲਾਲ ਸਾਗਰ 'ਤੇ ਕੰਟਰੋਲ ਦੀ ਇਹ ਲੜਾਈ ਆਉਣ ਵਾਲੇ ਸਮੇਂ ਵਿੱਚ ਪੂਰੇ ਮੱਧ ਪੂਰਬ ਅਤੇ ਅਫਰੀਕਾ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰ ਸਕਦੀ ਹੈ।

## ਭਾਰਤੀ ਫੋਟੋਗ੍ਰਾਫ਼ੀ ਦੇ ਆਈਕਾਨ ਰਘੂ ਰਾਏ

ਤ੍ਰਾਸਦੀਆਂ ਤੱਕ ਸਭ ਕੁਝ ਬਿਆਨ ਹੁੰਦਾ ਸੀ।ਉਨ੍ਹਾਂ ਨੇ ਭਾਰਤੀ ਰਾਜਨੀਤੀ ਦੇ ਸਭ ਤੋਂ ਵੱਡੇ ਨੇਤਾਵਾਂ ਨੂੰ ਆਪਣੀ ਲੈਂਸ ਰਾਹੀਂ ਅਜਿਹੀ ਤਰ੍ਹਾਂ ਫੜਿਆ ਕਿ ਉਨ੍ਹਾਂ ਦੀਆਂ ਤਸਵੀਰਾਂ ਅੱਜ ਵੀ ਇਤਿਹਾਸ ਦਾ ਹਿੱਸਾ ਬਣੀਆਂ ਹੋਈਆਂ ਹਨ।ਸਵਰਗੀ ਇੰਦਰਾ ਗਾਂਧੀ, ਅਟੱਲ ਬਿਹਾਰੀ ਵਾਜਪਾਈ, ਰਾਜੀਵ ਗਾਂਧੀ ਤੋਂ ਲੈ ਕੇ ਬਹੁਤ ਸਾਰੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਨੇਤਾਵਾਂ ਦੀਆਂ ਤਸਵੀਰਾਂ ਰਘੂ ਰਾਏ ਨੇ ਖਿੱਚੀਆਂ ਹਨ। ਉਨ੍ਹਾਂ ਨੇ ਇਨ੍ਹਾਂ ਨੇਤਾਵਾਂ ਨੂੰ ਸਿਰਫ਼ ਰਾਜਨੀਤਿਕ ਵਿਅਕਤੀ ਵਜੋਂ ਨਹੀਂ, ਬਲਕਿ ਇੱਕ ਆਮ ਇਨਸਾਨ ਵਜੋਂ ਵੀ ਫੜਿਆ — ਉਨ੍ਹਾਂ ਦੀਆਂ ਆਂਖਾਂ ਵਿੱਚ ਛੁਪੀ ਥਕਾਵਟ, ਉਨ੍ਹਾਂ ਦੇ ਚਿਹਰੇ ਉੱਤੇ ਉੱਭਰਦੀਆਂ ਲਕੀਰਾਂ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਉਨ੍ਹਾਂ ਨੇ ਆਪਣੀ ਲੈਂਸ ਰਾਹੀਂ ਅਮਰ ਬਣਾ ਦਿੱਤਾ।

ਰਘੂ ਰਾਏ ਨੇ ਭਾਰਤੀ ਫੋਟੋਗ੍ਰਾਫੀ ਨੂੰ ਇੱਕ ਨਵੀਂ ਭਾਸ਼ਾ ਦਿੱਤੀ। ਉਨ੍ਹਾਂ ਨੇ ਆਪਣੀਆਂ ਤਸਵੀਰਾਂ ਰਾਹੀਂ ਭਾਰਤ ਦੀ ਗਰੀਬੀ, ਉਸਦੀ ਖੁਸ਼ੀ, ਉਸਦੀਆਂ ਤ੍ਰਾਸਦੀਆਂ ਅਤੇ ਉਸਦੀ ਆਸ ਨੂੰ ਇੱਕੋ ਫ੍ਰੇਮ ਵਿੱਚ ਬੰਦ ਕਰ ਦਿੱਤਾ। ਉਨ੍ਹਾਂ ਦੀ ਤਸਵੀਰ ਭੋਪਾਲ ਗੈਸ ਤ੍ਰਾਸਦੀ ਤੋਂ ਲੈ ਕੇ ਬੰਬਈ ਦੀਆਂ ਫੁਟਪਾਥਾਂ 'ਤੇ ਬੱਚੇ ਤੱਕ — ਹਰ ਤਸਵੀਰ ਇੱਕ ਇਤਿਹਾਸਕ ਦਸਤਾਵੇਜ਼ ਬਣ ਗਈ। ਉਨ੍ਹਾਂ ਨੇ ਕਦੇ ਵੀ ਫੋਟੋਗ੍ਰਾਫੀ ਨੂੰ ਸਿਰਫ਼ ਖੂਬਸੂਰਤੀ ਲਈ ਨਹੀਂ ਵਰਤਿਆ। ਉਨ੍ਹਾਂ ਲਈ ਫੋਟੋਗ੍ਰਾਫੀ ਇੱਕ ਸਾਧਨ ਸੀ — ਸਮਾਜ ਨੂੰ ਆਈਨੇ ਵਾਂਗ ਵਿਖਾਉਣ ਅਤੇ ਲੋਕਾਂ ਨੂੰ ਸੱਚਾਈ ਤੱਕ ਲੈ ਜਾਣ ਵਾਲਾ ਸਾਧਨ।

ਉਨ੍ਹਾਂ ਨੇ ਭਾਰਤੀ ਫੋਟੋਗ੍ਰਾਫੀ ਨੂੰ ਵਿਸ਼ਵ ਪੱਧਰ 'ਤੇ ਇੱਕ ਮਾਨਤਾ ਦਿੱਤੀ। ਉਨ੍ਹਾਂ ਦੀਆਂ ਤਸਵੀਰਾਂ ਨਿਊਯਾਰਕ ਟਾਈਮਜ਼, ਟਾਈਮ ਮੈਗਜ਼ੀਨ ਅਤੇ ਵਿਸ਼ਵ ਦੀਆਂ ਸਭ ਤੋਂ ਵੱਡੀਆਂ ਗੈਲਰੀਆਂ ਵਿੱਚ ਛਪੀਆਂ ਅਤੇ ਪ੍ਰਦਰਸ਼ਿਤ ਹੋਈਆਂ। ਉਨ੍ਹਾਂ ਨੇ ਭਾਰਤੀ ਫੋਟੋਗ੍ਰਾਫਰਾਂ ਨੂੰ ਇੱਕ ਨਵੀਂ ਪ੍ਰੇਰਣਾ ਦਿੱਤੀ ਕਿ ਫੋਟੋਗ੍ਰਾਫੀ ਸਿਰਫ਼ ਤਕਨੀਕ ਨਹੀਂ, ਬਲਕਿ ਇੱਕ ਭਾਵਨਾ ਅਤੇ ਇੱਕ ਜ਼ਿੰਮੇਵਾਰੀ ਵੀ ਹੈ।ਰਘੂ ਰਾਏ ਇੱਕ ਸੱਚੇ ਜਾਦੂਗਰ ਸਨ। ਉਨ੍ਹਾਂ ਦੀ ਲੈਂਸ ਰਾਹੀਂ ਭਾਰਤ ਨੇ ਆਪਣਾ ਆਪ ਵੇਖਿਆ। ਉਨ੍ਹਾਂ ਨੇ ਭਾਰਤੀਆਂ ਨੂੰ ਆਪਣੀਆਂ ਤਸਵੀਰਾਂ ਰਾਹੀਂ ਆਪਣੀਆਂ ਭਾਵਨਾਵਾਂ ਅਤੇ ਆਪਣੀਆਂ ਤ੍ਰਾਸਦੀਆਂ ਨੂੰ ਵੇਖਣ ਦਾ ਮੌਕਾ ਦਿੱਤਾ। ਉਨ੍ਹਾਂ ਨੇ ਰਾਜ ਨੇਤਾਵਾਂ ਨੂੰ ਆਮ ਇਨਸਾਨ ਵਜੋਂ ਵੀ ਫੜਿਆ ਅਤੇ ਆਮ ਲੋਕਾਂ ਨੂੰ ਇੱਕ ਵੱਡੀ ਤਾਕਤ ਵਜੋਂ ਵੀ ਵਿਖਾਇਆ।ਅੱਜ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਭਾਰਤੀ ਫੋਟੋਗ੍ਰਾਫੀ ਇੱਕ ਵੱਡੀ ਖਾਲੀ ਥਾਂ ਮਹਿਸੂਸ ਕਰ ਰਹੀ ਹੈ।

ਉਨ੍ਹਾਂ ਨੇ ਇੱਕ ਯੁੱਗ ਦੀ ਸ਼ੁਰੂਆਤ ਕੀਤੀ ਸੀ ਅਤੇ ਉਸ ਯੁਗ ਨੂੰ ਆਪਣੀਆਂ ਤਸਵੀਰਾਂ ਰਾਹੀਂ ਅਮਰ ਬਣਾ ਦਿੱਤਾ ਸੀ। ਉਨ੍ਹਾਂ ਦੀ ਯਾਦ ਹਮੇਸ਼ਾ ਉਨ੍ਹਾਂ ਲੋਕਾਂ ਵਿੱਚ ਜੀਊਂਦੀ ਰਹੇਗੀ, ਜੋ ਫੋਟੋਗ੍ਰਾਫੀ ਨੂੰ ਸਿਰਫ਼ ਇੱਕ ਕਲਾ ਨਹੀਂ, ਬਲਕਿ ਇੱਕ ਜੀਵਨ ਸ਼ੈਲੀ ਮੰਨਦੇ ਹਨ। ਰਘੂ ਰਾਏ ਤੁਹਾਡੀਆਂ ਤਸਵੀਰਾਂ ਅਜੇ ਵੀ ਬੋਲ ਰਹੀਆਂ ਹਨ। ਉਹ ਅਜੇ ਵੀ ਭਾਰਤ ਦੀ ਆਤਮਾ ਨੂੰ ਬਿਆਨ ਕਰ ਰਹੀਆਂ ਹਨ। ਤੁਹਾਡੀ ਯਾਦ ਨੂੰ ਸਲਾਮ। ਤੁਹਾਡੀਆਂ ਤਸਵੀਰਾਂ ਹਮੇਸ਼ਾ ਜੀਊਂਦੀਆਂ ਰਹਿਣਗੀਆਂ।

## ਸੰਪਾਦਕੀ

# ਆਰਥਿਕ ਚੁਣੌਤੀਆਂ ਅਤੇ ਸਰਕਾਰੀ ਤਰਜੀਹਾਂ

ਹਾਲ ਹੀ ਵਿੱਚ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਦਿੱਤਾ ਗਿਆ ਬਿਆਨ ਕਿ ਸਰਕਾਰ ਵਿੱਤੀ ਦਬਾਅ ਦੇ ਬਾਵਜੂਦ ਖਾਦਾਂ ਅਤੇ ਊਰਜਾ ਦੀ ਉਪਲਬਧਤਾ ਨੂੰ ਯਕੀਨੀ ਬਣਾਏਗੀ, ਭਾਰਤ ਦੀ ਮੌਜੂਦਾ ਆਰਥਿਕ ਨੀਤੀ ਦੀ ਇੱਕ ਅਹਿਮ ਝਲਕ ਪੇਸ਼ ਕਰਦਾ ਹੈ। ਇਹ ਬਿਆਨ ਉਸ ਸਮੇਂ ਆਇਆ ਹੈ ਜਦੋਂ ਵਿਸ਼ਵ ਪੱਧਰ ’ਤੇ ਭੂ-ਰਾਜਨੀਤਿਕ ਤਣਾਅ ਕਾਰਨ ਸਪਲਾਈ ਚੇਨ ਪ੍ਰਭਾਵਿਤ ਹੋ ਰਹੀ ਹੈ ਅਤੇ ਵਸਤੂਆਂ ਦੀਆਂ ਕੀਮਤਾਂ ਵਿੱਚ ਉਤਾਰ-ਚੜ੍ਹਾਅ ਜਾਰੀ ਹੈ। ਵਿੱਤ ਮੰਤਰੀ ਦਾ ਇਹ ਰੁਖ ਸਪੱਸ਼ਟ ਕਰਦਾ ਹੈ ਕਿ ਸਰਕਾਰ ਲਈ ਦੇਸ਼ ਦੀ ਖ਼ੁਰਾਕ ਸੁਰੱਖਿਆ ਅਤੇ ਊਰਜਾ ਸੁਰੱਖਿਆ, ਵਿੱਤੀ ਘਾਟੇ ਦੇ ਅੰਕੜਿਆਂ ਨੂੰ ਸੰਭਾਲਣ ਨਾਲੋਂ ਵੱਧ ਮਹੱਤਵਪੂਰਨ ਹਨ।

ਭਾਰਤ ਵਰਗੇ ਖੇਤੀ ਪ੍ਰਧਾਨ ਦੇਸ਼ ਵਿੱਚ ਖਾਦਾਂ ਦੀ ਉਪਲਬਧਤਾ ਸਿੱਧੇ ਤੌਰ ’ਤੇ ਦੇਸ਼ ਦੀ ਅੰਨ ਸੁਰੱਖਿਆ ਨਾਲ ਜੁੜੀ ਹੋਈ ਹੈ। ਵਿੱਤ ਮੰਤਰੀ ਨੇ ‘ਪੈਂਡਮਿਕ ਪਲੇਬੁੱਕ’ (ਮਹਾਂਮਾਰੀ ਦੌਰਾਨ ਅਪਣਾਈ ਗਈ ਨੀਤੀ) ਦਾ ਹਵਾਲਾ ਦਿੰਦਿਆਂ ਕਿਹਾ ਕਿ ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤਾਂ ਵਧੀਆਂ ਸਨ, ਤਦ ਵੀ ਸਰਕਾਰ ਨੇ ਵਧੀਆਂ ਹੋਈਆਂ ਕੀਮਤਾਂ ਦਾ ਬੋਝ ਕਿਸਾਨਾਂ ’ਤੇ ਨਹੀਂ ਪੈਣ ਦਿੱਤਾ। ਇਹ ਇੱਕ ਕਲਿਆਣਕਾਰੀ ਰਾਜ ਦੀ ਨਿਸ਼ਾਨੀ ਹੈ, ਪਰ ਇਸ ਦਾ ਦੂਜਾ ਪਹਿਲੂ ਇਹ ਹੈ ਕਿ ਇਸ ਨਾਲ ਸਰਕਾਰੀ ਖ਼ਜ਼ਾਨੇ ’ਤੇ ਭਾਰੀ ਵਿੱਤੀ ਬੋਝ ਪੈਂਦਾ ਹੈ। ਪਰ ਜੇਕਰ ਕਿਸਾਨਾਂ ਨੂੰ ਸਸਤੀ ਖਾਦ ਨਾ ਮਿਲੇ, ਤਾਂ ਫਸਲਾਂ ਦੀ ਪੈਦਾਵਾਰ ਘੱਟ ਸਕਦੀ ਹੈ, ਜਿਸ ਨਾਲ ਮਹਿੰਗਾਈ ਹੋਰ ਵਧੇਗੀ। ਇਸ ਲਈ, ਇਹ ਵਿੱਤੀ ਦਬਾਅ ਅਸਲ ਵਿੱਚ ਭਵਿੱਖ ਦੀ ਵੱਡੀ ਆਰਥਿਕ ਤਬਾਹੀ ਨੂੰ ਰੋਕਣ ਲਈ ਇੱਕ ਜ਼ਰੂਰੀ ਨਿਵੇਸ਼ ਹੈ।

ਊਰਜਾ ਦੇ ਮੋਰਚੇ ’ਤੇ, ਭਾਰਤ ਨੇ ਹਮੇਸ਼ਾ ਆਪਣੇ ਰਾਸ਼ਟਰੀ ਹਿੱਤਾਂ ਨੂੰ ਪਹਿਲ ਦਿੱਤੀ ਹੈ। ਵਿੱਤ ਮੰਤਰੀ ਦਾ ਇਹ ਕਹਿਣਾ ਕਿ ਭਾਰਤ ਉੱਥੋਂ ਤੇਲ ਖਰੀਦੇਗਾ ਜਿੱਥੋਂ ਉਸਨੂੰ ਸਸਤਾ ਮਿਲੇਗਾ, ਇੱਕ ਸੁਤੰਤਰ ਅਤੇ ਵਿਵਹਾਰਕ ਵਿਦੇਸ਼ ਨੀਤੀ ਦਾ ਪ੍ਰਤੀਕ ਹੈ। ਊਰਜਾ ਦੀਆਂ ਵਧਦੀਆਂ ਕੀਮਤਾਂ ਉਦਯੋਗਿਕ ਉਤਪਾਦਨ ਅਤੇ ਆਵਾਜਾਈ ਦੇ ਖਰਚਿਆਂ ਨੂੰ ਸਿੱਧਾ ਪ੍ਰਭਾਵਿਤ ਕਰਦੀਆਂ ਹਨ। ਜੇਕਰ ਸਰਕਾਰ ਊਰਜਾ ਦੀਆਂ ਕੀਮਤਾਂ ਨੂੰ ਸਥਿਰ ਰੱਖਣ ਵਿੱਚ ਸਫਲ ਹੁੰਦੀ ਹੈ, ਤਾਂ ਇਸ ਨਾਲ ਅਰਥਵਿਵਸਥਾ ਵਿੱਚ ਸਥਿਰਤਾ ਆਉਂਦੀ ਹੈ। ਸੀਤਾਰਮਨ ਨੇ ਸਹੀ ਨਿਸ਼ਾਨਾ ਸਾਧਿਆ ਹੈ ਕਿ ਸਿਰਫ਼ ਸਰਕਾਰੀ ਸਹਾਇਤਾ ਨਾਲ ਕੰਮ ਨਹੀਂ ਚੱਲੇਗਾ; ਦੇਸ਼ ਦੇ ਨਿੱਜੀ ਖੇਤਰ ਅਤੇ ਉਦਯੋਗਾਂ ਨੂੰ ਵੀ ਅੱਗੇ ਆਉਣਾ ਪਵੇਗਾ। ਆਯਾਤ ਦੇ ਬਦਲ (Import Substitution) ਨੂੰ ਸਿਰਫ਼ ਇੱਕ ਨੀਤੀ ਵਜੋਂ ਨਹੀਂ, ਸਗੋਂ ਇੱਕ ਵਪਾਰਕ ਮੌਕੇ ਵਜੋਂ ਦੇਖਣ ਦੀ ਲੋੜ ਹੈ। ਜਦੋਂ ਤੱਕ ਭਾਰਤ ਆਪਣੀਆਂ ਲੋੜਾਂ ਲਈ ਦੂਜੇ ਦੇਸ਼ਾਂ ’ਤੇ ਨਿਰਭਰ ਰਹੇਗਾ, ਉਦੋਂ ਤੱਕ ਵਿੱਤੀ ਦਬਾਅ ਬਣਿਆ ਰਹੇਗਾ। ਘਰੇਲੂ ਨਿਰਮਾਣ ਨੂੰ ਉਤਸ਼ਾਹਿਤ ਕਰਕੇ ਹੀ ਅਸੀਂ ਲੰਬੇ ਸਮੇਂ ਲਈ ਆਰਥਿਕ ਸਥਿਰਤਾ ਹਾਸਲ ਕਰ ਸਕਦੇ ਹਾਂ। ਸਰਕਾਰ ਦਾ ਖਾਦਾਂ ਅਤੇ ਊਰਜਾ ’ਤੇ ਧਿਆਨ ਕੇਂਦਰਿਤ ਕਰਨਾ ਇੱਕ ਸਹੀ ਕਦਮ ਹੈ, ਪਰ ਚੁਣੌਤੀ ਇਹ ਹੈ ਕਿ ਇਸ ਵਿੱਤੀ ਦਬਾਅ ਨੂੰ ਕਿਵੇਂ ਸੰਤੁਲਿਤ ਕੀਤਾ ਜਾਵੇ ਤਾਂ ਜੋ ਦੇਸ਼ ਦੀ ਲੰਬੇ ਸਮੇਂ ਦੀ ਵਿਕਾਸ ਦਰ ਪ੍ਰਭਾਵਿਤ ਨਾ ਹੋਵੇ। ਸਰਕਾਰ ਨੂੰ ਵਿਕਾਸ, ਮਹਿੰਗਾਈ ਅਤੇ ਸਥਿਰਤਾ ਦੇ ਵਿਚਕਾਰ ਇੱਕ ਬਰੀਕ ਲਕੀਰ ’ਤੇ ਚੱਲਣ ਦੀ ਲੋੜ ਹੈ।

-ਜਗਜੀਤ ਸਿੰਘ ਦਰਦੀ

## ਟਰੰਪ ’ਤੇ ਘਾਤਕ ਹਮਲਾ ਅਮਰੀਕੀ ਸੁਰੱਖਿਆ ਉਤੇ ਸਵਾਲ

# ਦੁਨੀਆਂ ਵਿੱਚ ਸੁਰੱਖਿਆ ਅਤੇ ਲੋਕਤੰਤਰ ਦਾ ਸੰਤੁਲਨ ਕਿਵੇਂ ਬਣਾਇਆ ਜਾਵੇ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਦੁਨੀਆਂ ਦੀ ਸਭ ਤੋਂ ਵੱਡੀ ਖ਼ਬਰ ਟਰੰਪ ’ਤੇ ਉਹ ਘਾਤਕ ਹਮਲਾ ਹੈ ਜੋ ਹੁਣ ਸੁਰਖ਼ੀਆਂ ਵਿੱਚ ਹੈ ਅਤੇ ਇਹ ਅਮਰੀਕੀ ਸੁਰੱਖਿਆ ਏਜੰਸੀਆਂ ਬਾਰੇ ਵੀ ਪੂਰੇ ਸੰਸਾਰ ਨੂੰ ਨਜ਼ਰ ਪਾਉਣ ਦੀ ਕੋਸ਼ਿਸ਼ ਕਰਦਾ ਹੈ। ਇਹ ਟਰੰਪ ਉੱਤੇ ਹਮਲਾ ਅਤੇ ਦੁਨੀਆਂ ਲਈ ਇੱਕ ਵੱਡਾ ਸਵਾਲ ਹੈ। ਅੱਜ ਇਸ ਨੇ ਅਮਰੀਕਾ ਅਤੇ ਦੁਨੀਆਂ ਲਈ ਇੱਕ ਨਵਾਂ ਸਵਾਲ ਖੜ੍ਹਾ ਕੀਤਾ ਹੈ । ਸੁਰੱਖਿਆ ਅਤੇ ਲੋਕਤੰਤਰ ਦਾ ਸੰਤੁਲਨ ਕਿਵੇਂ ਬਣਾਇਆ ਜਾਵੇ। ਦੁਨੀਆਂ ਦੀ ਸਭ ਤੋਂ ਵੱਡੀ ਖ਼ਬਰ ਇੱਕ ਵਾਰ ਫਿਰ ਟਰੰਪ ਨਾਲ ਜੁੜੀ ਹੋਈ ਹੈ । ਉਸਦਾ ਸਿਕਿਓਰਿਟੀ ਘੇਰਾ ਟੁੱਟਣਾ ਅਤੇ ਉਸ ਉੱਤੇ ਹੋਇਆ ਹਮਲਾ। ਇੱਕ ਅਜਿਹਾ ਦੇਸ਼ ਜਿੱਥੇ ਰਾਸ਼ਟਰਪਤੀ ਦੀ ਸੁਰੱਖਿਆ ਲਈ ਅਰਬਾਂ ਡਾਲਰ ਖਰਚ ਕੀਤੇ ਜਾਂਦੇ ਹਨ, ਜਿੱਥੇ Secret Service ਦਾ ਨਾਮ ਹੀ ਇੱਕ ਤਾਕਤਵਰ ਪ੍ਰਤੀਕ ਹੈ, ਉੱਥੇ ਇਸ ਤਰ੍ਹਾਂ ਦੀ ਘਟਨਾ ਵਾਪਰਨਾ ਨਾ ਸਿਰਫ਼ ਅਮਰੀਕਾ ਲਈ, ਬਲਕਿ ਪੂਰੀ ਦੁਨੀਆ ਲਈ ਇੱਕ ਵੱਡਾ ਸਵਾਲ ਖੜ੍ਹਾ ਕਰਦਾ ਹੈ।

ਕੀ ਅਮਰੀਕੀ ਸੁਰੱਖਿਆ ਨੂੰ ਹੁਣ ਤੋੜਿਆ ਜਾ ਸਕਦਾ ਹੈ? ਇਸ ਘਟਨਾ ਨੇ ਟਰੰਪ ਦੇ ਰਾਜਨੀਤਿਕ ਭਵਿੱਖ, ਉਸਦੇ ਮਨਸੂਬਿਆਂ ਅਤੇ ਅਮਰੀਕਾ ਦੀ ਵਿਸ਼ਵ ਪੱਧਰ ’ਤੇ ਤਾਕਤ ਬਾਰੇ ਨਵੀਆਂ ਚਰਚਾਵਾਂ ਛੇੜ ਦਿੱਤੀਆਂ ਹਨ। ਭਾਰਤ ਵਰਗੇ ਦੇਸ਼ ਵਿੱਚ ਵੀ ਜਦੋਂ ਅਮਰੀਕੀ ਰਾਸ਼ਟਰਪਤੀ ਆਉਂਦਾ ਹੈ ਤਾਂ ਉਸਦੇ ਆਲੇ-ਦੁਆਲੇ ਤਿੰਨ ਘੇਰੇ ਵਾਲੀ ਸੁਰੱਖਿਆ ਹੁੰਦੀ ਹੈ। ਫਿਰ ਉਸਦੇ ਆਪਣੇ ਦੇਸ਼ ਵਿੱਚ ਹੀ ਇਸ ਤਰ੍ਹਾਂ ਦੀ ਵਾਰਦਾਤ ਵਾਪਰ ਜਾਵੇ ਤਾਂ ਫਿਰ ਦੁਨੀਆਂ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਦੀ ਸੁਰੱਖਿਆ ਬਾਰੇ ਕੀ ਕਿਹਾ ਜਾ ਸਕਦਾ ਹੈ?

ਇਸ ਘਟਨਾ ਨੇ ਇੱਕ ਵਾਰ ਫਿਰ ਯਾਦ ਕਰਵਾਇਆ ਹੈ ਕਿ ਕੋਈ ਵੀ ਸੁਰੱਖਿਆ ਪ੍ਰਣਾਲੀ 100 ਫੀਸਦੀ ਠੀਕ ਨਹੀਂ ਹੁੰਦੀ। ਇਹ ਟੁੱਟਣਾ ਸਿਰਫ਼ ਇੱਕ ਵਿਅਕਤੀ ਉੱਤੇ ਹਮਲਾ ਨਹੀਂ, ਬਲਕਿ ਇੱਕ ਵੱਡੀ ਤਾਕਤ ਦੀ ਕਮਜ਼ੋਰੀ ਨੂੰ ਉਜਾਗਰ ਕਰਦਾ ਹੈ। ਟਰੰਪ ਦੀ ਰਾਜਨੀਤੀ, ਉਸਦੀ ਵਿਵਾਦਾਸਪੂਰਣ ਅਕਸ ਅਤੇ ਉਸਦੇ ਮਨਸੂਬਿਆਂ ਨੇ ਇਸ ਘਟਨਾ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਅੱਜ ਇਸ ਸਭ ਤੇ ਵਿਸਥਾਰ ਨਾਲ ਚਰਚਾ ਕਰਦਿਆਂ ਘਟਨਾ ਦਾ ਵਰਤਾਰਾ ਅਤੇ ਅਮਰੀਕੀ ਸੁਰੱਖਿਆ ਦੀ ਕਮਜ਼ੋਰੀ ਅਮਰੀਕਾ ਵਿੱਚ ਰਾਸ਼ਟਰਪਤੀ ਜਾਂ ਸਾਬਕਾ ਰਾਸ਼ਟਰਪਤੀ ਦੀ ਸੁਰੱਖਿਆ Secret Service ਦੀ ਜ਼ਿੰਮੇਵਾਰੀ ਹੈ। ਇਹ ਏਜੰਸੀ ਵਿਸ਼ਵ ਵਿੱਚ ਸਭ ਤੋਂ ਉੱਨਤ ਅਤੇ ਤਕਨੀਕੀ ਤੌਰ ’ਤੇ ਮਜ਼ਬੂਤ ਮੰਨੀ ਜਾਂਦੀ ਹੈ। ਫਿਰ ਵੀ ਇਸ ਘਟਨਾ ਵਿੱਚ ਇਸ ਘੇਰੇ ਨੂੰ ਤੋੜਿਆ ਗਿਆ। ਇਸ ਤੋਂ ਪਹਿਲਾਂ ਵੀ ਟਰੰਪ ਉੱਤੇ ਕਈ ਵਾਰ ਹਮਲੇ ਦੀਆਂ ਕੋਸ਼ਿਸ਼ਾਂ ਹੋ ਚੁੱਕੀਆਂ ਹਨ ।2024 ਵਿੱਚ ਬਟਲਰ ਰੈਲੀ ਵਿੱਚ ਗੋਲੀ ਲੱਗਣ ਵਾਲੀ ਘਟਨਾ ਤੋਂ ਲੈ ਕੇ ਹਾਲੀਆ ਘਟਨਾਵਾਂ ਤੱਕ। ਹਰ ਵਾਰ Secret Service ਉੱਤੇ ਸਵਾਲ ਉੱਠਦੇ ਹਨ। ਇਸ ਵਾਰ ਦੀ ਘਟਨਾ ਨੇ ਇੱਕ ਵਾਰ ਫਿਰ ਉਜਾਗਰ ਕੀਤਾ ਹੈ ਕਿ ਇੱਕ ਵਿਅਕਤੀ ਜਾਂ ਇੱਕ ਛੋਟੀ ਟੀਮ ਵੀ ਇਸ ਤਰ੍ਹਾਂ ਦੀ ਵੱਡੀ ਸੁਰੱਖਿਆ ਨੂੰ ਚੁਣੌਤੀ ਦੇ ਸਕਦੀ ਹੈ। ਇਸ ਤੋਂ ਇੱਕ ਵੱਡਾ ਸਵਾਲ ਉੱਠਦਾ ਹੈ ।ਕੀ ਅਮਰੀਕੀ ਸੁਰੱਖਿਆ ਨੂੰ ਹੁਣ ਤੋੜਿਆ ਜਾ ਸਕਦਾ ਹੈ? ਇਸ ਦਾ ਜਵਾਬ ਇੱਕ ਤਰਫ਼ ਤਾਂ ਹਾਂ ਹੈ ਅਤੇ ਦੂਜੀ ਤਰਫ਼ ਇੱਕ ਚੇਤਾਵਨੀ ਵੀ ਹੈ। ਅਮਰੀਕਾ ਵਿੱਚ ਬੰਦੂਕਾਂ ਦੀ ਆਜ਼ਾਦੀ, ਖੁੱਲ੍ਹੀ ਰੈਲੀਆਂ ਅਤੇ ਰਾਜਨੀਤਿਕ ਧੜਿਆਂ ਵਿਚਾਲੇ ਡੂੰਘੀ ਵੰਡ ਨੇ ਸੁਰੱਖਿਆ ਨੂੰ ਹੋਰ ਵੀ ਔਖਾ ਬਣਾ ਦਿੱਤਾ ਹੈ।

ਅੱਜ ਟਰੰਪ ਦੀ ਰੈਲੀਆਂ ਵਿੱਚ ਵੱਡੀ ਭੀੜ ਹੁੰਦੀ ਹੈ ਅਤੇ ਉਸਦੀ ਖੁੱਲ੍ਹੀ ਰਾਜਨੀਤੀ ਉਸ ਨੂੰ ਵਧੇਰੇ ਖਤਰੇ ਵਿੱਚ ਪਾਉਂਦੀ ਹੈ।ਇਸ ਘਟਨਾ ਨੇ Secret Service ਦੀਆਂ ਕਮੀਆਂ ਉਜਾਗਰ ਕੀਤੀਆਂ ਹਨ — ਸੰਚਾਰ ਵਿੱਚ ਖਾਮੀ, ਤਕਨੀਕੀ ਗਲਤੀਆਂ ਅਤੇ ਮਨੁੱਖੀ ਭੁੱਲ। ਇਸ ਤੋਂ ਪਹਿਲਾਂ ਵੀ ਇਸ ਏਜੰਸੀ ਉੱਤੇ ਆਲੋਚਨਾ ਹੋਈ ਹੈ ਅਤੇ ਇਸ ਘਟਨਾ ਤੋਂ ਬਾਅਦ ਇਸ ਨੂੰ ਹੋਰ ਵੀ ਸਖ਼ਤੀ ਨਾਲ ਜਾਂਚਿਆ ਜਾਵੇਗਾ ਪਰ ਇਸ ਤੋਂ ਇੱਕ ਵੱਡੀ ਗੱਲ ਇਹ ਵੀ ਸਾਹਮਣੇ ਆਈ ਹੈ ਕਿ ਕੋਈ ਵੀ ਸੁਰੱਖਿਆ ਪ੍ਰਣਾਲੀ 100 ਫੀਸਦੀ ਅਜਿਹੀ ਨਹੀਂ ਹੁੰਦੀ।

ਅੱਜ ਇੱਕ ਨਿਰੰਤਰ ਖਤਰਾ ਅਤੇ ਇੱਕ ਨਿਰੰਤਰ ਚੁਣੌਤੀ ਹੈ।ਟਰੰਪ ਦਾ ਰਾਜਨੀਤਿਕ ਪਹਿਲੂ ਅਤੇ ਮਨਸੂਬੇ ਟਰੰਪ ਦੀ ਰਾਜਨੀਤੀ ਹਮੇਸ਼ਾ ਵਿਵਾਦਾਸਪਦ ਰਹੀ ਹੈ। ਉਹ ਇੱਕ ਐਂਟੀ-ਐਸਟਾਬਲਿਸ਼ਮੈਂਟ ਲੀਡਰ ਵਜੋਂ ਉਭਰਿਆ ਹੈ। ਉਸਦੇ ਸਮਰਥਕ ਉਸ ਨੂੰ ਇੱਕ ਬੀਬੀਆਂ ਵਾਲਾ ਲੀਡਰ ਮੰਨਦੇ ਹਨ ਜੋ ਵਾਸ਼ਿੰਗਟਨ ਦੀ ਰਾਜਨੀਤੀ ਨੂੰ ਚੁਣੌਤੀ ਦਿੰਦਾ ਹੈ। ਉਸਦੇ ਵਿਰੋਧੀ ਉਸ ਨੂੰ ਖਤਰਨਾਕ ਅਤੇ ਡਿਵੀਜ਼ਿਵ ਮੰਨਦੇ ਹਨ। ਇਸ ਘਟਨਾ ਤੋਂ ਬਾਅਦ ਟਰੰਪ ਨੇ ਆਪਣੀ ਰਾਜਨੀਤੀ ਨੂੰ ਹੋਰ ਵੀ ਮਜ਼ਬੂਤ ਕੀਤਾ ਹੈ। ਉਸ ਨੇ ਇਸ ਨੂੰ ਆਪਣੀ ਲੜਾਈ ਵਜੋਂ ਪੇਸ਼ ਕੀਤਾ ਹੈ ਅਤੇ ਆਪਣੇ ਸਮਰਥਕਾਂ ਨੂੰ ਹੋਰ ਵੀ ਇਕੱਠਾ ਕੀਤਾ ਹੈ।ਟਰੰਪ ਦੇ ਮਨਸੂਬੇ ਬਹੁਤ ਸਪੱਸ਼ਟ ਹਨ — ਉਹ ਅਮਰੀਕਾ ਨੂੰ ਅਮਰੀਕਾ ਫਸਟ ਦੀ ਨੀਤੀ ਨਾਲ ਮਜ਼ਬੂਤ ਬਣਾਉਣਾ ਚਾਹੁੰਦਾ ਹੈ।

ਅੱਜ ਉਸਦੀ ਰਾਜਨੀਤੀ ਵਿੱਚ ਇਮੀਗ੍ਰੇਸ਼ਨ, ਆਰਥਿਕਤਾ, ਚੀਨ ਅਤੇ ਰਾਸ਼ਟਰੀ ਸੁਰੱਖਿਆ ਵਰਗੇ ਮੁੱਦੇ ਮੁੱਖ ਹਨ। ਇਸ ਘਟਨਾ ਤੋਂ ਬਾਅਦ ਉਸਦੀ ਲੋਕਪ੍ਰਿਯਤਾ ਵਧ ਸਕਦੀ ਹੈ ਕਿਉਂਕਿ ਲੋਕ ਉਸ ਨੂੰ ਇੱਕ ਬਲੀਦਾਨ ਵਜੋਂ ਵੇਖ ਰਹੇ ਹਨ। ਇਸ ਨਾਲ ਉਸਦੀ ਰਾਜਨੀਤਿਕ ਤਾਕਤ ਵਧਣ ਦੀ ਸੰਭਾਵਨਾ ਹੈ।ਅਮਰੀਕੀ ਸੁਰੱਖਿਆ ਬਾਰੇ ਵਿਸ਼ਵਵਿਆਪੀ ਚਰਚਾ ਇਸ ਘਟਨਾ ਨੇ ਪੂਰੀ ਦੁਨੀਆ ਵਿੱਚ ਚਰਚਾ ਛੇੜ ਦਿੱਤੀ ਹੈ। ਭਾਰਤ ਵਰਗੇ ਦੇਸ਼ ਵਿੱਚ ਵੀ ਲੋਕ ਪੁੱਛ ਰਹੇ ਹਨ ਕਿ ਜਦੋਂ ਅਮਰੀਕੀ ਰਾਸ਼ਟਰਪਤੀ ਭਾਰਤ ਆਉਂਦਾ ਹੈ ਤਾਂ ਉਸਦੀ ਸੁਰੱਖਿਆ ਲਈ ਤਿੰਨ ਘੇਰੇ ਬਣਾਏ ਜਾਂਦੇ ਹਨ, ਫਿਰ ਉਸਦੇ ਆਪਣੇ ਦੇਸ਼ ਵਿੱਚ ਇਸ ਤਰ੍ਹਾਂ ਦੀ ਵਾਰਦਾਤ ਕਿਵੇਂ ਵਾਪਰ ਸਕਦੀ ਹੈ? ਇਸ ਤੋਂ ਇੱਕ ਵੱਡਾ ਸਵਾਲ ਉੱਠਦਾ ਹੈ ਕਿ ਕੀ ਅਮਰੀਕਾ ਵਰਗਾ ਸ਼ਕਤੀਸ਼ਾਲੀ ਦੇਸ਼ ਆਪਣੇ ਰਾਸ਼ਟਰਪਤੀ ਨੂੰ ਵੀ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਰੱਖ ਸਕਦਾ ਤਾਂ ਫਿਰ ਬਾਕੀ ਦੁਨੀਆਂ ਵਿੱਚ ਸੁਰੱਖਿਆ ਕਿਵੇਂ ਹੋਵੇਗੀ? ਅੱਜ ਇਸ ਘਟਨਾ ਨੇ ਅਮਰੀਕੀ ਸੁਰੱਖਿਆ ਪ੍ਰਣਾਲੀ ਦੀਆਂ ਕਮੀਆਂ ਉਜਾਗਰ ਕੀਤੀਆਂ ਹਨ। ਇਸ ਤੋਂ ਇੱਕ ਗੱਲ ਸਾਫ਼ ਹੈ ਕਿ ਤਕਨੀਕ ਅਤੇ ਤਾਕਤ ਤੋਂ ਉੱਪਰ ਇੱਕ ਇਕੱਲਾ ਵਿਅਕਤੀ ਵੀ ਵੱਡਾ ਖਤਰਾ ਬਣ ਸਕਦਾ ਹੈ। ਇਸ ਨਾਲ ਦੁਨੀਆਂ ਭਰ ਦੀਆਂ ਸੁਰੱਖਿਆ ਏਜੰਸੀਆਂ ਨੂੰ ਆਪਣੀਆਂ ਰਣਨੀਤੀਆਂ ਬਦਲਣੀਆਂ ਪੈਣਗੀਆਂ। ਭਾਰਤ ਵਰਗੇ ਦੇਸ਼ਾਂ ਲਈ ਵੀ ਇਹ ਇੱਕ ਚੇਤਾਵਨੀ ਹੈ ਕਿ ਰਾਜਨੀਤਿਕ ਲੀਡਰਾਂ ਦੀ ਸੁਰੱਖਿਆ ਨੂੰ ਹੋਰ ਵੀ ਮਜ਼ਬੂਤ ਬਣਾਉਣਾ ਚਾਹੀਦਾ ਹੈ।ਟਰੰਪ ਦੇ ਰਾਜਨੀਤਿਕ ਮਨਸੂਬੇ ਅਤੇ ਭਵਿੱਖ ਇਸ ਘਟਨਾ ਤੋਂ ਬਾਅਦ ਟਰੰਪ ਦੀ ਰਾਜਨੀਤੀ ਹੋਰ ਵੀ ਤੇਜ਼ ਹੋ ਸਕਦੀ ਹੈ। ਉਹ ਆਪਣੇ ਸਮਰਥਕਾਂ ਨੂੰ ਇੱਕਠਾ ਕਰਨ ਲਈ ਇਸ ਘਟਨਾ ਨੂੰ ਵਰਤ ਸਕਦਾ ਹੈ।

ਅੱਜ ਉਸਦਾ ਏਜੰਡਾ ਅਮਰੀਕਾ ਫਸਟ, ਇਮੀਗ੍ਰੇਸ਼ਨ ਉੱਤੇ ਸਖ਼ਤੀ ਅਤੇ ਆਰਥਿਕ ਮਜ਼ਬੂਤੀ, ਹੋਰ ਵੀ ਮਜ਼ਬੂਤ ਹੋ ਸਕਦਾ ਹੈ। ਇਸ ਘਟਨਾ ਨੇ ਉਸ ਨੂੰ ਇੱਕ ਬਲੀਦਾਨ ਵਜੋਂ ਪੇਸ਼ ਕੀਤਾ ਹੈ ਜੋ ਉਸਦੀ ਲੋਕਪ੍ਰਿਯਤਾ ਵਧਾ ਸਕਦੀ ਹੈ।ਪਰ ਇਸ ਨਾਲ ਅਮਰੀਕੀ ਰਾਜਨੀਤੀ ਵਿੱਚ ਵੰਡ ਵੀ ਵਧ ਸਕਦੀ ਹੈ। ਡੈਮੋਕ੍ਰੇਟ ਅਤੇ ਰਿਪਬਲਿਕਨ ਵਿਚਾਲੇ ਤਣਾਅ ਵਧਣ ਦੀ ਸੰਭਾਵਨਾ ਹੈ। ਇਸ ਤੋਂ ਇੱਕ ਵੱਡਾ ਸਵਾਲ ਉੱਠਦਾ ਹੈ ਕਿ ਅਮਰੀਕਾ ਆਪਣੀ ਅੰਦਰੂਨੀ ਏਕਤਾ ਨੂੰ ਕਿਵੇਂ ਬਣਾਈ ਰੱਖ ਸਕਦਾ ਹੈ।

ਅੱਜ ਇੱਕ ਵੱਡੀ ਚੇਤਾਵਨੀ ਇਸ ਘਟਨਾ ਨੇ ਦੁਨੀਆਂ ਨੂੰ ਇੱਕ ਵੱਡੀ ਚੇਤਾਵਨੀ ਦਿੱਤੀ ਹੈ ਕਿ ਕੋਈ ਵੀ ਸੁਰੱਖਿਆ ਪ੍ਰਣਾਲੀ ਅਜੇਅ ਨਹੀਂ ਹੁੰਦੀ। ਅਮਰੀਕਾ ਵਰਗਾ ਸ਼ਕਤੀਸ਼ਾਲੀ ਦੇਸ਼ ਵੀ ਆਪਣੇ ਰਾਸ਼ਟਰਪਤੀ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਰੱਖ ਸਕਦਾ ਤਾਂ ਫਿਰ ਬਾਕੀ ਦੁਨੀਆਂ ਵਿੱਚ ਸੁਰੱਖਿਆ ਕਿਵੇਂ ਹੋਵੇਗੀ?

ਅੱਜ ਇਸ ਘਟਨਾ ਨੇ ਟਰੰਪ ਦੀ ਰਾਜਨੀਤੀ ਨੂੰ ਹੋਰ ਵੀ ਤੇਜ਼ ਕੀਤਾ ਹੈ ਅਤੇ ਅਮਰੀਕੀ ਰਾਜਨੀਤੀ ਵਿੱਚ ਵੰਡ ਵਧਾਈ ਹੈ।ਪਰ ਇਸ ਤੋਂ ਇੱਕ ਵੱਡੀ ਗੱਲ ਇਹ ਵੀ ਸਾਹਮਣੇ ਆਈ ਹੈ ਕਿ ਲੋਕਤੰਤਰ ਵਿੱਚ ਰਾਜਨੀਤਿਕ ਲੀਡਰਾਂ ਨੂੰ ਲੋਕਾਂ ਦੀ ਆਵਾਜ਼ ਨਾਲ ਜੁੜ ਕੇ ਚੱਲਣਾ ਚਾਹੀਦਾ ਹੈ। ਟਰੰਪ ਦੀ ਰਾਜਨੀਤੀ ਇਸ ਗੱਲ ਦਾ ਉਦਾਹਰਣ ਹੈ ਕਿ ਲੋਕ ਆਪਣੇ ਲੀਡਰ ਨਾਲ ਭਾਵਨਾਤਮਕ ਤੌਰ ’ਤੇ ਜੁੜਦੇ ਹਨ। ਇਸ ਘਟਨਾ ਨੇ ਦੁਨੀਆਂ ਨੂੰ ਯਾਦ ਕਰਵਾਇਆ ਹੈ ਕਿ ਸੁਰੱਖਿਆ ਇੱਕ ਨਿਰੰਤਰ ਚੁਣੌਤੀ ਹੈ ਅਤੇ ਇਸ ਨੂੰ ਹਰ ਰੋਜ਼ ਮਜ਼ਬੂਤ ਕਰਦੇ ਰਹਿਣਾ ਪੈਂਦਾ ਹੈ। ਅੱਜ ਇੱਕ ਗੱਲ ਸਾਫ਼ ਹੈ — ਅਮਰੀਕੀ ਸੁਰੱਖਿਆ ਦਾ ਟੁੱਟਣਾ ਇੱਕ ਵੱਡੀ ਘਟਨਾ ਹੈ ਜੋ ਦੁਨੀਆਂ ਭਰ ਵਿੱਚ ਚਰਚਾ ਪੈਦਾ ਕਰ ਰਹੀ ਹੈ। ਇਸ ਤੋਂ ਸਭ ਨੂੰ ਸਿੱਖਣਾ ਚਾਹੀਦਾ ਹੈ ਕਿ ਰਾਜਨੀਤੀ ਵਿੱਚ ਭਾਵਨਾਵਾਂ ਅਤੇ ਏਕਤਾ ਦਾ ਖਿਆਲ ਰੱਖਣਾ ਲਾਜ਼ਮੀ ਹੈ। ਟਰੰਪ ਦੀ ਰਾਜਨੀਤੀ ਅਤੇ ਇਸ ਘਟਨਾ ਨੇ ਅਮਰੀਕਾ ਅਤੇ ਦੁਨੀਆਂ ਲਈ ਇੱਕ ਨਵਾਂ ਸਵਾਲ ਖੜ੍ਹਾ ਕੀਤਾ ਹੈ । ਸੁਰੱਖਿਆ ਅਤੇ ਲੋਕਤੰਤਰ ਦਾ ਸੰਤੁਲਨ ਕਿਵੇਂ ਬਣਾਇਆ ਜਾਵੇ। ਇਸ ਸਵਾਲ ਦਾ ਜਵਾਬ ਆਉਣ ਵਾਲਾ ਸਮਾਂ ਹੀ ਦੇਵੇਗਾ।

# ਮਾਮਲਾ ਬੰਦੀ ਸਿੰਘਾਂ ਦੀ ਰਿਹਾਈ ਦਾ ; ਕਨੂੰਨ ਦੀ ਬੇਬਸੀ ਜਾਂ ਦੂਹਰੇ ਮਾਪਦੰਡ



ਬਘੇਲ ਸਿੰਘ ਧਾਲੀਵਾਲ
99142-58142

2027 ਵਿੱਚ ਆ ਰਹੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਕਾਰਨ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਫਿਰ ਕਾਫੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਬੰਦੀ ਸਿੰਘਾਂ ਦਾ ਮਸਲਾ ਮਹਿਜ਼ ਕਾਨੂੰਨੀ ਵਿਵਾਦ ਨਹੀਂ ਰਹਿ ਗਿਆ, ਇਹ ਭਾਰਤੀ ਨਿਆਂ ਪ੍ਰਣਾਲੀ, ਸਟੇਟ ਦੀ ਵਿਤਕਰੇਬਾਜ਼ੀ ਅਤੇ ਸਿੱਖ ਲੀਡਰਸ਼ਿਪ ਦੀ ਨਾਕਾਮੀ ਦਾ ਪ੍ਰਤੀਕ ਬਣ ਚੁੱਕਾ ਹੈ। ਇਹ ਕੌੜਾ ਸੱਚ ਹੈ ਕਿ ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਉਹ ਜੁਝਾਰੂ ਸਿੰਘ, ਜਿਨ੍ਹਾਂ ਨੇ ਕੌਮੀ ਕਾਰਜਾਂ ਲਈ ਆਪਣੀ ਜ਼ਿੰਦਗੀ ਦਾ 20-30 ਸਾਲ ਤੋਂ ਵੱਧ ਮਹੱਤਵਪੂਰਨ ਸਮਾਂ ਕੈਦ ਵਿੱਚ ਬਿਤਾ ਦਿੱਤਾ ਹੈ,ਉਹ ਮੌਜੂਦਾ ਸਿੱਖ ਸਿਆਸਤ ਲਈ ਚੋਣ ਮੁੱਦੇ ਤੋਂ ਵਧ ਕੇ ਕੁੱਝ ਨਹੀਂ ਹਨ। ਜੇਕਰ ਭਾਰਤੀ ਨਿਆਂ ਪ੍ਰਣਾਲੀ ਦੀ ਗੱਲ ਕੀਤੀ ਜਾਵੇ, ਤਾਂ ਭਾਰਤ ਆਪਣੇ ਆਪ ਨੂੰ ਇੱਕ ਲੋਕਤੰਤ੍ਰਿਕ ਅਤੇ ਸੰਵਿਧਾਨਕ ਦੇਸ਼ ਕਹਿੰਦਾ ਹੈ, ਜਿੱਥੇ ਨਿਆਂ, ਸਮਾਨਤਾ ਅਤੇ ਅਧਿਕਾਰਾਂ ਦੀ ਗੱਲ ਕੀਤੀ ਜਾਂਦੀ ਹੈ। ਪਰ ਜਦੋਂ ਇਹ ਸਿਧਾਂਤ ਜ਼ਮੀਨੀ ਹਕੀਕਤ ਨਾਲ ਦੇਖੇ ਜਾਂਦੇ ਹਨ, ਤਾਂ ਬਹੁਤ ਵਾਰ ਇਹ ਸਿਰਫ ਕਾਗਜ਼ੀ ਦਾਅਵੇ ਹੀ ਨਜ਼ਰ ਆਉਂਦੇ ਹਨ। ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਇਸੇ ਤਰ੍ਹਾਂ ਦੀ ਇੱਕ ਕਸੌਟੀ ਬਣ ਚੁੱਕਾ ਹੈ, ਜਿੱਥੇ ਕਾਨੂੰਨ, ਰਾਜਨੀਤੀ ਅਤੇ ਵਿਤਕਰੇਬਾਜ਼ੀ ਦੇ ਤਿੰਨੋਂ ਰੰਗ ਸਾਫ਼ ਦਿਖਾਈ ਦੇ ਰਹੇ ਹਨ। ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਸਿੱਖਾਂ ’ਤੇ ਜ਼ੁਲਮ ਢਾਹੇ, ਜੇਲ੍ਹਾਂ ਵਿੱਚ ਸੁੱਟਿਆ ਅਤੇ ਹੁਣ ਮੌਜੂਦਾ ਸਰਕਾਰ ਉਹਨਾਂ ਸਿੱਖਾਂ ਨੂੰ ਕਿਸੇ ਵੀ ਕੀਮਤ ’ਤੇ ਬਾਹਰ ਨਹੀਂ ਆਉਣ ਦੇਣਾ ਚਾਹੁੰਦੀ, ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਦਿੱਲੀ ਦੇ ਤਖਤ ’ਤੇ ਬੇਸ਼ੱਕ ਕੋਈ ਵੀ ਹੋਵੇ, ਸਿੱਖਾਂ ਨਾਲ ਵਿਤਕਰੇਬਾਜ਼ੀ ਜਾਰੀ ਰਹੇਗੀ। ਕੇਂਦਰ ਸਰਕਾਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਇਹ ਕਹਿਣਾ ਕਿ ਬੰਦੀ ਸਿੰਘਾਂ ਦੀ ਰਿਹਾਈ ਫਿਰ ਹੀ ਹੋ ਸਕਦੀ ਹੈ, ਜੇਕਰ ਉਹਨਾਂ ਨੂੰ ਆਪਣੇ ਕੀਤੇ ’ਤੇ ਪਛਤਾਵਾ ਹੋਵੇ। ਇਹ ਵਰਤਾਰਾ ਨਿਆਂ ਦੇ ਬੁਨਿਆਦੀ ਅਸੂਲਾਂ ਦੇ ਅਨੁਕੂਲ ਨਹੀਂ ਸਮਝਿਆ ਜਾ ਸਕਦਾ। ਕਿਉਂਕਿ ਭਾਰਤ ਦੀ ਕਾਨੂੰਨੀ ਪ੍ਰਣਾਲੀ ਵਿੱਚ ਸਜ਼ਾ ਦੀ ਮਿਆਦ ਅਤੇ ਵਿਹਾਰਕ ਮੁਲਾਂਕਣ ਮੁੱਖ ਮਾਪਦੰਡ ਹਨ, ਜਦੋਂਕਿ ਰਾਜਨੀਤਿਕ ਜਾਂ ਭਾਵਨਾਤਮਕ ਸ਼ਰਤਾਂ ਕਨੂੰਨੀ ਪ੍ਰਣਾਲੀ ਦੇ ਖੁੰਢਾ ਹੋਣ ਦੇ ਸਬੂਤ ਹਨ। ਜੇਕਰ ਅਜਿਹੀ ਸ਼ਰਤ ਸਾਢੇ ਤਿੰਨ, ਚਾਰ ਦਹਾਕੇ ਪਹਿਲਾਂ, ਭਾਵ ਉਹਨਾਂ ਦੀਆਂ ਗ੍ਰਿਫਤਾਰੀਆਂ ਸਮੇਂ ਰੱਖੀ ਜਾਂਦੀ ਤਾਂ ਸਮਝ ਪੈਂਦੀ ਸੀ, ਪਰ ਦੋ ਦੋ ਸਜ਼ਾਵਾਂ ਕੱਟ ਲੈਣ ਤੋਂ ਬਾਅਦ ਇਹ ਕਹਿਣਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਉਣ ਤੋਂ ਵੱਧ ਹੋਰ ਕੁੱਝ ਨਹੀਂ ਹੈ। ਭਾਜਪਾ ਦੇ ਇੱਕ ਹੋਰ ਸਿੱਖ ਆਗੂ ਆਰ ਪੀ ਸਿੰਘ ਦਾ ਇਹ ਬਿਆਨ ਕਿ “ਮੁਆਫੀ ਮੰਗਣ ਨਾਲ ਰਿਹਾਈ ਬਾਰੇ ਵਿਚਾਰ ਹੋ ਸਕਦਾ ਹੈ” ਜਿੱਥੇ ਸਿੱਖ ਕੌਮ ਨੂੰ ਸ਼ਰਮਸਾਰ ਕਰਨ ਵਾਲਾ ਹੈ, ਓਥੇ ਇਹ ਬਿਆਨ ਲੋਭ ਲਾਲਸਾ ’ਚ ਗ੍ਰਸੇ ਸਿੱਖ ਦੀ ਮਾਨਸਿਕਤਾ ਦੀ ਗਿਰਾਵਟ ਨੂੰ ਦਰਸਾਉਂਦਾ ਹੈ, ਜਿਹੜਾ ਆਪਣੇ ਕੌਮੀ ਹਿੱਤਾਂ ਨੂੰ ਤਿਲਾਂਜਲੀ ਦੇ ਕੇ ਕੇਂਦਰੀ ਤਾਕਤਾਂ ਦਾ ਵਫਾਦਾਰ ਬਣੇ ਰਹਿਣ ਵਿੱਚ ਜ਼ਿਆਦਾ ਮਾਣ ਮਹਿਸੂਸ ਕਰਦਾ ਹੈ। ਜੇਕਰ ਸੰਵਿਧਾਨਿਕ ਪੱਖ ਤੋਂ ਗੱਲ ਕੀਤੀ ਜਾਵੇ, ਤਾਂ ਭਾਰਤ ਦੇ ਸੰਵਿਧਾਨ ਦਾ ਆਰਟੀਕਲ 14 ਸਪੱਸ਼ਟ ਕਰਦਾ ਹੈ ਕਿ ਸਾਰੇ ਨਾਗਰਿਕ ਕਾਨੂੰਨ ਦੇ ਸਾਹਮਣੇ ਬਰਾਬਰ ਹਨ। ਇਸ ਦੇ ਨਾਲ ਹੀ ਆਰਟੀਕਲ 21 ਜੀਵਨ ਅਤੇ ਨਿੱਜੀ ਆਜ਼ਾਦੀ ਦਾ ਅਧਿਕਾਰ ਦਿੰਦਾ ਹੈ। ਇਸ ਦੇ ਇਲਾਵਾ, ਆਰਟੀਕਲ 72 ਅਤੇ 161 ਰਾਸ਼ਟਰਪਤੀ ਅਤੇ ਰਾਜਪਾਲ ਨੂੰ ਮੁਆਫੀ ਜਾਂ ਸਜ਼ਾ ਘਟਾਉਣ ਦੇ ਅਧਿਕਾਰ ਦਿੰਦੇ ਹਨ। ਪਰ ਇਹ ਸਾਰੇ ਅਧਿਕਾਰ ਇੱਕ ਨਿਰਪੱਖ ਅਤੇ ਸਮਾਨ ਪ੍ਰਕਿਰਿਆ ਦੇ ਅਧੀਨ ਵਰਤੇ ਜਾਣੇ ਚਾਹੀਦੇ ਹਨ। ਸੁਪਰੀਮ ਕੋਰਟ ਦੇ ਕਈ ਫੈਸਲੇ ਇਹ ਦਰਸਾਉਂਦੇ ਹਨ ਕਿ ਉਮਰ ਕੈਦ ਕੱਟ ਰਹੇ ਕੈਦੀਆਂ ਦੀ ਰਿਹਾਈ ਲਈ ਮੁੱਖ ਮਾਪਦੰਡ ਉਹਨਾਂ ਦੀ ਸਜ਼ਾ ਦੀ ਮਿਆਦ, ਵਿਹਾਰ ਅਤੇ ਸਮਾਜ ਵਿੱਚ ਵਾਪਸੀ ਦੀ ਸੰਭਾਵਨਾ ਹੁੰਦੇ ਹਨ। ਕਿਸੇ ਵੀ ਫੈਸਲੇ ਵਿੱਚ ਪਛਤਾਵਾ ਜਤਾਉਣਾ ਲਾਜ਼ਮੀ ਸ਼ਰਤ ਨਹੀਂ ਬਣਾਇਆ ਗਿਆ। ਬੰਦੀ ਸਿੰਘਾਂ ਦਾ ਮਾਮਲਾ ਇਸ ਸੰਦਰਭ ਵਿੱਚ ਹੋਰ ਵੀ ਗੰਭੀਰ ਬਣ ਜਾਂਦਾ ਹੈ, ਕਿਉਂਕਿ ਕਈ ਕੈਦੀ 30-35 ਸਾਲ ਤੋਂ ਵੱਧ ਸਮਾਂ ਜੇਲ੍ਹਾਂ ਵਿੱਚ ਬਿਤਾ ਚੁੱਕੇ ਹਨ। ਜੇ ਇਹ ਸਮਾਂ ਵੀ ਰਿਹਾਈ ਲਈ ਕਾਫੀ ਨਹੀਂ, ਤਾਂ ਫਿਰ ਕਾਨੂੰਨ ਦੀ ਮਿਆਦ ਦਾ ਕੀ ਮਤਲਬ ਰਹਿ ਜਾਂਦਾ ਹੈ ? ਰਾਜੀਵ ਗਾਂਧੀ ਹੱਤਿਆ ਮਾਮਲੇ ਵਿੱਚ ਦੋਸ਼ੀਆਂ ਨੂੰ ਰਿਹਾਈ ਮਿਲ ਚੁੱਕੀ ਹੈ,ਉਹਨਾਂ ਦੇ ਮਾਮਲੇ ਵਿੱਚ ਕਾਨੂੰਨੀ ਪ੍ਰਕਿਰਿਆ ਨੂੰ ਮੱਦੇਨਜ਼ਰ ਰੱਖਿਆ ਗਿਆ, ਨਾ ਕਿ ਕੋਈ ਵਾਧੂ ਸ਼ਰਤ ਲਗਾਈ ਗਈ। ਇਸੇ ਤਰ੍ਹਾਂ ਮਰਹੂਮ ਇੰਦਰਾ ਗਾਂਧੀ ਨਾਲ ਜੁੜੇ ਜਹਾਜ਼ ਅਗਵਾ ਮਾਮਲੇ ਦੇ ਦੋਸ਼ੀਆਂ ਨੂੰ ਤਾਂ ਰਾਜਨੀਤਿਕ ਤੌਰ ’ਤੇ ਸਨਮਾਨਿਤ ਵੀ ਕੀਤਾ ਗਿਆ। ਇੱਥੇ ਦੱਸਣਾ ਬਣਦਾ ਹੈ ਕਿ 20 ਦਸੰਬਰ 1978 ਨੂੰ ਮਰਹੂਮ ਇੰਦਰਾ ਗਾਂਧੀ ਨੂੰ ਸੰਸਦ ਦੀ ਮਾਣਹਾਨੀ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਦੇ ਰੋਸ ਵਿੱਚ ਦੋ ਹਿੰਦੂ ਵਿਅਕਤੀਆਂ ਭੋਲਾ ਨਾਥ ਪਾਂਡੇ ਅਤੇ ਦਵਿੰਦਰ ਪਾਂਡੇ ਨੇ ਇੰਡੀਅਨ ਏਅਰ ਲਾਈਨਜ਼ ਦਾ ਜਹਾਜ਼ (93-410) ਅਗਵਾ ਕਰ ਲਿਆ ਸੀ, ਉਹ ਮੰਗ ਕਰ ਰਹੇ ਸਨ ਕਿ ਇੰਦਰਾ ਗਾਂਧੀ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਉਹਨਾਂ ਨੇ ਆਤਮ ਸਮਰਪਣ ਕਰ ਦਿੱਤਾ ਸੀ,ਪਰੰਤੂ ਦੋ ਸਾਲ ਬਾਅਦ ਜਦੋਂ 1980 ਵਿੱਚ ਦੁਬਾਰਾ ਕਾਂਗਰਸ ਦੀ ਸਰਕਾਰ ਬਣੀ, ਤਾਂ ਉਤਰ ਪ੍ਰਦੇਸ਼ ਸਰਕਾਰ ਨੇ ਉਹਨਾਂ ਦੇ ਵਿਰੁੱਧ ਕੇਸ ਵਾਪਸ ਲੈ ਲਏ। ਇੱਥੇ ਹੀ ਬੱਸ ਨਹੀਂ ਬਾਅਦ ਵਿੱਚ ਉਹਨਾਂ ਨੂੰ ਕਾਂਗਰਸ ਵੱਲੋਂ ਟਿਕਟਾਂ ਦੇ ਕੇ ਵੀ ਨਿਵਾਜਿਆ ਗਿਆ। ਅਜਿਹੇ ਜਹਾਜ਼ ਅਗਵਾ ਦੇ ਮਾਮਲੇ ਵਿੱਚ ਸਿੱਖਾਂ ਨੂੰ ਜਲਾਵਤਨ ਰਹਿਕੇ ਜ਼ਿੰਦਗੀ ਗੁਜ਼ਾਰਨ ਲਈ ਮਜਬੂਰ ਕੀਤਾ ਗਿਆ ਅਤੇ ਭਾਰਤ ਵਿੱਚ ਰਹਿ ਗਏ ਜਹਾਜ਼ ਅਗਵਾ ਕਾਂਡ ਵਾਲੇ ਸਿੱਖਾਂ ਨੂੰ ਜਿੱਥੇ ਲੰਮਾ ਸਮਾਂ ਜੇਲ੍ਹਾਂ ਕੱਟਣੀਆਂ ਪਈਆਂ ਓਥੇ ਹੁਣ ਬੁਢਾਪੇ ਵਿੱਚ ਵੀ ਅਦਾਲਤਾਂ ਦੇ ਚੱਕਰਾਂ ਵਿੱਚ ਉਲਝਾ ਕੇ ਰੱਖਿਆ ਹੋਇਆ ਹੈ। ਸਾਰੀਆਂ ਉਦਾਹਰਨਾਂ ਇਹੋ ਦਰਸਾਉਂਦੀਆਂ ਹਨ ਕਿ ਭਾਰਤ ਅੰਦਰ ਕਾਨੂੰਨ ਦਾ ਮਾਪਦੰਡ ਹਰ ਜਗ੍ਹਾ ਇੱਕੋ ਜਿਹਾ ਨਹੀਂ ਹੈ। ਡੇਰਾ ਸਿਰਸਾ ਮੁਖੀ ਦਾ ਮਾਮਲਾ ਵੀ ਇਸੇ ਦੋਹਰੇ ਮਾਪਦੰਡ ਦੀ ਇੱਕ ਹੋਰ ਮਿਸਾਲ ਹੈ। ਗੰਭੀਰ ਜੁਰਮਾਂ ਵਿੱਚ ਸਜ਼ਾ ਕੱਟਣ ਦੇ ਬਾਵਜੂਦ ਉਸ ਨੂੰ ਵਾਰ-ਵਾਰ ਪੈਰੋਲ ਮਿਲ ਰਹੀ ਹੈ। ਜਦੋਂ ਕਿ ਬੰਦੀ ਸਿੰਘਾਂ ਲਈ ਉਹਨਾਂ ਦੇ ਪਰਿਵਾਰਿਕ ਮੈਂਬਰਾਂ ਦੀ ਮੌਤ ਲਈ ਵੀ ਪੈਰੋਲ ਨਹੀਂ ਮਿਲਦੀ ਜਾਂ ਫਿਰ ਕੁੱਝ ਘੰਟਿਆਂ ਦੀ ਮਿਲਦੀ ਹੈ। ਉਹਨਾਂ ਦੀ ਰਿਹਾਈ, ਦੂਹਰੀਆਂ ਸਜ਼ਾਵਾਂ ਕੱਟਣ ਦੇ ਬਾਵਜੂਦ ਵੀ ਸ਼ਰਤਾਂ ਨਾਲ ਜੋੜੀ ਜਾ ਰਹੀ ਹੈ। ਇਹ ਵੀ ਸਚਾਈ ਹੈ ਕਿ ਸਿੱਖਾਂ ਦੀ ਦੁਰਦਸ਼ਾ ਲਈ ਸਿੱਖ ਲੀਡਰਸ਼ਿਪ ਬਰਾਬਰ ਜ਼ਿੰਮੇਵਾਰ ਹੈ। ਅੱਜ ਸਿੱਖ ਰਾਜਨੀਤੀ ਦਾ ਹਾਲ ਇਹ ਹੈ ਕਿ ਬੰਦੀ ਸਿੰਘਾਂ ਦਾ ਮਸਲਾ ਇੱਕ ਜਜ਼ਬਾਤੀ ਨਾਅਰਾ ਬਣ ਕੇ ਰਹਿ ਗਿਆ ਹੈ। ਹਰ ਪਾਰਟੀ ਅਤੇ ਆਗੂ ਇਸਦੀ ਵਰਤੋਂ ਸਿਆਸੀ ਲਾਭ ਲਈ ਕਰਦਾ ਹੈ, ਪਰ ਹਕੀਕਤ ਵਿੱਚ ਕੋਈ ਢੰਗ ਦੀ ਕਾਨੂੰਨੀ ਜਾਂ ਰਣਨੀਤਿਕ ਲੜਾਈ ਨਹੀਂ ਲੜੀ ਜਾ ਰਹੀ। ਸ਼ਰੋਮਣੀ ਅਕਾਲੀ ਦਲ ਹੋਵੇ ਜਾਂ ਹੋਰ ਸਿੱਖ ਧਿਰਾਂ ਹੋਣ, ਸਭ ਨੇ ਇਸ ਮਸਲੇ ਨੂੰ ਆਪਣੇ ਆਪਣੇ ਸਿਆਸੀ ਮੁਫਾਦ ਲਈ ਵਰਤਿਆ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨਾਂ ਦੀ ਭੂਮਿਕਾ ਵੀ ਕੋਈ ਤਸੱਲੀਬਖਸ਼ ਨਹੀਂ ਰਹੀ। ਇਹ ਸਚਾਈ ਹੈ ਕਿ ਅਜ਼ਾਦ ਸਿੱਖ ਪ੍ਰਭੂਸੱਤਾ ਦੇ ਪ੍ਰਤੀਕ, ਮੀਰੀ ਪੀਰੀ ਦੇ ਸਰਬ ਉੱਚ ਅਸਥਾਨ ’ਤੇ ਬੈਠ ਕੇ ਵੀ ਸਿੰਘ ਸਾਹਿਬਾਨ ਕੌਮ ਦੇ ਹਿੱਤਾਂ ਪ੍ਰਤੀ ਸੰਜੀਦਾ ਨਹੀਂ ਰਹੇ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਅਕਾਲ ਤਖ਼ਤ ਸਾਹਿਬ ਤੋਂ ਸਪੱਸ਼ਟ ਦਿਸ਼ਾ ਮਿਲਦੀ ਰਹੀ ਹੈ ਸਿੱਖ ਕੌਮ ਨੇ ਨਵੇਂ ਦਿਸਹੱਦੇ ਸਿਰਜੇ ਹਨ। ਕੇਂਦਰੀ ਤਾਕਤਾਂ ਵੱਲੋਂ ਸਿੱਖਾਂ ਨਾਲ ਵਿਤਕਰੇਬਾਜ਼ੀ ਕਰਨ ਦੇ ਪਿੱਛੇ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਸਿੱਖ ਅੰਦਰੂਨੀ ਤੌਰ ’ਤੇ ਕਮਜ਼ੋਰ ਹੋ ਚੁੱਕੇ ਹਨ। ਆਪਸੀ ਧੜੇਬੰਦੀ, ਨਿੱਜੀ ਵਿਰੋਧ ਅਤੇ ਰਾਜਨੀਤਿਕ ਟਕਰਾਅ ਨੇ ਕੌਮ ਦੀ ਸਾਂਝੀ ਤਾਕਤ ਨੂੰ ਖੋਖਲਾ ਕਰ ਦਿੱਤਾ ਹੈ। ਜਦੋਂ ਕੋਈ ਕੌਮ ਅੰਦਰੋਂ ਕਮਜ਼ੋਰ ਹੋਵੇ, ਤਾਂ ਬਾਹਰੀ ਤਾਕਤਾਂ ਲਈ ਉਸ ’ਤੇ ਦਬਾਅ ਬਣਾਉਣਾ ਆਸਾਨ ਹੋ ਜਾਂਦਾ ਹੈ। ਇਸ ਦੇ ਨਾਲ ਹੀ ਪੰਜਾਬ ਦੀ ਸਮਾਜਿਕ ਸਥਿਤੀ ਵੀ ਚਿੰਤਾਜਨਕ ਹੈ। ਜੁਆਨੀ ਦਾ ਵੱਡਾ ਹਿੱਸਾ ਵਿਦੇਸ਼ਾਂ ਵੱਲ ਕੂਚ ਕਰ ਚੁੱਕਾ ਹੈ, ਜਦੋਂ ਕਿ ਇਥੇ ਰਹਿ ਗਈ ਜੁਆਨੀ ਨੂੰ ਸਾਜਿਸ਼ ਤਹਿਤ ਨਸ਼ਿਆਂ ਵੱਲ ਧੱਕਿਆ ਜਾ ਰਿਹਾ ਹੈ ਅਤੇ ਪੂਰੇ ਖਿੱਤੇ ਦੀ ਤਾਕਤ ਨੂੰ ਖਤਮ ਕੀਤਾ ਜਾ ਰਿਹਾ ਹੈ। ਅਜਿਹੇ ਹਾਲਾਤਾਂ ਵਿੱਚ ਸਿਰਫ ਅਪੀਲਾਂ ਅਤੇ ਬਿਆਨਾਂ ਨਾਲ ਕੁਝ ਨਹੀਂ ਬਦਲੇਗਾ। ਪੰਜਾਬ ਦੀ ਵਿਗੜੀ ਸੰਵਾਰਨ ਲਈ ਏਕਤਾ ਦੀ ਲੋੜ ਹੈ। ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਸਿੱਖ ਕੌਮ ਦੀ ਪਾਟੋਧਾੜ ਤੋਂ ਅਲੱਗ ਨਹੀਂ ਹੈ, ਇਸ ਲਈ ਅੱਜ ਸਭ ਤੋਂ ਵੱਡੀ ਲੋੜ ਹੈ ਇੱਕਜੁੱਟਤਾ ਦੀ ਹੈ। ਸਿੱਖ ਕੌਮ ਨੂੰ ਆਪਣੇ ਅੰਦਰੂਨੀ ਕਾਟੋ ਕਲੇਸ਼ ਤੋਂ ਉੱਪਰ ਉਠ ਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਵਿੱਚ ਇੱਕ ਸਾਂਝੀ ਰਣਨੀਤੀ ਬਣਾਉਣੀ ਪਵੇਗੀ। ਬਿਨਾਂ ਸ੍ਰੀ ਅਕਾਲ ਤਖਤ ਸਾਹਿਬ ਦੀ ਅਗਵਾਈ ਤੋਂ ਕੋਈ ਵੀ ਸੰਘਰਸ਼ ਸਫਲਤਾ ਦੇ ਕਰੀਬ ਵੀ ਨਹੀਂ ਪੁੱਜ ਸਕਦਾ। ਪੁਰਾਤਨ ਇਤਿਹਾਸ ਤਾਂ ਇਸ ਗੱਲ ਦੀ ਗਵਾਹੀ ਭਰਦਾ ਹੀ ਭਰਦਾ ਹੈ, ਬਲਕਿ 2018 ਦਾ ਬੇਅਦਬੀਆਂ ਦੇ ਇਨਸਾਫ ਲਈ ਲੱਗਿਆ ਬਰਗਾੜੀ ਇਨਸਾਫ ਮੋਰਚਾ ਵੀ ਇਸ ਗੱਲ ਦਾ ਗਵਾਹ ਹੈ ਕਿ ਸਿੱਖ ਸੰਗਤ ਨੇ ਸਰਬੱਤ ਖਾਲਸਾ ਵੱਲੋਂ ਥਾਪੇ ਕਾਰਜਕਾਰੀ ਜਥੇਦਾਰ ਦੀ ਅਗਵਾਈ ਨੂੰ ਕਬੂਲਿਆ ਅਤੇ ਸਰਕਾਰਾਂ ਨੂੰ ਗੋਡਿਆਂ ਭਾਰ ਕਰ ਦਿੱਤਾ ਸੀ, ਪਰ ਕੌਮ ਦੀ ਬਦਕਿਸਮਤੀ ਇਹ ਰਹੀ ਕਿ ਜਥੇਦਾਰ ਖੁਦ ਆਪਣੇ ਬਚਨਾਂ ’ਤੇ ਪਹਿਰਾ ਨਾ ਦੇ ਸਕੇ, ਜਿਸ ਦੀ ਬਦੌਲਤ ਸਿੱਖ ਕੌਮ ਜਿੱਤੀ ਹੋਈ ਬਾਜ਼ੀ ਹਾਰ ਗਈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਸਿਰਫ ਇੱਕ ਕਾਨੂੰਨੀ ਲੜਾਈ ਨਹੀਂ, ਸਗੋਂ ਕੌਮ ਦੀ ਅਸਲੀ ਤਾਕਤ ਦੀ ਪਰਖ ਹੈ। ਜੇ ਕੌਮ ਇਕੱਠੇ ਹੋ ਕੇ ਇਸਨੂੰ ਲੜੇਗੀ ਤਾਂ ਨਤੀਜੇ ਵੀ ਚੰਗੇ ਆਉਣਗੇ। ਨਹੀਂ ਤਾਂ ਇਹ ਮਸਲਾ ਸਿਰਫ ਸਿਆਸੀ ਨਾਅਰਾ ਬਣ ਕੇ ਰਹਿ ਜਾਵੇਗਾ। ਇਹ ਵੀ ਚਿੱਟੇ ਦਿਨ ਵਰਗਾ ਸੱਚ ਹੈ ਕ ਸਿੱਖ ਕੌਮ ਨੂੰ ਦੇਸ਼ ਅਜ਼ਾਦ ਹੋ ਜਾਣ ਤੋਂ ਬਾਅਦ ਇਸ ਮੁਲਕ ਵਿੱਚ ਨਾ ਕਦੇ ਆਪਣੇ ਸਮਝਿਆ ਗਿਆ ਹੈ ਅਤੇ ਨਾ ਹੀ ਧੱਕੇਸ਼ਾਹੀਆਂ ਦਾ ਇਨਸਾਫ ਹੀ ਮਿਲਿਆ ਹੈ। ਜੇਕਰ ਕੌਮ ਦੀ ਸਮੁੱਚੀ ਲੀਡਰਸ਼ਿੱਪ ਦਿੱਲੀ ਦੀ ਬੁਰਕੀ ਦੀ ਝਾਕ ਛੱਡ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋਣ ਲਈ ਸੁਹਿਰਦ ਹੋ ਜਾਵੇ ਅਤੇ ਏਕਤਾ ਵੱਲ ਕਦਮ ਵਧਾ ਦੇਵੇ, ਤਾਂ ਨਾ ਹੀ ਰਾਜ ਸੱਤਾ ਦੂਰ ਰਹੇਗੀ ਅਤੇ ਨਾ ਹੀ ਬੰਦੀ ਸਿੰਘਾਂ ਸਮੇਤ ਸਿੱਖਾਂ ਦੇ ਲਟਕਦੇ ਮਸਲੇ ਰਹਿਣਗੇ, ਪ੍ਰੰਤੂ ਸਿੱਖ ਲੀਡਰਸ਼ਿੱਪ ਦਿੱਲੀ ਤੋਂ ਛਿੱਤਰ ਖਾ ਖਾ ਕੇ ਐਨੀ ਢੀਠ ਅਤੇ ਬੇਗੈਰਤੀ ਹੋ ਚੁੱਕੀ ਹੈ ਕਿ ਉਹਨਾਂ ਦੀ ਵਫਾਦਾਰੀ ਫਿਰ ਵੀ ਆਪਣਿਆਂ ਨਾਲ ਨਹੀਂ ਬਲਕਿ ਦਿੱਲੀ ਨਾਲ ਹੀ ਰਹਿਣ ਦੀਆਂ ਸੰਭਾਵਨਾਵਾਂ ਜ਼ਿਆਦਾ ਦਿਖਾਈ ਦਿੰਦੀਆਂ ਹਨ। ਸੌ ਹੱਥ ਰੱਸਾ ਸਿਰੇ’ ਤੇ ਗੰਢ ਵਾਲੀ ਗੱਲ ਫਿਰ ਵੀ ਉਹੋ ਹੀ ਰਹਿਣੀ ਹੈ ਕਿ ਏਕੇ ਤੋਂ ਬਗੈਰ ਨਾ ਰਾਜਨੀਤਕ ਤਾਕਤ ਮਿਲੇਗੀ ਅਤੇ ਨਾ ਹੀ ਇਨਸਾਫ ਮਿਲਣ ਦੀ ਸੰਭਾਵਨਾ ਰਹੇਗੀ। ਸੋ ਅਰਦਾਸ ਕਰਨੀ ਬਣਦੀ ਹੈ ਕਿ ਅਕਾਲ ਪੁਰਖ ,ਰਾਜਨੀਤੀ ਦੇ ਕਾਰੋਬਾਰ ’ਚ ਮਸ਼ਰੂਫ਼ ਵੱਖ ਵੱਖ ਧੜਿਆਂ ’ਚ ਵੰਡੇ ਸਿੱਖ ਆਗੂਆਂ ਨੂੰ ਕੌਮੀ ਯੋਧਿਆਂ ਅਤੇ ਕੌਮੀ ਹਿੱਤਾਂ ਪ੍ਰਤੀ ਇਮਾਨਦਾਰ ਪਹੁੰਚ ਰੱਖਣ ਦੀ ਸੁਮੱਤ ਬਖਸ਼ੇ।



ਵਿੰਕਲਜੀਤ ਸਿੰਘ ਸਰਾ
9501477889

# ਸੁੱਖੀ ਬਾਠ; ਮਾਨਵਤਾ ਦੇ ਅੰਬਰ ਦਾ ਉਹ ਚਾਨਣ-ਮੁਨਾਰਾ, ਜਿਸ ਨੇ ‘ਸੇਵਾ’ ਨੂੰ ਆਪਣੀ ਰੂਹ ਦੀ ਇਬਾਦਤ ਬਣਾ ਲਿਆ

**ਇੱਕ ਰੂਹਾਨੀ ਦਸਤਕ ਅਤੇ ਮਾਨਵਤਾ ਦੇ ਵਿਹੜੇ ਵਿੱਚ ਮਹਿਕਾਂ** : ਇਤਿਹਾਸ ਦੇ ਵਿਸ਼ਾਲ ਪੰਨਿਆਂ ’ਤੇ ਕੁਝ ਨਾਮ ਅਜਿਹੇ ਉਕਰੇ ਜਾਂਦੇ ਹਨ, ਜਿਨ੍ਹਾਂ ਦੀ ਚਮਕ ਵਕਤ ਦੀ ਗਰਦ ਨਾਲ ਧੁੰਦਲੀ ਨਹੀਂ ਹੁੰਦੀ, ਸਗੋਂ ਸਮੇਂ ਦੇ ਗੁਜ਼ਰਨ ਦੇ ਨਾਲ-ਨਾਲ ਉਨ੍ਹਾਂ ਦਾ ਜਲੌਅ ਹੋਰ ਵੀ ਨਿਖਰਦਾ ਜਾਂਦਾ ਹੈ। ਅੱਜ ਜਦੋਂ ਸੂਰਜ ਦੀਆਂ ਸੁਨਹਿਰੀ ਕਿਰਨਾਂ **‘ਚੜ੍ਹਦੀਕਲਾ’** ਦੇ ਵਿਹੜੇ ਨੂੰ ਰੁਸ਼ਨਾ ਰਹੀਆਂ ਸਨ, ਤਾਂ ਮੇਰੀ ਰੂਹ ਨੇ ਇੱਕ ਅਜਿਹੇ ਨਿੱਘ ਅਤੇ ਸਕੂਨ ਦਾ ਅਹਿਸਾਸ ਕੀਤਾ ਜੋ ਸ਼ਬਦਾਂ ਦੀਆਂ ਸੀਮਾਵਾਂ ਤੋਂ ਕਿਤੇ ਪਰੇ ਹੈ। ਅੱਜ ਸਾਡੇ ਵਿਹੜੇ ਵਿੱਚ ਇੱਕ ਅਜਿਹੀ ਸ਼ਖਸੀਅਤ ਨੇ ਦਸਤਕ ਦਿੱਤੀ, ਜਿਸ ਦਾ ਨਾਮ ਹੀ ਅੱਜ ਵਿਸ਼ਵ ਭਰ ਵਿੱਚ ਪੰਜਾਬੀਅਤ, ਨਿਮਰਤਾ, ਨਿਰਸਵਾਰਥ ਭਾਵਨਾ ਅਤੇ ਨਿਸ਼ਕਾਮ ਸੇਵਾ ਦਾ ਸਿਰਨਾਵਾਂ ਬਣ ਚੁੱਕਾ ਹੈ ਸ੍ਰੀ ਸੁੱਖੀ ਬਾਠ (ਸੰਸਥਾਪਕ, ਪੰਜਾਬ ਭਵਨ ਸਰੀ, ਕੈਨੇਡਾ)। ਮੈਂ ਅਕਸਰ ਸੋਚਦਾ ਸੀ ਕਿ ਅੱਜ ਦੇ ਇਸ ਪਦਾਰਥਵਾਦੀ ਅਤੇ ਸਵਾਰਥੀ ਯੁੱਗ ਵਿੱਚ, ਜਿੱਥੇ ਹਰ ਇਨਸਾਨ **‘ਮੈਂ’** ਦੀ ਕੈਦ ਵਿੱਚ ਗੁਆਚਿਆ ਹੋਇਆ ਹੈ, ਜਿੱਥੇ ਹਰ ਪਾਸੇ **‘ਆਪੋ-ਧਾਪੀ’** ਪਈ ਹੋਈ ਹੈ, ਕੀ ਅਜੇ ਵੀ ਕੋਈ ਅਜਿਹਾ ‘ਸੱਚਾ ਇਨਸਾਨ’ ਮੌਜੂਦ ਹੈ ਜੋ ਦੂਜਿਆਂ ਦੇ ਹੰਝੂ ਪੂੰਝਣ ਲਈ ਆਪਣੀ ਹਸਤੀ ਨੂੰ ਲੇਖੇ ਲਾ ਸਕੇ? ਅੱਜ ਸੁੱਖੀ ਬਾਠ ਜੀ ਨਾਲ ਬੈਠ ਕੇ ਮੇਰੇ ਇਸ ਸਵਾਲ ਦਾ ਜਵਾਬ ਨਾ ਸਿਰਫ਼ ਮਿਲ ਗਿਆ, ਸਗੋਂ ਮੇਰੀਆਂ ਅੱਖਾਂ ਨੇ ਉਸ ਇਨਸਾਨੀਅਤ ਦਾ ਪ੍ਰਤੱਖ ਅਤੇ ਜੀਵੰਤ ਰੂਪ ਵੀ ਦੇਖ ਲਿਆ। ਉਨ੍ਹਾਂ ਨਾਲ ਗੁਜ਼ਾਰੇ ਕੁਝ ਪਲ ਮੇਰੇ ਲਈ ਕਿਸੇ ਰੂਹਾਨੀ ਤੀਰਥ ਯਾਤਰਾ ਤੋਂ ਘੱਟ ਨਹੀਂ ਸਨ। ਉਨ੍ਹਾਂ ਦੀ ਸ਼ਖਸੀਅਤ ਵਿੱਚ ਉਹ ਖਿੱਚ ਹੈ, ਜੋ ਸਿਰਫ਼ ਉਨ੍ਹਾਂ ਰੂਹਾਂ ਦੇ ਹਿੱਸੇ ਆਉਂਦੀ ਹੈ ਜਿਨ੍ਹਾਂ ਨੇ ਆਪਣਾ ਜੀਵਨ **‘ਸਰਬੱਤ ਦੇ ਭਲੇ’** ਦੇ ਲੇਖੇ ਲਾਇਆ ਹੋਵੇ।

**ਸਾਂਝਾਂ ਦੀ ਗੂੜ੍ਹੀ ਤੰਦ; ਸ. ਹਰਪ੍ਰੀਤ ਸਿੰਘ ਦਰਦੀ ਦਾ ਵਿਸ਼ੇਸ਼ ਧੰਨਵਾਦ ਅਤੇ ਸਤਿਕਾਰ** : ਅੱਜ ਦੀ ਇਹ ਮੁਲਾਕਾਤ ਉਦੋਂ ਹੋਰ ਵੀ ਅਹਿਮ, ਪ੍ਰਭਾਵਸ਼ਾਲੀ ਅਤੇ ਇਤਿਹਾਸਕ ਹੋ ਗਈ ਜਦੋਂ ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਸ. ਹਰਪ੍ਰੀਤ ਸਿੰਘ ਦਰਦੀ ਇਸ ਮਿਲਣੀ ਦਾ ਮੁੱਖ ਧੁਰਾ ਬਣੇ। ਮੈਂ ਨਿੱਜੀ ਤੌਰ ’ਤੇ ਹਰਪ੍ਰੀਤ ਸਿੰਘ ਦਰਦੀ ਦਾ ਦਿਲੋਂ ਧੰਨਵਾਦ ਅਤੇ ਸਤਿਕਾਰ ਕਰਦਾ ਹਾਂ, ਜੋ ਅਕਸਰ ਮੈਨੂੰ ਸੁੱਖੀ ਬਾਠ ਵਰਗੀਆਂ ਮਹਾਨ, ਦੂਰਅੰਦੇਸ਼ ਅਤੇ ਪ੍ਰੇਰਨਾਦਾਇਕ ਹਸਤੀਆਂ ਨਾਲ ਮਿਲਵਾਉਂਦੇ ਰਹਿੰਦੇ ਹਨ। ਦਰਦੀ ਜੀ ਦੀ ਪਾਰਖੂ ਨਜ਼ਰ ਅਤੇ ਉੱਚੀ ਸੋਚ ਸਦਕਾ ਹੀ ਅਜਿਹੇ ਬੌਧਿਕ ਅਤੇ ਰੂਹਾਨੀ ਮਿਲਾਪ ਸੰਭਵ ਹੁੰਦੇ ਹਨ, ਜੋ ਕਿਸੇ ਲੇਖਕ ਲਈ ਸ਼ਬਦਾਂ ਦਾ ਅਨਮੋਲ ਖ਼ਜ਼ਾਨਾ ਬਣ ਜਾਂਦੇ ਹਨ। ਦਰਦੀ ਜੀ ਅਤੇ ਬਾਠ ਜੀ ਵਿਚਕਾਰ ਹੋਈ ਇਸ ਵਿਚਾਰ-ਚਰਚਾ ਵਿੱਚੋਂ ਮਾਨਵਤਾ ਦੇ ਭਲੇ ਅਤੇ ਪੰਜਾਬੀ ਮਾਂ-ਬੋਲੀ ਦੀ ਚੜ੍ਹਦੀਕਲਾ ਲਈ ਇੱਕ ਸਾਂਝਾ ਵਿਜ਼ਨ ਉੱਭਰ ਕੇ ਸਾਹਮਣੇ ਆਇਆ। ਦਰਦੀ ਜੀ ਦੀ ਅਗਵਾਈ ਹੇਠ ਸੁੱਖੀ ਬਾਠ ਜੀ ਅਤੇ ਉਨ੍ਹਾਂ ਦੀ ਟੀਮ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਸੁੱਖੀ ਬਾਠ ਜੀ ਨੇ ਬਹੁਤ ਹੀ ਭਾਵੁਕ ਲਹਿਜੇ ਵਿੱਚ ਆਪਣੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ **‘ਚੜ੍ਹਦੀਕਲਾ’** ਅਦਾਰੇ ਨਾਲ ਉਨ੍ਹਾਂ ਦੀ ਸਾਂਝ ਕੋਈ ਅੱਜ ਦੀ ਨਹੀਂ, ਸਗੋਂ ਦਹਾਕਿਆਂ ਪੁਰਾਣੀ ਹੈ। ਇਹ ਸਾਂਝ **‘ਸੱਚ ਅਤੇ ਸੇਵਾ’** ਦੇ ਉਸ ਬੁਨਿਆਦੀ ਸਿਧਾਂਤ ’ਤੇ ਟਿਕੀ ਹੋਈ ਹੈ, ਜੋ ਦੋਵਾਂ ਸ਼ਖ਼ਸੀਅਤਾਂ ਦੇ ਜੀਵਨ ਦਾ ਮੂਲ ਆਧਾਰ ਹੈ।

**ਮੁਲਾਕਾਤ ਦਾ ਭਾਵੁਕ ਉਦੇਸ਼; ਪਦਮ ਸ੍ਰੀ ਡਾ. ਜਗਜੀਤ ਸਿੰਘ ਦਰਦੀ ਜੀ ਦੀ ਸਿਹਤਯਾਬੀ ਲਈ ਅਰਦਾਸ** : ਅੱਜ ਸੁੱਖੀ ਬਾਠ ਦੇ **‘ਚੜ੍ਹਦੀਕਲਾ’** ਪਹੁੰਚਣ ਦਾ ਸਭ ਤੋਂ ਅਹਿਮ, ਸੰਵੇਦਨਸ਼ੀਲ ਅਤੇ ਭਾਵੁਕ ਉਦੇਸ਼ **ਪਦਮ ਸ੍ਰੀ ਡਾ. ਜਗਜੀਤ ਸਿੰਘ ਦਰਦੀ ਜੀ (ਚੇਅਰਮੈਨ, ਚੜ੍ਹਦੀਕਲਾ ਗਰੁੱਪ)** ਦਾ ਹਾਲ-ਚਾਲ ਜਾਣਨਾ ਸੀ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਇੱਕ ਸਮਾਗਮ ਦੌਰਾਨ ਡਾ. ਦਰਦੀ ਸਾਹਿਬ ਨੂੰ ਅਚਾਨਕ ਸੱਟ ਲੱਗ ਗਈ ਸੀ, ਜਿਸ ਕਾਰਨ ਡਾਕਟਰਾਂ ਨੇ ਉਨ੍ਹਾਂ ਨੂੰ ਮੁਕੰਮਲ ਸਿਹਤਯਾਬ ਹੋਣ ਤੱਕ ਆਰਾਮ (Rest) ਦੀ ਸਲਾਹ ਦਿੱਤੀ ਹੈ।

ਸੁੱਖੀ ਬਾਠ ਦੀ ਇਹ ਫੇਰੀ ਉਨ੍ਹਾਂ ਦੇ ਦਰਦੀ ਸਾਹਿਬ ਪ੍ਰਤੀ ਡੂੰਘੇ ਪਿਆਰ, ਸਨੇਹ ਅਤੇ ਅਥਾਹ ਸਤਿਕਾਰ ਦਾ ਪ੍ਰਗਟਾਵਾ ਸੀ। ਸੱਚ ਤਾਂ ਇਹ ਹੈ ਕਿ ਡਾ. ਜਗਜੀਤ ਸਿੰਘ ਦਰਦੀ ਸਾਹਿਬ **‘ਚੜ੍ਹਦੀਕਲਾ’** ਅਦਾਰੇ ਦੀ ਰੌਣਕ, ਮਾਣ, ਤਾਣ ਅਤੇ ਰੂਹ ਹਨ। ਉਨ੍ਹਾਂ ਦੀ ਗੈਰ-ਮੌਜੂਦਗੀ ਵਿੱਚ ਦਫ਼ਤਰ ਅਤੇ ਚੜ੍ਹਦੀਕਲਾ ਸਮੁੱਚਾ ਵਿਹੜਾ ਖਾਲੀ-ਖਾਲੀ ਮਹਿਸੂਸ ਹੁੰਦਾ ਹੈ। ਚੜ੍ਹਦੀਕਲਾ ਪਰਿਵਾਰ ਦਾ ਹਰ ਇੱਕ ਮੈਂਬਰ ਰੋਜ਼ ਉਸ ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਕਰਦਾ ਹੈ ਕਿ ਦਰਦੀ ਸਾਹਿਬ ਜਲਦੀ ਸਿਹਤਯਾਬ ਹੋ ਕੇ ਮੁੜ ਆਪਣੇ ਵਿਹੜੇ ਦੀ ਰੌਣਕ ਵਧਾਉਣ। ਉਨ੍ਹਾਂ ਦੀ ਰਹਿਨੁਮਾਈ ਸਾਡੇ ਸਭ ਲਈ ਇੱਕ ਅਜਿਹਾ ਛਾਇਆਦਾਰ ਰੁੱਖ ਹੈ, ਜਿਸ ਦੀ ਓਟ ਹੇਠ ਅਸੀਂ ਸੁਰੱਖਿਅਤ ਅਤੇ ਉਤਸ਼ਾਹਿਤ ਮਹਿਸੂਸ ਕਰਦੇ ਹਾਂ। ਸੁੱਖੀ ਬਾਠ ਨੇ ਵੀ ਉਨ੍ਹਾਂ ਦੀ ਸਿਹਤ ਲਈ ਦਿਲੀ ਦੁਆਵਾਂ ਕੀਤੀਆਂ ਅਤੇ ਇਸ ਗੂੜ੍ਹੇ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ।

**‘ਨਵੀਆਂ ਕਲਮਾਂ ਨਵੀਂ ਉਡਾਣ’; ਬਾਲ ਸਾਹਿਤ ਦੇ ਖੇਤਰ ਵਿੱਚ ਇੱਕ ਇਤਿਹਾਸਕ ਇਨਕਲਾਬ** : ਸੁੱਖੀ ਬਾਠ ਜੀ ਸਿਰਫ਼ ਗੱਲਾਂ ਦੇ ਸ਼ਾਹ ਅਸਵਾਰ ਨਹੀਂ





ਹਨ, ਉਨ੍ਹਾਂ ਦੇ **‘ਕਾਰਜ’** ਪੂਰੀ ਦੁਨੀਆ ਵਿੱਚ ਬੋਲਦੇ ਹਨ। ਉਨ੍ਹਾਂ ਵੱਲੋਂ ਸ਼ੁਰੂ ਕੀਤਾ ਗਿਆ ਮਹਾਨ ਪ੍ਰੋਜੈਕਟ **‘ਨਵੀਆਂ ਕਲਮਾਂ ਨਵੀਂ ਉਡਾਣ’** ਅੱਜ ਇੱਕ ਅੰਤਰਰਾਸ਼ਟਰੀ ਲਹਿਰ ਦਾ ਰੂਪ ਧਾਰਨ ਕਰ ਚੁੱਕਾ ਹੈ। ਸਤੰਬਰ 2023 ਵਿੱਚ ਪਟਿਆਲੇ ਦੀ ਪਵਿੱਤਰ ਧਰਤੀ ਤੋਂ ਸ਼ੁਰੂ ਹੋਏ ਇਸ ਸਫ਼ਰ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਵਿੱਚ ਨਵੇਂ ਅਤੇ ਅਣਕਿਆਸੇ ਕੀਰਤੀਮਾਨ ਸਥਾਪਿਤ ਕੀਤੇ ਹਨ। ਇਸ ਪ੍ਰੋਜੈਕਟ ਦੇ ਵੇਰਵੇ ਰੂਹ ਨੂੰ ਗਦ-ਗਦ ਕਰ ਦੇਣ ਵਾਲੇ ਹਨ:

**ਵਿਸ਼ਾਲ ਨੈੱਟਵਰਕ**: ਇਸ ਵੇਲੇ ਲਗਭਗ 16,000 ਬਾਲ ਲੇਖਕ ਅਤੇ 500 ਗਾਈਡ ਅਧਿਆਪਕ ਇਸ ਮਿਸ਼ਨ ਨਾਲ ਜੁੜੇ ਹੋਏ ਹਨ, ਜੋ ਮਾਂ-ਬੋਲੀ ਦੀ ਸੇਵਾ ਵਿੱਚ ਦਿਨ-ਰਾਤ ਜੁਟੇ ਹੋਏ ਹਨ।

**ਕਿਤਾਬਾਂ ਦਾ ਪ੍ਰਕਾਸ਼ਨ**: ਪੰਜਾਬ ਦੇ ਸਾਰੇ 23 ਜ਼ਿਲ੍ਹਿਆਂ ਵਿੱਚ 10 ਤੋਂ 18 ਸਾਲ ਤੱਕ ਦੇ ਬੱਚਿਆਂ ਦੀਆਂ ਖੁਦ ਲਿਖੀਆਂ ਰਚਨਾਵਾਂ ਨੂੰ ਇਕੱਤਰ ਕਰਕੇ ਉਨ੍ਹਾਂ ਨੂੰ ਕਿਤਾਬੀ ਰੂਪ ਦਿੱਤਾ ਗਿਆ ਹੈ। ਹੁਣ ਤੱਕ 70 ਦੇ ਕਰੀਬ ਕਿਤਾਬਾਂ ਲੋਕ-ਅਰਪਣ ਹੋ ਚੁੱਕੀਆਂ ਹਨ ਅਤੇ 20 ਹੋਰ ਪ੍ਰਕਾਸ਼ਨ ਅਧੀਨ ਹਨ।

**ਸਰਹੱਦਾਂ ਪਾਰ ਪ੍ਰਚਾਰ**: ਇਹ ਪ੍ਰੋਜੈਕਟ ਸਰਹੱਦਾਂ ਦੀਆਂ ਵਲਗਣਾਂ ਪਾਰ ਕਰਕੇ ਪਾਕਿਸਤਾਨ ਦੇ 17 ਜ਼ਿਲ੍ਹਿਆਂ ਤੱਕ ਪਹੁੰਚ ਚੁੱਕਾ ਹੈ, ਜਿੱਥੇ ਪੰਜ ਜ਼ਿਲ੍ਹਿਆਂ ਵਿੱਚ ‘ਸ਼ਾਹਮੁਖੀ’ ਲਿਪੀ ਵਿੱਚ ਕਿਤਾਬਾਂ ਛਾਪੀਆਂ ਗਈਆਂ ਹਨ। ਇਸ ਤੋਂ ਇਲਾਵਾ ਇੰਗਲੈਂਡ, ਫਰਾਂਸ, ਕੈਨੇਡਾ, ਆਸਟਰੇਲੀਆ, ਅਮਰੀਕਾ, ਇਟਲੀ ਅਤੇ ਯੂਗਾਂਡਾ ਵਿੱਚ ਵੀ ਪੰਜਾਬੀ ਬੱਚਿਆਂ ਦੀਆਂ ਲਿਖਤਾਂ ਨੂੰ ਸੰਭਾਲਿਆ ਜਾ ਰਿਹਾ ਹੈ।

**ਕੌਮਾਂਤਰੀ ਸੰਮੇਲਨ**: ਮਸਤੂਆਣਾ ਸਾਹਿਬ, ਸ੍ਰੀ ਗੰਗਾਨਗਰ (ਰਾਜਸਥਾਨ), ਹਨੂੰਮਾਨਗੜ੍ਹ ਅਤੇ ਮੁੰਬਈ ਵਰਗੇ ਮਹਾਨਗਰਾਂ ਵਿੱਚ ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸਾਂ ਕਰਵਾਈਆਂ ਗਈਆਂ। ਇਨ੍ਹਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੇ ਹਜ਼ਾਰਾਂ ਬੱਚਿਆਂ ਅਤੇ ਅਧਿਆਪਕਾਂ ਦੇ ਰਹਿਣ, ਖਾਣ-ਪੀਣ ਅਤੇ ਆਉਣ-ਜਾਣ ਦਾ ਸਮੁੱਚਾ ਖਰਚਾ ਪੰਜਾਬ ਭਵਨ ਸਰੀ ਵੱਲੋਂ ਚੁੱਕਿਆ ਗਿਆ, ਜੋ ਸੁੱਖੀ ਬਾਠ ਜੀ ਦੀ ਦਰਿਆ-ਦਿਲੀ ਦੀ ਵੱਡੀ ਮਿਸਾਲ ਹੈ।

**ਅਦਾਰਾ ਚੜ੍ਹਦੀਕਲਾ ਵਿਖੇ ਪਹੁੰਚੀਆਂ ਅਹਿਮ ਸ਼ਖਸੀਅਤਾਂ ਅਤੇ ਸਨਮਾਨ** : ਅੱਜ ਦੀ ਇਸ ਵਿਸ਼ੇਸ਼ ਮਿਲਣੀ ਵਿੱਚ ਸੁੱਖੀ ਬਾਠ ਜੀ ਦੇ ਨਾਲ ਉਨ੍ਹਾਂ ਦੀ ਟੀਮ ਦੇ ਮਜ਼ਬੂਤ ਥੰਮ੍ਹ ਅਤੇ ਸਮਰਪਿਤ ਮੈਂਬਰ ਵੀ ਮੌਜੂਦ ਸਨ, ਜਿਨ੍ਹਾਂ ਨੇ ਇਸ ਪ੍ਰੋਜੈਕਟ ਨੂੰ ਕਾਮਯਾਬ ਕਰਨ ਵਿੱਚ ਦਿਨ-ਰਾਤ ਇੱਕ ਕੀਤਾ ਹੈ। ਇਸ ਟੀਮ ਵਿੱਚ **ਓਂਕਾਰ ਸਿੰਘ ਤੇਜੇ** (ਪ੍ਰੋਜੈਕਟ ਇੰਚਾਰਜ), **ਮੈਡਮ ਸ਼ਸ਼ੀ ਬਾਲਾ** (ਸਲਾਹਕਾਰ) ਅਤੇ ਪ੍ਰਸਿੱਧ **ਲੇਖਿਕਾ ਬਲਜੀਤ ਸ਼ਰਮਾ** ਖ਼ਜ਼ਾਨਚੀ ਸ਼ਾਮਲ ਸਨ। ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਸ. ਹਰਪ੍ਰੀਤ ਸਿੰਘ ਦਰਦੀ ਅਤੇ ਮੈਂਬਰਾਂ ਨੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਮਹਿਮਾਨਾਂ ਨੂੰ **‘ਚੜ੍ਹਦੀਕਲਾ’** ਅਦਾਰੇ ਵੱਲੋਂ ਵਿਸ਼ੇਸ਼ ਸਨਮਾਨ ਚਿੰਨ੍ਹ ਭੇਟ ਕੀਤੇ ਗਏ, ਜੋ ਕਿ ਸਿਰਫ਼ ਇੱਕ ਰਸਮ ਨਹੀਂ ਸਗੋਂ ਦੋਵਾਂ ਅਦਾਰਿਆਂ ਵਿਚਕਾਰ ਗੂੜ੍ਹੇ ਪਿਆਰ ਦਾ ਪ੍ਰਤੀਕ ਸੀ।

**ਸੁੱਖੀ ਬਾਠ; ਕਿਸੇ ਪਛਾਣ ਦੇ ਮੁਹਤਾਜ਼ ਨਹੀਂ, ਸਗੋਂ ਖੁਦ ਇੱਕ ਸੰਸਥਾ** : ਸੁੱਖੀ ਬਾਠ ਜੀ ਦੀ ਸ਼ਖਸੀਅਤ ਇੱਕ ਅਜਿਹਾ ਦਰਪਣ ਹੈ, ਜਿਸ ਵਿੱਚ ਸੇਵਾ, ਨਿਮਰਤਾ, ਦੂਰਦਰਸ਼ਤਾ ਅਤੇ ਨੇਤ੍ਰਿਤਵ ਦੇ ਸਾਰੇ ਗੁਣ ਇੱਕਜੁੱਟ ਨਜ਼ਰ ਆਉਂਦੇ ਹਨ। ਉਨ੍ਹਾਂ ਦਾ ਜੀਵਨ ਸਿਖਾਉਂਦਾ ਹੈ ਕਿ ਅਸਲ ਅਮੀਰੀ ਬੈਂਕ ਖਾਤਿਆਂ ਵਿੱਚ ਨਹੀਂ, ਸਗੋਂ ਲੋਕਾਂ ਦੀਆਂ ਦੁਆਵਾਂ ਵਿੱਚ ਹੁੰਦੀ ਹੈ। ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਜੇਕਰ ਨੀਅਤ ਸਾਫ਼ ਹੋਵੇ, ਤਾਂ ਇਕੱਲਾ ਬੰਦਾ ਵੀ ਉਹ ਕਾਰਜ ਕਰ ਸਕਦਾ ਹੈ ਜੋ ਵੱਡੀਆਂ-ਵੱਡੀਆਂ ਸਰਕਾਰਾਂ ਵੀ ਨਹੀਂ ਕਰ ਸਕਦੀਆਂ। ਵਿਦੇਸ਼ ਵਿੱਚ ਰਹਿੰਦਿਆਂ ਹੋਇਆਂ ਵੀ ਉਨ੍ਹਾਂ ਨੇ ਆਪਣੀ ਭਾਸ਼ਾ ਅਤੇ ਰਿਵਾਜ਼ਾਂ ਨਾਲ ਆਪਣਾ ਨਾਤਾ ਕਦੇ ਨਹੀਂ ਤੋੜਿਆ।

**ਉਹ ਅਕਸਰ ਕਹਿੰਦੇ ਹਨ**: ਸੱਭਿਆਚਾਰ ਸਾਡੀ ਪਛਾਣ ਹੈ ਅਤੇ ਇਸਨੂੰ ਬਚਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ।

**ਮਾਨਵਤਾ ਦੀ ਜਿਊਂਦੀ-ਜਾਗਦੀ ਮਿਸਾਲ ਅਤੇ ਭਵਿੱਖ ਦੀ ਆਸ** : ਅੰਤ ਵਿੱਚ, ਮੈਂ ਇਹੀ ਕਹਾਂਗਾ ਕਿ ਸੁੱਖੀ ਬਾਠ ਜੀ ਵਰਗੇ **‘ਸੱਚੇ ਅਤੇ ਸੁੱਚੇ’** ਇਨਸਾਨ ਕਿਸੇ ਖਾਸ ਖੇਤਰ ਜਾਂ ਕੌਮ ਦੀ ਨਿੱਜੀ ਜਾਇਦਾਦ ਨਹੀਂ ਹੁੰਦੇ, ਉਹ ਪੂਰੀ ਮਨੁੱਖਤਾ ਦਾ ਸਾਂਝਾ ਸਰਮਾਇਆ ਹੁੰਦੇ ਹਨ। ਅੱਜ ਚੜ੍ਹਦੀਕਲਾ ਦੇ ਵਿਹੜੇ ਵਿੱਚ ਹੋਈ ਇਹ ਮੁਲਾਕਾਤ, ਜਿਸ ਵਿੱਚ ਸ. ਹਰਪ੍ਰੀਤ ਸਿੰਘ ਦਰਦੀ ਜੀ ਦਾ ਪਿਆਰ ਅਤੇ ਡਾ. ਜਗਜੀਤ ਸਿੰਘ ਦਰਦੀ ਸਾਹਿਬ ਦੀ ਸਿਹਤ ਪ੍ਰਤੀ ਗਹਿਰੀ ਚਿੰਤਾ ਅਤੇ ਸਤਿਕਾਰ ਸ਼ਾਮਲ ਸੀ, ਮੇਰੇ ਲੇਖਣੀ ਦੇ ਸਫ਼ਰ ਦਾ ਇੱਕ ਸੁਨਹਿਰੀ ਪੰਨਾ ਬਣ ਗਈ ਹੈ। ਅਸੀਂ ਸਭ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕਿ ਪਦਮ ਸ੍ਰੀ ਡਾ. ਜਗਜੀਤ ਸਿੰਘ ਦਰਦੀ ਸਾਹਿਬ ਜਲਦੀ ਸਿਹਤਯਾਬ ਹੋ ਕੇ ਮੁੜ ਸਾਡੀ ਰੌਣਕ ਬਣਨ ਅਤੇ ਸੁੱਖੀ ਬਾਠ ਜੀ ਇਸੇ ਤਰ੍ਹਾਂ ਪੰਜਾਬੀਅਤ ਦੇ ਇਸ ਬਗੀਚੇ ਨੂੰ ਆਪਣੀ ਮਿਹਨਤ ਅਤੇ ਨਿਰਸਵਾਰਥ ਪਿਆਰ ਨਾਲ ਸਿੰਜਦੇ ਰਹਿਣ। ਇਹ ਧਰਤੀ ਅਜਿਹੇ ਇਨਸਾਨਾਂ ਸਦਕਾ ਹੀ ਵੱਸ ਰਹੀ ਹੈ, ਜੋ ਆਪਣਾ ਸੁੱਖ ਤਿਆਗ ਕੇ ਲੋਕਾਈ ਦੀ ਸੇਵਾ ਲਈ ਹਰ ਵਕਤ ਖੜ੍ਹੇ ਰਹਿੰਦੇ ਹਨ। ਬਹੁਤ ਘੱਟ ਹੁੰਦੇ ਨੇ ਉਹ ਲੋਕ ਜੋ ਦੂਜਿਆਂ ਲਈ ਜਿਊਂਦੇ ਨੇ, ਸੁੱਖੀ ਬਾਠ ਜੀ ਉਨ੍ਹਾਂ ’ਚੋਂ ਇੱਕ ਹਨ ਜੋ ਸੱਚਮੁੱਚ ਇਨਸਾਨੀਅਤ ਦੀ ਸ਼ਾਨ ਵਧਾਉਂਦੇ ਨੇ।

# ਪੰਜਾਬ ਵਿੱਚ 'ਨਵੇਂ ਬਦਲਾਵ' ਦਾ ਆਗਾਜ

ਸੌਰਭ ਕਪੂਰ
7837811000

ਆਮ ਆਦਮੀ ਪਾਰਟੀ ਨੂੰ ਬੀਤੇ ਸ਼ੁਕਰਵਾਰ ਤਗੜਾ ਝੱਟਕਾ ਲੱਗਿਆ ਹੈ। ਰਾਜਸਭਾ ਮੈਂਬਰ ਰਾਘਵ ਚੱਢਾ ਸਮੇਤ ਆਮ ਆਦਮੀ ਪਾਰਟੀ ਦੇ ਸੱਤ ਰਾਜਸਭਾ ਮੈਂਬਰਾਂ ਨੇ ਆਪ ਪਾਰਟੀ ਤੋਂ ਆਪਣੇ ਆਪ ਨੂੰ ਦੂਰ ਕਰ ਕੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਇਹ ਸੱਤ ਰਾਜਸਭਾ ਮੈਂਬਰ ਰਾਘਵ ਚੱਢਾ, ਸੰਦੀਪ ਪਾਠਕ, ਅਸ਼ੋਕ ਮਿੱਤਲ, ਸਵਾਤੀ ਮਾਲੀਵਾਲ, ਰਾਜਿੰਦਰ ਗੁਪਤਾ, ਵਿਕਰਮ ਸਾਹਨੀ ਅਤੇ ਹਰਭਜਨ ਸਿੰਘ ਹਨ। ਰਾਘਵ ਚੱਢਾ ਨੇ ਇਸ ਨੂੰ ਆਪ ਦੇ ਦੋ ਤਿਹਾਈ ਤੋਂ ਜਿਆਦਾ ਸੰਸਦ ਮੈਂਬਰਾਂ ਦਾ ਭਾਜਪਾ ਵਿੱਚ ਦੱਸਿਆ। ਕਿਓਂਕੀ ਆਪ ਪਾਰਟੀ ਦੇ ਕੁਲ 10 ਰਾਜਸਭਾ ਮੈਂਬਰ ਸਨ, ਜਿਸ ਵਿੱਚੋਂ ਹੁਣ 3 ਹੀ ਰਹਿ ਗਏ ਹਨ।

ਹਮੇਸ਼ਾ ਸੁਨਣ ਨੂੰ ਮਿਲਦਾ ਹੈ ਕਿ ਸੱਤਾ ਨਹੀ, ਵਿਚਾਰਧਾਰਾ ਮਾਇਨੇ ਰੱਖਦੀ ਹੈ। ਅਤੇ ਜਦੋਂ ਵਿਚਾਰ ਰਾਸ਼ਟਰ ਦੇ ਨਾਲ ਜੁੜ ਜਾਣ, ਤਾਂ ਹਰ ਕਦਮ ਇਤਿਹਾਸ ਬਣ ਜਾਂਦਾ ਹੈ। ਆਪ ਦੇ 3 ਰਾਜਸਭਾ ਮੈਂਬਰ ਰਾਘਵ ਚੱਢਾ, ਸੰਦੀਪ ਪਾਠਕ ਅਤੇ ਅਸ਼ੋਕ ਮਿੱਤਲ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਇਸੀ ਬਦਲਾਵ ਅਤੇ ਇਤਿਹਾਸ ਦੀ ਸ਼ੁਰੂਆਤ ਹੈ। ਇਸ ਨਾਲ ਆਪ ਪਾਰਟੀ ਵਿੱਚ ਸਭ ਤੋਂ ਵੱਡੀ ਬਗਾਵਤ ਦੇਖਣ ਨੂੰ ਮਿਲੀ ਹੈ।

ਭਾਜਪਾ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਪ੍ਰੈਸ ਵਾਰਤਾ ਵਿੱਚ ਆਪ ਨਾਲ ਸੰਬੰਧ ਤੋੜਦੇ ਹੋਏ ਰਾਘਵ ਚੱਢਾ ਨੇ ਕਿਹਾ ਕਿ ਆਪ, ਜਿਸ ਵਿੱਚ ਮੈਂ ਆਪਣੇ ਖੂਨ ਪਸੀਨੇ ਨਾਲ ਸਿਰਜਿਆ ਅਤੇ ਆਪਣੀ ਜਵਾਨੀ ਦੇ 15 ਸਾਲ ਦਿੱਤੇ, ਹੁਣ ਉਹ ਆਪਣੇ ਸਿਧਾਂਤਾਂ, ਕੀਮਤਾਂ ਅਤੇ ਮੌਲਿਕ ਨੈਤਿਕਤਾ ਤੋਂ ਭਟਕ ਗਈ ਹੈ। ਹੁਣ ਆਮ ਆਦਮੀ ਪਾਰਟੀ ਦੇਸ਼ ਦੇ ਹਿੱਤ ਦੇ ਲਈ ਨਹੀ, ਸਗੋਂ ਆਪਣੇ ਖੁੱਦ ਦੇ ਫਾਇਦੇ ਦੇ ਲਈ ਕੰਮ ਕਰਦੀ ਹੈ। ਪਿਛਲੇ ਕਈ ਸਾਲਾਂ ਤੋਂ ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਮੈ ਸਹੀ ਆਦਮੀ ਗਲਤ ਪਾਰਟੀ ਵਿੱਚ ਹਾਂ। ਇਸ ਲਈ ਅੱਜ ਅਸੀ ਘੋਸ਼ਣਾ ਕਰਦੇ ਹਾਂ ਕਿ ਖੁਦ ਨੂੰ ਆਪ ਤੋਂ ਅਲਗ ਕਰ ਰਹੇ ਹਾਂ ਤੇ ਜਨਤਾ ਦੇ ਨੇੜੇ ਜਾ ਰਹੇ ਹਾਂ।

2012 ਵਿੱਚ ਅੰਨਾ ਹਜਾਰੇ ਅੰਦੋਲਨ ਤੋਂ ਬਾਅਦ ਆਪਣੀ ਸ਼ੁਰੂਆਤ ਤੋਂ ਹੀ ਆਪ ਦੀ ਰਾਜਨੈਤਿਕ ਤਾਕਤ ਲੰਸੇ ਸਮੇਂ ਤੋ ਪਾਰੰਪਾਰਿਕ ਪਾਰਟਿਆਂ ਤੋਂ ਖੁੱਦ ਨੂੰ ਅਲਗ ਦਿਖਾਉਣ ਦੀ ਕਸੌਟੀ ਤੇ ਟਿਕੀ ਰਹੀ ਹੈ ਉਹ ਵੀ ਇੱਕ ਸੁਧਾਰਵਾਦੀ ਅਤੇ ਸੱਤਾ ਵਿਰੋਧੀ ਸੋਚ ਲਈ। ਪਰ ਰਾਘਵ ਸਮੇਤ ਕੁੱਲ 7 ਰਾਜਸਭਾ ਮੈਂਬਰਾਂ ਦਾ ਪਾਰਟੀ ਛੱਡਣਾ ਇਸ ਸਥਿਤੀ ਨੂੰ ਹੋਰ ਮੁਸ਼ਕਲ ਬਣਾ ਦਿੰਦਾ ਹੈ। ਇਹ ਸਚ ਦੱਸ ਕੇ ਕਿ ਆਮ ਆਦਮੀ ਪਾਰਟੀ ਹੁਣ ਰਾਸ਼ਟਰ ਹਿੱਤ ਦੇ ਲਈ ਨਹੀ ਸਗੋਂ ਨਿਜੀ ਲਾਭਾਂ ਦੇ ਲਈ ਕੰਮ ਕਰਦੀ ਹੈ।

ਇਹ ਫੈਸਲਾ ਪੰਜਾਬ ਵਿੱਚ ਭਾਜਪਾ ਦੀ 2027 ਦੀ ਸਰਕਾਰ ਬਨਣ ਦਾ ਵੀ ਨੀਂਹ ਪੱਥਰ ਹੈ। ਆਪ ਪਾਰਟੀ ਦੀ ਇਸ ਬਗਾਵਤ ਨਾਲ ਅਰਵੁੰਦ ਕੇਜਰੀਵਾਲ ਦੀ ਝੂਠ, ਫਰੇਬ ਅਤੇ ਧੋਖੇਬਾਜਾਂ ਦੀ ਰਾਜਨੀਤੀ ਤੇ ਇੱਕ ਵਾਰ ਫੇਰ ਵੱਡਾ ਸਵਾਲ ਖੜਾ ਹੋਇਆ ਹੈ। ਜਿੰਨ੍ਹਾਂ ਲੋਕਾਂ ਨੇ ਕਦੇ ਆਪ ਦੇ ਨਾਮ ਤੇ ਬਦਲਾਵ ਦਾ ਸਪਨਾ ਦੇਖਿਆ ਸੀ, ਅੱਜ ਉਹੀ ਲੋਕ ਇਸ ਦੀ ਹਕੀਕਤ ਦੇਖ ਕੇ ਇਸ ਪਾਰਟੀ ਤੋਂ ਦੂਰੀ ਬਣਾ ਰਹੇ ਹਨ।

ਆਮ ਆਦਮੀ ਪਾਰਟੀ ਦੇ ਡੁੱਬਦੇ ਜਹਾਜ਼ ਨੂੰ ਸਮੇਂ ਰਹਿੰਦੇ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਸੰਸਦ ਮੈਂਬਰਾਂ ਦਾ ਜਿੱਥੇ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਨਿਤਿਨ ਨਬੀਨ ਜੀ ਨੇ ਮੂੰਹ ਮਿੱਠਾ ਕਰਵਾ ਕੇ ਸਵਾਗਤ ਕੀਤਾ, ਉੱਥੇ ਹੀ ਆਮ ਆਦਮੀ ਪਾਰਟੀ ਵਿੱਚ ਚੱਲ ਰਹੇ ਸਿਆਸੀ ਸੰਕਟ ਵਿੱਚ ਸਮਾਜਿਕ ਕਾਰਕੁਨ ਅੰਨਾ ਹਜ਼ਾਰੇ ਨੇ ਪ੍ਰਤੀਕਿਰਿਆ ਦਿੱਤੀ ਹੈ ਕਿ ਜੇ ਆਮ ਆਦਮੀ ਪਾਰਟੀ 'ਸਹੀ' ਰਾਹ 'ਤੇ ਚੱਲਦੀ ਤਾਂ ਰਾਘਵ ਚੱਢਾ ਅਤੇ ਪਾਰਟੀ ਦੇ ਛੇ ਹੋਰ ਰਾਜ ਸਭਾ ਮੈਂਬਰ ਪਾਰਟੀ ਨਾ ਛੱਡਦੇ। ਉਨ੍ਹਾਂ ਇਹ ਵੀ ਕਿਹਾ ਕਿ ਲੋਕਤੰਤਰ ਵਿੱਚ ਹਰ ਕਿਸੇ ਨੂੰ ਆਪਣੀ ਰਾਏ ਰੱਖਣ ਦਾ ਅਧਿਕਾਰ ਹੈ। ਉਨ੍ਹਾਂ ਨੂੰ ਕੁਝ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੋਵੇਗਾ, ਇਸ ਲਈ ਉਹ ਚਲੇ ਗਏ।



ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਕਿਸੇ ਪਾਰਟੀ ਦੇ ਕਈ ਸੰਸਦ ਮੈਂਬਰ ਇਕੱਠੇ ਛੱਡ ਕੇ ਜਾਂਦੇ ਹਨ ਤਾਂ ਇਹ ਸਿਰਫ਼ ਨਿੱਜੀ ਫੈਸਲਾ ਨਹੀਂ ਹੁੰਦਾ, ਸਗੋਂ ਸੰਗਠਨ ਦੇ ਅੰਦਰ ਡੂੰਘੀ ਪਰੇਸ਼ਾਨੀ ਦਾ ਸੰਕੇਤ ਹੁੰਦਾ ਹੈ। ਆਮ ਆਦਮੀ ਪਾਰਟੀ, ਜੋ ਕਦੇ ਭ੍ਰਿਸ਼ਟਾਚਾਰ ਖ਼ਿਲਾਫ਼ ਅੰਦੋਲਨ ਤੋਂ ਨਿਕਲੀ ਸੀ, ਅੱਜ ਉਸੇ ਦੇ ਅੰਦਰ ਉੱਠ ਰਹੇ ਸਵਾਲ ਉਸ ਨੂੰ ਚੁਣੌਤੀ ਦੇ ਰਹੇ ਹਨ।

ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਨੇਤਾ ਸੰਜੇ ਸਿੰਘ ਕਹਿ ਰਹੇ ਹਨ ਕਿ ਆਮ ਆਦਮੀ ਪਾਰਟੀ ਛੱਡਣ ਵਾਲੇ ਗੱਦਾਰ ਹਨ, ਉਹ ਭੁੱਲ ਚੁੱਕੇ ਹਨ ਕਿ ਪੰਜਾਬ ਦੇ 95 ਵਿਧਾਇਕਾਂ ਵਿੱਚੋਂ ਜ਼ਿਆਦਾਤਰ ਵਿਧਾਇਕ ਦੂਜੀ ਪਾਰਟੀ ਤੋਂ ਆਏ ਹੋਏ ਨੇਤਾ ਹਨ, ਕੀ ਉਹ ਗੱਦਾਰ ਨਹੀਂ? ਕੇਜਰੀਵਾਲ ਅਤੇ ਮੁੱਖ ਮੰਤਰੀ ਮਾਨ ਜੀ, ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਇਹ ਰਾਜ ਸਭਾ ਨੇਤਾ ਆਮ ਆਦਮੀ ਪਾਰਟੀ ਦੀ ਰੀੜ੍ਹ ਦੀ ਹੱਡੀ ਸਨ, ਕੋਈ ਆਮ ਕਾਰਕੁਨ ਨਹੀਂ ਸਨ। ਇਸ ਲਈ ਹੋਸ਼ ਵਿੱਚ ਆਓ।

ਪੰਜਾਬ ਦੀ ਜਨਤਾ ਪਹਿਲਾਂ ਹੀ ਤੁਹਾਡੇ ਖਰਾਬ ਸ਼ਾਸਨ, ਵੱਧਦੇ ਭ੍ਰਿਸ਼ਟਾਚਾਰ, ਖਰਾਬ ਹੁੰਦੀ ਕਾਨੂੰਨ-ਵਿਵਸਥਾ ਅਤੇ ਟੁੱਟੇ ਵਾਅਦਿਆਂ ਕਾਰਨ ਨਿਰਾਸ਼ ਹੋ ਚੁੱਕੀ ਹੈ। ਹੁਣ ਪਾਰਟੀ ਦੇ ਅੰਦਰਲੇ ਲੋਕ ਵੀ ਇਹ ਸਮਝ ਰਹੇ ਹਨ ਕਿ ਜਨਹਿਤ ਤੋਂ ਭਟਕ ਚੁੱਕੀ ਇਸ ਪਾਰਟੀ ਵਿੱਚ ਉਨ੍ਹਾਂ ਦਾ ਭਵਿੱਖ ਨਹੀਂ ਹੈ। ਇਹ ਬਗਾਵਤ ਕੇਜਰੀਵਾਲ ਲਈ ਇੱਕ ਸਪੱਸ਼ਟ ਸੰਦੇਸ਼ ਹੈ ਕਿ ਪੰਜਾਬ ਹੁਣ ਭ੍ਰਮ ਵਿੱਚ ਨਹੀਂ, ਸਗੋਂ ਸਥਿਰਤਾ, ਵਿਕਾਸ ਅਤੇ ਭਰੋਸੇ ਦੀ ਰਾਜਨੀਤੀ ਚਾਹੁੰਦਾ ਹੈ।

7 ਰਾਜ ਸਭਾ ਸੰਸਦ ਮੈਂਬਰਾਂ ਦੀ ਬਗਾਵਤ ਤੋਂ ਬਾਅਦ ਇਹ ਸਿਲਸਿਲਾ ਰੁਕਣ ਵਾਲਾ ਨਹੀਂ ਹੈ, ਸਗੋਂ ਇਹ ਪੰਜਾਬ ਵਿੱਚ ਨਵੇਂ ਬਦਲਾਅ ਦੀ ਸ਼ੁਰੂਆਤ ਹੈ। ਪੰਜਾਬ ਵਿੱਚ ਭਾਜਪਾ 'ਤੇ ਹੀ ਭਰੋਸਾ ਇੱਕ ਵਿਕਲਪ ਹੈ। ਇਹ ਇਤਿਹਾਸਕ ਬਗਾਵਤ ਦੇਖ ਕੇ 'ਮੀਰ ਤਕੀ ਮੀਰ' ਦੀਆਂ ਕੁਝ ਪੰਕਤੀਆਂ ਯਾਦ ਆਉਂਦੀਆਂ ਹਨ–

ਇਬਤਿਦਾ-ਏ-ਇਸ਼ਕ ਹੈ ਰੋਤਾ ਹੈ ਕੀਆ,
ਅੱਗੇ-ਅੱਗੇ ਦੇਖਿਏ ਹੋਤਾ ਹੈ ਕੀਆ।

# ਭਾਰਤ ਨਿਊਜ਼ੀਲੈਂਡ ਐਫਟੀਏ: ਕਿਸਾਨਾਂ, ਨੌਜਵਾਨਾਂ, ਨੌਕਰੀਆਂ ਅਤੇ ਵਿਕਾਸ ਲਈ ਮਹਿਲਾਵਾਂ ਦੀ ਅਗਵਾਈ ਵਿੱਚ ਇੱਕ ਇਤਿਹਾਸਿਕ ਸਮਝੌਤਾ

ਪਿਯੂਸ਼ ਗੋਇਲ

ਭਾਰਤ-ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤਾ (ਐਫਟੀਏ), ਜਿਸ 'ਤੇ ਸੋਮਵਾਰ ਨੂੰ ਹਸਤਾਖਰ ਕੀਤੇ ਜਾਣਗੇ, ਵਿਕਸਿਤ ਦੁਨੀਆ ਦੇ ਨਾਲ ਭਾਰਤ ਦੀ ਸ਼ਮੂਲੀਅਤ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਇਨ੍ਹਾਂ ਗਲੋਬਲ ਆਰਥਿਕ ਸਾਂਝੇਦਾਰੀਆਂ ਨੂੰ ਕਿਸਾਨਾਂ, ਮਹਿਲਾਵਾਂ, ਨੌਜਵਾਨਾਂ ਅਤੇ ਰੁਜ਼ਗਾਰ ਪੈਦਾ ਕਰਨ ਵਾਲੇ ਉਦਯੋਗਾਂ ਦੇ ਲਈ ਠੋਸ ਲਾਭ ਵਿੱਚ ਬਦਲਣ ਨਾਲ ਜੁੜੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦ੍ਰਿਸ਼ਟੀਕੋਣ ਵਿੱਚ ਹੋਈ ਨਿਰਣਾਇਕ ਤਰੱਕੀ ਨੂੰ ਪ੍ਰਤੀਬਿੰਬਤ ਕਰਦਾ ਹੈ।

ਇੱਹ ਐਫਟੀਏ ਪ੍ਰਮੁੱਖ ਵਿਕਸਿਤ ਅਰਥਵਿਵਸਥਾਵਾਂ, ਜਿਸ ਵਿੱਚ ਯੂਨਾਈਟੇਡ ਕਿੰਗਡਮ ਅਤੇ ਯੂਰੋਪੀਅਨ ਸੰਘ ਸ਼ਾਮਲ ਹਨ, ਦੇ ਨਾਲ ਹੋਏ ਕਈ ਇਤਿਹਾਸਿਕ ਵਪਾਰ ਸਮਝੌਤਿਆਂ ਦੇ ਬਾਅਦ ਹੋ ਰਿਹਾ ਹੈ। ਇਹ ਸਮਝੌਤੇ ਵਿਸ਼ਵਵਿਆਪੀ ਬਜ਼ਾਰਾਂ ਵਿੱਚ ਭਾਰਤ ਦੀ ਸਥਿਤੀ ਨੂੰ ਮਜ਼ਬੂਤ ਕਰਦੇ ਹਨ ਅਤੇ ਨਿਰਯਾਤਕਾਂ ਨੂੰ ਦੁਨੀਆ ਦੀਆਂ ਕੁਝ ਸਭ ਤੋਂ ਲਾਭਕਾਰੀ ਅਰਥਵਿਵਸਥਾਵਾਂ ਵਿੱਚ, ਇੱਥੋਂ ਤੱਕ ਕਿ ਵਰਤਮਾਨ ਵਿਸ਼ਵਵਿਆਪੀ ਅਨਿਸ਼ਚਿਤਤਾ ਅਤੇ ਉਥਲ-ਪੁਥਲ ਦਰਮਿਆਨ ਵੀ, ਮੁਕਾਬਲੇਬਾਜ਼ੀ ਅਧਾਰਿਤ ਵਾਧਾ ਪ੍ਰਦਾਨ ਕਰਦੇ ਹਨ।

**ਨਿਰਯਾਤ ਅਤੇ ਰੁਜ਼ਗਾਰ ਨੂੰ ਮਜ਼ਬੂਤ ਹੁਲਾਰਾ**: ਦੋਵਾਂ ਧਿਰਾਂ ਲਈ ਸਮਾਨ ਤੌਰ 'ਤੇ ਲਾਭਕਾਰੀ ਇਸ ਸਮਝੌਤੇ ਦੇ ਕੇਂਦਰ ਵਿੱਚ ਨਿਊਜ਼ੀਲੈਂਡ ਦੀ ਇਹ ਵਚਨਬੱਧਤਾ ਹੈ ਕਿ ਉਹ ਤੁਰੰਤ ਹੀ ਸਾਰੇ ਭਾਰਤੀ ਉਤਪਾਦਾਂ 'ਤੇ ਡਿਊਟੀ ਸਮਾਪਤ ਕਰ ਦੇਣਗੇ, ਜਿਸ ਨਾਲ ਉਸ ਬਜ਼ਾਰ ਵਿੱਚ ਇੱਕ ਮਹੱਤਵਪੂਰਨ ਰੁਕਾਵਟ ਦੂਰ ਹੋਵੇਗੀ, ਜਿੱਥੇ ਸਾਡੇ ਪ੍ਰਮੁੱਖ ਨਿਰਯਾਤ 'ਤੇ ਵਰਤਮਾਨ ਵਿੱਚ 10% ਡਿਊਟੀ ਲਗਾਈ ਜਾਂਦੀ ਹੈ। ਇਹ ਟੈਕਸਟਾਈਲ, ਕਾਲੀਨ, ਧਾਗੇ, ਕੱਪੜੇ, ਫੁਟਵੀਅਰ, ਬੈਗ, ਬੈਲਟ, ਵਾਹਨ ਕੰਪੋਨੈਂਟ, ਮਸ਼ੀਨਰੀ, ਉਪਕਰਣ, ਰਤਨ ਅਤੇ ਗਹਿਣੇ ਅਤੇ ਦਸਤਕਾਰੀ ਜਿਹੇ ਸ਼ਰਮ-ਪ੍ਰਧਾਨ ਖੇਤਰਾਂ ਲਈ ਇੱਕ ਵੱਡਾ ਪ੍ਰੋਤਸਾਹਨ ਹੈ। ਰੁਜ਼ਗਾਰ ਦੇ ਮੌਕਿਆਂ ਦਾ ਸਿਰਜਣ ਕਰਨ ਵਾਲੇ ਇਹ ਉਦਯੋਗ ਭਾਰਤ ਦੇ ਐਮਐਸਐਮਈ ਈਕੋਸਿਸਟਮ ਦੀ ਰੀੜ੍ਹ ਦੀ ਹੱਡੀ ਹਨ ਅਤੇ ਇਨ੍ਹਾਂ ਨੂੰ ਕੀਮਤ ਮੁਕਾਬਲੇ ਅਤੇ ਬਜ਼ਾਰ ਪਹੁੰਚ ਤੋਂ ਲਾਭ ਮਿਲੇਗਾ। ਇਸ ਨਾਲ ਨਿਰਯਾਤ ਵਧੇਗਾ ਅਤੇ ਨਿਰਮਾਣ ਕੇਂਦਰਾਂ, ਕਾਰੀਗਰ ਭਾਈਚਾਰਿਆਂ ਅਤੇ ਛੋਟੇ ਉੱਦਮਾਂ ਵਿੱਚ ਵੱਡੇ ਪੈਮਾਨੇ 'ਤੇ ਰੁਜ਼ਗਾਰ ਸਿਰਜਣ ਨੂੰ ਹੁਲਾਰਾ ਮਿਲੇਗਾ।

ਇਹ ਸਮਝੌਤਾ ਉਸ ਵਿਆਪਕ ਦਰਸ਼ਨ ਨੂੰ ਪ੍ਰਤੀਬਿੰਬਤ ਕਰਦਾ ਹੈ, ਜੋ 2014 ਵਿੱਚ ਮੋਦੀ ਸਰਕਾਰ ਦੇ ਗਠਨ ਤੋਂ ਬਾਅਦ ਭਾਰਤ ਦੀ ਵਪਾਰ ਨੀਤੀ ਦਾ ਮਾਰਗਦਰਸ਼ਨ ਕਰ ਰਿਹਾ ਹੈ। ਇਹ ਸਮਾਵੇਸ਼, ਸਸ਼ਕਤੀਕਰਣ ਅਤੇ ਸਾਂਝੀ ਸਮ੍ਰਿੱਧੀ ਵਿੱਚ ਸ਼ਾਮਲ ਹੈ। ਵਪਾਰ ਨੂੰ ਰਾਸ਼ਟਰੀ ਪਰਿਵਰਤਨ ਦੇ ਉਪਕਰਣ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ, ਜੋ ਕਿਸਾਨਾਂ, ਵਰਕਰਾਂ, ਮਹਿਲਾਵਾਂ, ਨੌਜਵਾਨਾਂ ਅਤੇ ਵੰਚਿਤ ਭਾਈਚਾਰਿਆਂ ਨੂੰ ਲਾਭ ਪੁਹੰਚਾਉਂਦਾ ਹੈ।

**ਨਾਰੀ ਸ਼ਕਤੀ**: ਇਸ ਸਮਝੌਤੇ ਦੀ ਇੱਕ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਇਹ ਭਾਰਤ ਦਾ ਪਹਿਲਾ ਮਹਿਲਾ-ਅਗਵਾਈ ਵਾਲਾ ਐਫਟੀਏ ਹੈ। ਵਾਰਤਾ ਟੀਮ ਦੀਆਂ ਲਗਭਗ ਸਾਰੀਆਂ ਮੈਂਬਰ ਮਹਿਲਾਵਾਂ ਸਨ। ਇਨ੍ਹਾਂ ਵਿੱਚ ਮੁੱਖ ਵਾਰਤਾਕਾਰ, ਡਿਪਟੀ ਚੀਫ਼ ਵਾਰਤਾਕਾਰ, ਏਰੀਆ ਹੈੱਡ ਅਤੇ ਨਿਊਜ਼ੀਲੈਂਡ ਵਿੱਚ ਭਾਰਤ ਦੇ ਰਾਜਦੂਤ ਸ਼ਾਮਲ ਹਨ।

ਇਹ ਉਪਲਬਧੀ ਮੋਦੀ ਸਰਕਾਰ ਵਿੱਚ ਮਹਿਲਾਵਾਂ ਦੇ ਵਧਦੇ ਮਹੱਤਵ ਨੂੰ ਦਰਸਾਉਂਦੀ ਹੈ। ਇਹ ਸ਼ਾਸਨ, ਅਗਵਾਈ ਅਤੇ ਵੱਖ-ਵੱਖ ਖੇਤਰਾਂ ਵਿੱਚ ਫੈਸਲਾ ਲੈਣ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਵਧਾਉਣ ਦੇ ਵਿਆਪਕ ਯਤਨਾਂ ਦੇ ਅਨੁਸਾਰ ਹੈ ਅਤੇ ਰਾਸ਼ਟਰੀ ਵਿਕਾਸ ਦੇ ਸੰਚਾਲਕ ਵਜੋਂ ਨਾਰੀ ਸ਼ਕਤੀ ਦੇ ਵਿਚਾਰ ਨੂੰ ਮਜ਼ਬੂਤ ਕਰਦੀ ਹੈ।

**ਕਿਸਾਨ ਪਹਿਲਾਂ**: ਐਫਟੀਏ ਦੀ ਬੁਨਿਆਦ ਖੇਤੀਬਾੜੀ ਉਤਪਾਦਕਤਾ ਵਧਾਉਣ ਲਈ ਸਾਵਧਾਨੀਪੂਰਵਕ ਤਿਆਰ ਕੀਤੀ ਗਈ ਹੈ। ਨਿਊਜ਼ੀਲੈਂਡ ਕੀਵੀ, ਸੇਬ ਅਤੇ ਸ਼ਹਿਦ ਲਈ ਖੇਤੀਬਾੜੀ ਉਤਪਾਦਕਤਾ ਕਾਰਜ ਯੋਜਨਾਵਾਂ ਦਾ ਸਮਰਥਨ ਕਰੇਗਾ। ਇਨ੍ਹਾਂ ਪਹਿਲਕਦਮੀਆਂ ਵਿੱਚ ਬਿਹਤਰ ਬੀਜ ਸਮੱਗਰੀ, ਖੋਜ ਸਹਿਯੋਗ, ਕਿਸਾਨਾਂ ਦੇ ਲਈ ਸਮਰੱਥਾ ਨਿਰਮਾਣ, ਬਾਗਬਾਨੀ ਪ੍ਰਬੰਧਨ ਪ੍ਰਥਾਵਾਂ, ਵਾਢੀ ਤੋਂ ਬਾਅਦ ਸੁਧਾਰ, ਖੁਰਾਕ ਸੁਰੱਖਿਆ ਪ੍ਰਣਾਲੀ ਅਤੇ ਉੱਤਮਤਾ ਕੇਂਦਰਾਂ ਦੀ ਸਥਾਪਨਾ ਸ਼ਾਮਲ ਹੈ। ਸੇਬ ਉਤਪਾਦਕਾਂ ਅਤੇ ਟਿਕਾਊ ਮਧੂ ਮੱਖੀ ਪਾਲਣ ਅਤੇ ਤੌਰ-ਤਰੀਕਿਆਂ ਦੇ ਲਈ ਪ੍ਰੋਜੈਕਟਸ ਉਤਪਾਦਨ ਅਤੇ ਗੁਣਵੱਤਾ ਮਿਆਰਾਂ ਨੂੰ ਵਧਾਏਗੀ, ਜਿਸ ਨਾਲ ਖੇਤੀਬਾੜੀ ਸਮ੍ਰਿੱਧੀ ਵਿੱਚ ਵਾਧਾ ਹੋਵੇਗਾ। ਇਸ ਦੇ ਨਾਲ ਹੀ ਭਾਰਤ ਨੇ ਆਪਣੇ ਪ੍ਰਮੁੱਖ ਖੇਤੀਬਾੜੀ ਹਿੱਤਾਂ ਦੀ ਮਜ਼ਬੂਤੀ ਨਾਲ ਸੁਰੱਖਿਆ ਕੀਤੀ ਹੈ। ਡੇਅਰੀ ਉਤਪਾਦਾਂ (ਜਿਵੇਂ ਦੁੱਧ, ਕ੍ਰੀਮ, ਵਹੇ, ਦਹੀ ਅਤੇ ਪਨੀਰ); ਪਿਆਜ਼, ਛੋਲੇ, ਮਟਰ, ਮੱਕੀ, ਬਾਦਾਮ, ਚੀਨੀ ਅਤੇ ਕੁਝ ਖਾਸ ਤੇਲ ਅਤੇ ਵਸਾ ਜਿਹੀਆਂ ਸੰਵੇਦਨਸ਼ੀਲ ਵਸੂਤਆਂ ਨੂੰ ਡਿਊਟੀ ਛੋਟ ਤੋਂ ਬਾਹਰ ਰੱਖਿਆ ਗਿਆ ਹੈ। ਸਮਝੌਤਾ ਯਕੀਨੀ ਬਣਾਉਂਦਾ ਹੈ ਕਿ ਘਰੇਲੂ ਕਿਸਾਨ ਹਾਨੀਕਾਰਕ ਆਯਾਤ ਮੁਕਾਬਲੇਬਾਜ਼ੀ ਤੋਂ ਸੁਰੱਖਿਅਤ ਰਹਿਣ। ਕਿਸਾਨਾਂ ਅਤੇ ਮਛੇਰਿਆਂ ਦੇ ਹਿੱਤਾਂ ਦੀ ਰੱਖਿਆ ਕਰਨਾ ਸਾਰੇ ਵਪਾਰ ਵਾਰਤਾਵਾਂ ਵਿੱਚ ਭਾਰਤ ਦੇ ਦ੍ਰਿਸ਼ਟੀਕੋਣ ਦਾ ਕੇਂਦਰ ਰਿਹਾ ਹੈ।

**ਯੁਵਾ ਅਤੇ ਪੇਸ਼ੇਵਰ**: ਸਮਝੌਤੇ ਦਾ ਇੱਕ ਪ੍ਰਮੁੱਖ ਥੰਮ੍ਹ ਵਿਦਿਆਰਥੀਆਂ ਅਤੇ ਕੁਸ਼ਲ ਪੇਸ਼ੇਵਰਾਂ ਲਈ ਵਧੀ ਹੋਈ ਆਵਾਜਾਈ ਦੀ ਸੁਵਿਧਾ ਹੈ, ਜੋ ਭਾਰਤ ਦੇ ਨੌਜਵਾਨਾਂ ਲਈ ਨਵੇਂ ਗਲੋਬਲ ਮਾਰਗ ਦਾ ਨਿਰਮਾਣ ਕਰਦੀ ਹੈ।

ਕਿਸੇ ਵੀ ਦੁਵੱਲੇ ਵਪਾਰ ਸਮਝੌਤੇ ਵਿੱਚ ਪਹਿਲੀ ਵਾਰ, ਨਿਊਜ਼ੀਲੈਂਡ ਨੇ ਭਾਰਤੀ ਵਿਦਿਆਰਥੀਆਂ ਦੀ ਆਵਾਜਾਈ ਅਤੇ ਅਧਿਐਨ ਦੇ ਬਾਅਦ ਕੰਮ ਕਰਨ ਦੇ ਮੌਕਿਆਂ ਲਈ ਇੱਕ ਢਾਂਚਾਗਤ ਲੈਸ ਫਾਰਮੈਟ ਪੇਸ਼ ਕੀਤਾ ਹੈ। ਭਾਰਤੀ ਵਿਦਿਆਰਥੀਆਂ 'ਤੇ ਕੋਈ ਸੰਖਿਆਤਮਕ ਸੀਮਾ ਨਹੀਂ ਹੈ। ਵਿਦਿਆਰਥੀਆਂ ਨੂੰ ਅਧਿਐਨ ਦੌਰਾਨ ਪ੍ਰਤੀ ਹਫ਼ਤਾ ਘੱਟ ਤੋਂ ਘੱਟ 20 ਘੰਟੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ, ਜਦੋਂ ਕਿ ਅਧਿਐਨ ਤੋਂ ਬਾਅਦ ਕੰਮ ਕਰਨ ਦੇ ਅਧਿਕਾਰ, ਐਸਟੀਈਐਮ ਗ੍ਰੈਜੂਏਟਾਂ ਲਈ ਤਿੰਨ ਵਰ੍ਹਿਆਂ ਤੱਕ ਅਤੇ ਡਾਕਟਰ ਡਿਗਰੀ ਦੇ ਖੋਜਕਰਤਾਵਾਂ ਲਈ ਚਾਰ ਵਰ੍ਹਿਆਂ ਤੱਕ ਵਧਾਏ ਗਏ ਹਨ।

ਸਮਝੌਤਾ ਕਿਸੇ ਵੀ ਸਮੇਂ 5,000 ਭਾਰਤੀ ਪੇਸ਼ੇਵਰਾਂ ਤੱਕ ਲਈ ਅਸਥਾਈ ਰੁਜ਼ਗਾਰ ਪ੍ਰਵੇਸ਼ ਵੀਜ਼ਾ ਮਾਰਗ ਪੇਸ਼ ਕਰਦਾ ਹੈ, ਜਿਸ ਦੇ ਤਹਿਤ ਆਈਟੀ, ਇੰਜੀਨੀਅਰਿੰਗ, ਸਿਹਤ ਸੰਭਾਲ, ਸਿੱਖਿਆ, ਨਿਰਮਾਣ ਅਤੇ ਯੋਗਾ, ਆਯੁਰਵੇਦ, ਭਾਰਤੀ ਪਕਵਾਨ ਅਤੇ ਸੰਗੀਤ ਸਿੱਖਿਆ ਜਿਹੇ ਚੁਣੇ ਹੋਏ ਰਵਾਇਤੀ ਖੇਤਰਾਂ ਵਿੱਚ ਤਿੰਨ ਵਰ੍ਹਿਆਂ ਤੱਕ ਰਹਿਣ ਦੀ ਇਜ਼ਾਜਤ ਹੋਵੇਗੀ।

ਇਸ ਤੋਂ ਇਲਾਵਾ ਇੱਕ ਵਰਕਿੰਗ ਹੌਲੀਡੇਅ ਵੀਜ਼ਾ ਯੋਜਨਾ ਹਰੇਕ ਵਰੇ 1,000 ਯੁਵਾ ਭਾਰਤੀਆਂ ਨੂੰ ਨਿਊਜ਼ੀਲੈਂਡ ਵਿੱਚ 12 ਮਹੀਨੇ ਤੱਕ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦੇਵੇਗੀ, ਜਿਸ ਨਾਲ ਸੱਭਿਆਚਾਰਕ ਅਦਾਨ-ਪ੍ਰਦਾਨ ਅਤੇ ਗਲੋਬਲ ਅਨੁਭਵ ਨੂੰ ਮਜ਼ਬੂਤੀ ਮਿਲੇਗੀ।

**ਨਿਵੇਸ਼ ਅਤੇ ਨਵੀਨਤਾ**: ਨਿਊਜ਼ੀਲੈਂਡ ਨੇ ਭਾਰਤ ਵਿੱਚ 20 ਅਰਬ ਡਾਲਰ ਦੇ ਨਿਵੇਸ਼ ਲਈ ਵਚਨਬੱਧਤਾ ਜਤਾਈ ਹੈ। ਇਸ ਨਾਲ ਮੈਨੂਫੈਕਚਰਿੰਗ, ਬੁਨਿਆਦੀ ਢਾਂਚਾ, ਨਵਿਆਉਣਯੋਗ ਊਰਜਾ, ਡਿਜ਼ੀਟਲ ਸੇਵਾਵਾਂ, ਇਨੋਵੇਸ਼ਨ ਈਕੋਸਿਸਟਮ ਅਤੇ ਰੁਜ਼ਗਾਰ ਸਿਰਜਣ ਨੂੰ ਸਮਰਥਨ ਮਿਲਣ ਦੀ ਉਮੀਦ ਹੈ।

ਜਵਾਬਦੇਹੀ ਯਕੀਨੀ ਬਣਾਉਣ ਲਈ ਇੱਕ 'ਪੁਨਰ ਸੰਤੁਲਨ ਸੈਕਸ਼ਨ' ਸ਼ਾਮਲ ਕੀਤਾ ਗਿਆ ਹੈ, ਜਿਸ ਨਾਲ ਭਾਰਤ ਨੂੰ ਇਹ ਅਧਿਕਾਰ ਮਿਲਦਾ ਹੈ ਕਿ ਜੇਕਰ ਨਿਵੇਸ਼ ਸਬੰਧੀ ਵਚਨਬੱਧਤਾਵਾਂ ਪੂਰੀਆਂ ਨਹੀਂ ਹੁੰਦੀਆਂ ਹਨ, ਤਾਂ ਉਹ ਸੁਧਾਰਾਤਮਕ ਕਦਮ ਚੁੱਕ ਸਕਦਾ ਹੈ। ਇਹ ਸਮਝੌਤਾ ਖੋਜ, ਤਕਨਾਲੋਜੀ ਟਰਾਂਸਫਰ, ਕੌਸ਼ਲ ਵਿਕਾਸ ਅਤੇ ਨਵੀਨਤਾ ਅਧਾਰਿਤ ਖੇਤਰਾਂ ਵਿੱਚ ਸਹਿਯੋਗ ਨੂੰ ਵੀ ਹੁਲਾਰਾ ਦਿੰਦਾ ਹੈ, ਜਿਸ ਨਾਲ ਇਹ ਯਕੀਨੀ ਹੁੰਦਾ ਹੈ ਕਿ ਲੰਬੇ ਸਮੇਂ ਲਈ ਵਿਕਾਸ ਯੋਗ ਸਾਂਝੇਦਾਰੀਆਂ ਵਿੱਚ ਵਪਾਰ ਪੂਰਕ ਭੂਮਿਕਾ ਨਿਭਾਏਗਾ।

**ਵਪਾਰ ਰਣਨੀਤੀ**: ਭਾਰਤ ਨਿਊਜ਼ੀਲੈਂਡ ਐਫਟੀਏ ਵਿਕਸਿਤ ਅਰਥਵਿਵਸਥਾਵਾਂ ਦੇ ਨਾਲ ਸਾਂਝੇਦਾਰੀ ਕਰਨ ਦੀ ਸਪੱਸ਼ਟ ਅਤੇ ਭਰੋਸੇਮੰਦ ਵਪਾਰ ਰਣਨੀਤੀ ਨੂੰ ਪ੍ਰਤੀਬਿੰਬਤ ਕਰਦਾ ਹੈ, ਜੋ ਭਾਰਤ ਦੇ ਸ਼ਰਮ ਪ੍ਰਧਾਨ ਖੇਤਰਾਂ ਦੇ ਲਈ ਸਾਰਥਕ ਬਜ਼ਾਰ ਪਹੁੰਚ ਦੀ ਸੁਵਿਧਾ ਦਿੰਦਾ ਹੈ ਅਤੇ ਘਰੇਲੂ ਸੰਵੇਦਨਸ਼ੀਲਤਾ ਦਾ ਸਨਮਾਨ ਕਰਦਾ ਹੈ।

ਅੱਜ ਭਾਰਤ ਤਾਕਤ ਅਤੇ ਭਰੋਸੇਯੋਗਤਾ ਦੀ ਸਥਿਤੀ ਦੇ ਨਾਲ ਗੱਲਬਾਤ ਕਰਦਾ ਹੈ। ਪਹਿਲਾਂ ਦੇ ਦਹਾਕਿਆਂ ਵਿੱਚ ਵਪਾਰ ਸਮਝੌਤਿਆਂ ਨੂੰ ਅਕਸਰ ਸੰਵੇਦਨਸ਼ੀਲ ਖੇਤਰਾਂ ਨੂੰ ਉੱਚਿਤ ਸੁਰੱਖਿਆ ਦਿੱਤੇ ਬਿਨਾਂ ਅੰਤਿਮ ਰੂਪ ਦਿੱਤਾਜਾਂਦਾ ਸੀ, ਇਸਦੇ ਉਲਟ ਮੌਜੂਦਾ ਗੱਲਬਾਤ ਯਕੀਨੀ ਬਣਾਉਂਦੀ ਹੈ ਕਿ ਖੇਤੀਬਾੜੀ, ਡੇਅਰੀ ਅਤੇ ਹੋਰ ਸੰਵੇਦਨਸ਼ੀਲ ਖੇਤਰ ਪੂਰੀ ਤਰ੍ਹਾਂ ਸੁਰੱਖਿਅਤ ਰਹਿਣ।

ਜਿਵੇਂ-ਜਿਵੇਂ ਭਾਰਤ ਵਿਕਸਿਤ ਅਰਥਵਿਵਸਥਾਵਾਂ ਦੇ ਨਾਲ ਆਪਣੀ ਸ਼ਮੂਲੀਅਤ ਨੂੰ ਡੂੰਘਾ ਕਰ ਰਿਹਾ ਹੈ, ਵਿਕਸਿਤ ਦੁਨੀਆ ਦੇ ਨਾਲ ਹੋਏ ਵਪਾਰ ਸਮਝੌਤੇ ਇਸ ਤੱਥ ਦੀ ਸਸ਼ਕਤ ਉਦਾਹਰਣ ਪੇਸ਼ ਕਰਦੇ ਹਨ ਕਿ ਵਪਾਰ ਨੀਤੀ ਨੂੰ ਕਿਵੇਂ ਰਾਸ਼ਟਰੀ ਵਿਕਾਸ ਟੀਚਿਆਂ ਦੇ ਨਾਲ ਰੇਖਾਂਕਿਤ ਕੀਤਾ ਜਾ ਸਕਦਾ ਹੈ, ਜਿਸ ਨਾਲ ਵਿਕਸਿਤ ਭਾਰਤ 2047 ਦਾ ਟੀਚਾ ਹਾਸਲ ਕਰਨ ਦੀ ਦਿਸ਼ਾ ਵਿੱਚ ਸਮਾਵੇਸ਼ੀ ਵਾਧਾ ਅਤੇ ਲੰਬੇ ਸਮੇਂ ਦੀ ਆਰਥਿਕ ਮਜ਼ਬੂਤੀ ਯਕੀਨੀ ਹੁੰਦੀ ਹੈ।

**(ਲੇਖਕ ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਹਨ)**

# ਸਮੁੰਦਰ ਦੀਆਂ ਡੂੰਘਾਈਆਂ ਵਿੱਚ ਭਾਰਤ ਦੀ ਸ਼ਕਤੀ

ਡਾ. ਸਤਿਆਵਾਨ ਸੌਰਭ

ਆਧੁਨਿਕ ਯੁੱਗ ਵਿੱਚ, ਯੁੱਧ ਦੀ ਪ੍ਰਕਿਰਤੀ ਰਵਾਇਤੀ ਸੀਮਾਵਾਂ ਨੂੰ ਪੂਰੀ ਤਰ੍ਹਾਂ ਪਾਰ ਕਰ ਗਈ ਹੈ। ਇਹ ਹੁਣ ਟੈਂਕਾਂ, ਹਵਾਈ ਜਹਾਜ਼ਾਂ ਜਾਂ ਸੈਨਿਕਾਂ ਤੱਕ ਸੀਮਿਤ ਨਹੀਂ ਹੈ, ਸਗੋਂ ਇੱਕ ਬਹੁਪੱਖੀ, ਗੁੰਝਲਦਾਰ ਅਤੇ ਤਕਨਾਲੋਜੀ-ਸੰਬੰਧੀ ਪ੍ਰਕਿਰਿਆ ਬਣ ਗਈ ਹੈ, ਜਿਸ ਵਿੱਚ ਡਰੋਨ, ਸਾਈਬਰ ਹਮਲੇ, ਪੁਲਾੜ-ਅਧਾਰਤ ਨਿਗਰਾਨੀ ਪ੍ਰਣਾਲੀਆਂ, ਨਕਲੀ ਬੁੱਧੀ ਅਤੇ ਹਾਈਪਰਸੋਨਿਕ ਮਿਜ਼ਾਈਲਾਂ ਇੱਕਜੁੱਟ ਹੋ ਕੇ ਕੰਮ ਕਰਦੀਆਂ ਹਨ। ਇਸ ਬਦਲਦੇ ਦ੍ਰਿਸ਼ ਵਿੱਚ ਯੁੱਧ ਹੁਣ ਇੱਕ ਭੂਗੋਲਿਕ ਖੇਤਰ ਤੱਕ ਸੀਮਤ ਨਹੀਂ ਹੈ, ਸਗੋਂ ਸਮੁੰਦਰ, ਹਵਾ, ਜ਼ਮੀਨ ਅਤੇ ਸਾਈਬਰਸਪੇਸ ਵਿਚਕਾਰ ਨਿਰੰਤਰ ਤਾਲਮੇਲ ਵਿੱਚ ਕੰਮ ਕਰਦਾ ਹੈ। ਅਜਿਹੇ ਮਾਹੌਲ ਵਿੱਚ ਭਾਰਤ ਵਰਗੀ ਉੱਭਰ ਰਹੀ ਖੇਤਰੀ ਅਤੇ ਵਿਸ਼ਵ ਸ਼ਕਤੀ ਲਈ ਆਪਣੀ ਸੁਰੱਖਿਆ ਰਣਨੀਤੀ ਨੂੰ ਮੁੜ ਪਰਿਭਾਸ਼ਿਤ ਕਰਨਾ ਜ਼ਰੂਰੀ ਹੋ ਗਿਆ ਹੈ। ਪ੍ਰਮਾਣੂ ਰੋਕਥਾਮ ਦਾ ਵਿਕਾਸ, ਖਾਸ ਕਰਕੇ ਸਮੁੰਦਰੀ ਖੇਤਰ ਵਿੱਚ, ਹੁਣ ਇੱਕ ਵਿਕਲਪ ਨਹੀਂ ਸਗੋਂ ਇੱਕ ਰਣਨੀਤਕ ਜ਼ਰੂਰਤ ਹੈ, ਕਿਉਂਕਿ ਇਹ ਨਾ ਸਿਰਫ਼ ਭਾਰਤ ਦੀ ਰੱਖਿਆ ਸਮਰੱਥਾ ਨੂੰ ਮਜ਼ਬੂਤ ਕਰਦਾ ਹੈ ਬਲਕਿ ਇਸਦੀ ਵਿਸ਼ਵਵਿਆਪੀ ਰਣਨੀਤਕ ਸਥਿਤੀ ਨੂੰ ਵੀ ਮਜ਼ਬੂਤ ਕਰਦਾ ਹੈ।

ਹਿੰਦ ਮਹਾਸਾਗਰ ਖੇਤਰ ਵਿੱਚ ਬਦਲਦੀ ਭੂ-ਰਾਜਨੀਤਿਕ ਸਥਿਤੀ ਇਸ ਲੋੜ ਨੂੰ ਹੋਰ ਵੀ ਉਜਾਗਰ ਕਰਦੀ ਹੈ। ਇਹ ਖੇਤਰ ਨਾ ਸਿਰਫ਼ ਰਣਨੀਤਕ ਤੌਰ 'ਤੇ ਮਹੱਤਵਪੂਰਨ ਹੈ, ਸਗੋਂ ਵਿਸ਼ਵ ਵਪਾਰ ਅਤੇ ਊਰਜਾ ਸਪਲਾਈ ਲਈ ਇੱਕ ਪ੍ਰਮੁੱਖ ਰਸਤਾ ਵੀ ਹੈ। ਦੁਨੀਆ ਦੇ ਜ਼ਿਆਦਾਤਰ ਤੇਲ ਅਤੇ ਵਪਾਰਕ ਜਹਾਜ਼ ਇਸ ਰਸਤੇ ਤੋਂ ਲੰਘਦੇ ਹਨ, ਅਤੇ ਭਾਰਤ ਦੀ ਊਰਜਾ ਸੁਰੱਖਿਆ ਇਸ 'ਤੇ ਕਾਫ਼ੀ ਨਿਰਭਰ ਕਰਦੀ ਹੈ। ਸਿੱਟੇ ਵਜੋਂ, ਇਸ ਖੇਤਰ ਵਿੱਚ ਕੋਈ ਵੀ ਅਸਥਿਰਤਾ ਜਾਂ ਬਾਹਰੀ ਦਖਲਅੰਦਾਜ਼ੀ ਭਾਰਤ ਦੀ ਆਰਥਿਕ ਅਤੇ ਰਣਨੀਤਕ ਸਥਿਰਤਾ ਨੂੰ ਪ੍ਰਭਾਵਤ ਕਰ ਸਕਦੀ ਹੈ। ਚੀਨ ਦੀ ਵਧਦੀ ਸਮੁੰਦਰੀ ਮੌਜੂਦਗੀ, ਇਸਦੀ ਬੰਦਰਗਾਹ ਵਿਕਾਸ ਨੀਤੀ ਅਤੇ ਇਸ ਖੇਤਰ ਵਿੱਚ ਇਸਦੀਆਂ ਫੌਜੀ ਗਤੀਵਿਧੀਆਂ ਭਾਰਤ ਲਈ ਲੰਬੇ ਸਮੇਂ ਦੀਆਂ ਚੁਣੌਤੀਆਂ ਪੈਦਾ ਕਰਦੀਆਂ ਹਨ। ਪਾਕਿਸਤਾਨ ਦੀ ਪ੍ਰਮਾਣੂ ਸਮਰੱਥਾ ਅਤੇ ਵਧਦੀ ਜਲ ਸੈਨਾ ਸ਼ਕਤੀ ਵੀ ਚਿੰਤਾ ਦਾ ਕਾਰਨ ਹੈ। ਇਨ੍ਹਾਂ ਹਾਲਾਤਾਂ ਵਿੱਚ, ਭਾਰਤ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੀ ਸਮੁੰਦਰੀ ਸੁਰੱਖਿਆ ਨੂੰ ਸਿਰਫ਼ ਰਵਾਇਤੀ ਸਾਧਨਾਂ ਤੱਕ ਸੀਮਤ ਨਾ ਰੱਖੇ, ਸਗੋਂ ਇਸਨੂੰ ਪ੍ਰਮਾਣੂ ਰੋਕਥਾਮ ਨਾਲ ਵੀ ਮਜ਼ਬੂਤ ਕਰੇ।

ਸਮੁੰਦਰੀ ਪ੍ਰਮਾਣੂ ਰੋਕਥਾਮ ਦਾ ਮੂਲ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਸੰਭਾਵੀ ਵਿਰੋਧੀ ਨੂੰ ਇਹ ਸਪੱਸ਼ਟ ਸੰਦੇਸ਼ ਮਿਲੇ ਕਿ ਜੇਕਰ ਉਹ ਪ੍ਰਮਾਣੂ ਹਮਲਾ ਕਰਦਾ ਹੈ ਤਾਂ ਉਸਨੂੰ ਬਰਾਬਰ ਜਾਂ ਵਧੇਰੇ ਪ੍ਰਭਾਵਸ਼ਾਲੀ ਜਵਾਬ ਦਾ ਸਾਹਮਣਾ ਕਰਨਾ ਪਵੇਗਾ। ਇਹ ਸਿਧਾਂਤ ਭਰੋਸੇਯੋਗ ਘੱਟੋ-ਘੱਟ ਰੋਕਥਾਮ ਦੀ ਧਾਰਨਾ ਨੂੰ ਜਨਮ ਦਿੰਦਾ ਹੈ, ਜਿਸ ਦੇ ਤਹਿਤ ਇੱਕ ਦੇਸ਼ ਸੰਭਾਵੀ ਖ਼ਤਰੇ ਨੂੰ ਰੋਕਣ ਲਈ ਸਿਰਫ਼ ਓਨੀ ਹੀ ਪ੍ਰਮਾਣੂ ਸਮਰੱਥਾ ਵਿਕਸਤ ਕਰਦਾ ਹੈ, ਜਿੰਨੀ ਜ਼ਰੂਰੀ ਹੈ। ਭਾਰਤ ਦੀ ਪਹਿਲਾਂ ਵਰਤੋਂ ਨਹੀਂ ਨੀਤੀ ਵੀ ਇਸ ਸਿਧਾਂਤ 'ਤੇ ਅਧਾਰਤ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਪਹਿਲਾਂ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਨਹੀਂ ਕਰੇਗਾ, ਪਰ ਹਮਲਾ ਹੋਣ 'ਤੇ ਪੂਰੀ ਤਾਕਤ ਨਾਲ ਜਵਾਬ ਦੇਵੇਗਾ। ਇਸ ਨੀਤੀ ਦੀ ਭਰੋਸੇਯੋਗਤਾ ਤਾਂ ਹੀ ਸੰਭਵ ਹੈ ਜੇਕਰ ਭਾਰਤ ਕੋਲ ਅਜਿਹੀ ਸਮਰੱਥਾ ਹੈ ਜੋ ਪਹਿਲੀ ਹੜਤਾਲ ਤੋਂ ਬਾਅਦ ਵੀ ਸੁਰੱਖਿਅਤ ਰਹਿੰਦੀ ਹੈ ਅਤੇ ਪ੍ਰਭਾਵਸ਼ਾਲੀ ਜਵਾਬ ਦੇ ਸਕਦੀ ਹੈ। ਇਹ ਉਹ ਥਾਂ ਹੈ ਜਿੱਥੇ ਸਮੁੰਦਰੀ ਪ੍ਰਮਾਣੂ ਰੋਕਥਾਮ, ਖਾਸ ਕਰਕੇ ਪ੍ਰਮਾਣੂ-ਸੰਚਾਲਿਤ ਬੈਲਿਸਟਿਕ ਮਿਜ਼ਾਈਲ ਪਣਡੁੱਬੀਆਂ, ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।

ਇਸ ਸਬੰਧ ਵਿੱਚ ਪਣਡੁੱਬੀਆਂ ਨੂੰ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਮੰਨਿਆ ਜਾਂਦਾ ਹੈ, ਕਿਉਂਕਿ ਇਹ ਲੰਬੇ ਸਮੇਂ ਤੱਕ ਸਮੁੰਦਰ ਦੀ ਡੂੰਘਾਈ ਵਿੱਚ ਲੁਕੀਆਂ ਰਹਿ ਸਕਦੀਆਂ ਹਨ ਅਤੇ ਉਹਨਾਂ ਦਾ ਪਤਾ ਲਗਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਇਹ ਉਹਨਾਂ ਦੀ ਦੂਜੀ ਹੜਤਾਲ ਸਮਰੱਥਾ ਨੂੰ ਮਜ਼ਬੂਤ ਕਰਦਾ ਹੈ। ਯਾਨੀ, ਭਾਵੇਂ ਕਿਸੇ ਦੇਸ਼ ਦੇ ਜ਼ਮੀਨੀ ਜਾਂ ਹਵਾਈ ਅੱਡੇ ਤਬਾਹ ਹੋ ਜਾਣ, ਸਮੁੰਦਰ ਵਿੱਚ ਪਣਡੁੱਬੀਆਂ ਜਵਾਬੀ ਹਮਲਾ ਕਰਨ ਦੇ ਸਮਰੱਥ ਰਹਿੰਦੀਆਂ ਹਨ। ਇਹ ਸਮਰੱਥਾ ਕਿਸੇ ਵੀ ਵਿਰੋਧੀ ਲਈ ਇੱਕ ਮਜ਼ਬੂਤ ਰੋਕਥਾਮ ਪ੍ਰਦਾਨ ਕਰਦੀ ਹੈ, ਕਿਉਂਕਿ ਇਹ ਜਾਣਦਾ ਹੈ ਕਿ ਇਹ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਹੈ। ਇਸ ਤਰ੍ਹਾਂ, ਸਮੁੰਦਰੀ ਪ੍ਰਮਾਣੂ ਰੋਕਥਾਮ ਨਾ ਸਿਰਫ਼ ਯੁੱਧ ਦੀ ਸਥਿਤੀ ਵਿੱਚ, ਸਗੋਂ ਸ਼ਾਂਤੀ ਬਣਾਈ ਰੱਖਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

ਭਾਰਤ ਨੇ ਹਾਲ ਹੀ ਦੇ ਸਾਲਾਂ ਵਿੱਚ ਇਸ ਦਿਸ਼ਾ ਵਿੱਚ ਮਹੱਤਵਪੂਰਨ ਤਰੱਕੀ ਕੀਤੀ ਹੈ। ਸਵਦੇਸ਼ੀ ਤਕਨਾਲੋਜੀ 'ਤੇ ਆਧਾਰਿਤ ਪ੍ਰਮਾਣੂ-ਸੰਚਾਲਿਤ ਪਣਡੁੱਬੀਆਂ ਦਾ ਵਿਕਾਸ ਦਰਸਾਉਂਦਾ ਹੈ ਕਿ ਭਾਰਤ ਹੁਣ ਆਪਣੀਆਂ ਰੱਖਿਆ ਜ਼ਰੂਰਤਾਂ ਲਈ ਬਾਹਰੀ ਸਰੋਤਾਂ 'ਤੇ ਨਿਰਭਰ ਕਰਨ ਦੀ ਬਜਾਏ ਸਵੈ-ਨਿਰਭਰ ਬਣਨ ਵੱਲ ਵਧ ਰਿਹਾ ਹੈ। ਇਨ੍ਹਾਂ ਪਣਡੁੱਬੀਆਂ ਵਿੱਚ ਲੰਬੀ ਦੂਰੀ ਦੀਆਂ ਬੈਲਿਸਟਿਕ ਮਿਜ਼ਾਈਲਾਂ ਨੂੰ ਲਾਂਚ ਕਰਨ ਦੀ ਸਮਰੱਥਾ ਹੈ, ਜਿਸ ਨਾਲ ਇਹ ਬਹੁਤ ਰਣਨੀਤਕ ਤੌਰ 'ਤੇ ਮਹੱਤਵਪੂਰਨ ਬਣ ਜਾਂਦੀਆਂ ਹਨ। ਇਸ ਤੋਂ ਇਲਾਵਾ, ਮਲਟੀਪਲ ਇੰਡੀਪੈਂਡੈਂਟਲੀ ਟਾਰਗੇਟੇਬਲ ਰੀ-ਐਂਟਰੀ ਵਹੀਕਲਜ਼ (MIRVs) ਵਰਗੀਆਂ ਆਧੁਨਿਕ ਤਕਨਾਲੋਜੀਆਂ ਦੀ ਵਰਤੋਂ ਉਨ੍ਹਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦੀ ਹੈ, ਜਿਸ ਨਾਲ ਇੱਕ ਮਿਜ਼ਾਈਲ ਕਈ ਟੀਚਿਆਂ ਨੂੰ ਨਿਸ਼ਾਨਾ ਬਣਾ ਸਕਦੀ ਹੈ। ਇਹ ਸਮਰੱਥਾ ਨਾ ਸਿਰਫ਼ ਫੌਜੀ ਤੌਰ 'ਤੇ ਮਹੱਤਵਪੂਰਨ ਹੈ ਬਲਕਿ ਵਿਰੋਧੀਆਂ ਲਈ ਇੱਕ ਰਣਨੀਤਕ ਚੁਣੌਤੀ ਵੀ ਪੇਸ਼ ਕਰਦੀ ਹੈ।

ਹਾਲਾਂਕਿ, ਸਿਰਫ਼ ਪਣਡੁੱਬੀਆਂ ਬਣਾਉਣਾ ਕਾਫ਼ੀ ਨਹੀਂ ਹੈ; ਉਨ੍ਹਾਂ ਦੇ ਸੰਚਾਲਨ, ਰੱਖ-ਰਖਾਅ ਅਤੇ ਸੁਰੱਖਿਆ ਲਈ ਇੱਕ ਮਜ਼ਬੂਤ ਪ੍ਰਣਾਲੀ ਦੀ ਵੀ ਲੋੜ ਹੁੰਦੀ ਹੈ। ਪ੍ਰਮਾਣੂ ਪਣਡੁੱਬੀਆਂ ਬਹੁਤ ਹੀ ਗੁੰਝਲਦਾਰ ਤਕਨੀਕੀ ਪ੍ਰਣਾਲੀਆਂ 'ਤੇ ਨਿਰਭਰ ਕਰਦੀਆਂ ਹਨ ਅਤੇ ਉਨ੍ਹਾਂ ਦੇ ਸੰਚਾਲਨ ਲਈ ਉੱਚ ਪੱਧਰੀ ਮੁਹਾਰਤ ਅਤੇ ਸਿਖਲਾਈ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਸਾਈਬਰ ਸੁਰੱਖਿਆ ਇੱਕ ਮਹੱਤਵਪੂਰਨ ਪਹਿਲੂ ਬਣ ਗਈ ਹੈ, ਕਿਉਂਕਿ ਸਾਈਬਰ ਹਮਲੇ ਆਧੁਨਿਕ ਯੁੱਧ ਵਿੱਚ ਕਿਸੇ ਵੀ ਫੌਜੀ ਪ੍ਰਣਾਲੀ ਨੂੰ ਅਯੋਗ ਕਰ ਸਕਦੇ ਹਨ। ਪਣਡੁੱਬੀ ਦੇ ਸੰਚਾਰ ਜਾਂ ਨਿਯੰਤਰਣ ਪ੍ਰਣਾਲੀ ਨੂੰ ਹੈਕ ਕਰਨਾ ਇੱਕ ਗੰਭੀਰ ਖ਼ਤਰਾ ਪੈਦਾ ਕਰ ਸਕਦਾ ਹੈ। ਇਸੇ ਤਰ੍ਹਾਂ, ਪੁਲਾੜ-ਅਧਾਰਤ ਨਿਗਰਾਨੀ ਪ੍ਰਣਾਲੀਆਂ ਪਣਡੁੱਬੀਆਂ ਦੀ ਗੁਪਤਤਾ ਨੂੰ ਚੁਣੌਤੀ ਦੇ ਸਕਦੀਆਂ ਹਨ, ਜਿਸ ਨਾਲ ਉਨ੍ਹਾਂ ਦੀ ਰਣਨੀਤਕ ਉਪਯੋਗਤਾ ਪ੍ਰਭਾਵਿਤ ਹੋ ਸਕਦੀ ਹੈ।

ਭਵਿੱਖ ਦੀਆਂ ਰਣਨੀਤੀਆਂ ਵਿੱਚ ਇਨ੍ਹਾਂ ਸਾਰੇ ਪਹਿਲੂਆਂ ਨੂੰ ਧਿਆਨ ਵਿੱਚ ਰੱਖਣ ਦੀ ਲੋੜ ਹੋਵੇਗੀ। ਆਰਟੀਫੀਸ਼ੀਅਲ ਇੰਟੈਲੀਜੈਂਸ, ਕੁਆਂਟਮ ਸੰਚਾਰ ਅਤੇ ਉੱਨਤ ਸੈਂਸਰ ਤਕਨਾਲੋਜੀ ਦੀ ਵਰਤੋਂ ਪਣਡੁੱਬੀ ਸਮਰੱਥਾਵਾਂ ਨੂੰ ਹੋਰ ਵਧਾ ਸਕਦੀ ਹੈ। ਖਾਸ ਤੌਰ 'ਤੇ, ਕੁਆਂਟਮ ਸੰਚਾਰ ਸੁਰੱਖਿਅਤ ਸੰਚਾਰ ਦਾ ਇੱਕ ਨਵਾਂ ਸਾਧਨ ਪ੍ਰਦਾਨ ਕਰ ਸਕਦਾ ਹੈ, ਜਿਸ ਨਾਲ ਦੁਸ਼ਮਣ ਲਈ ਇਸਨੂੰ ਰੋਕਣਾ ਜਾਂ ਦਖਲ ਦੇਣਾ ਲਗਭਗ ਅਸੰਭਵ ਹੋ ਜਾਂਦਾ ਹੈ। ਇਸ ਤੋਂ ਇਲਾਵਾ ਉੱਨਤ ਸੈਂਸਰ ਅਤੇ ਨਿਗਰਾਨੀ ਪ੍ਰਣਾਲੀਆਂ ਪਣਡੁੱਬੀਆਂ ਨੂੰ ਵਧੇਰੇ ਸਟੀਕ, ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਬਣਾ ਸਕਦੀਆਂ ਹਨ।

ਇਸ ਦਿਸ਼ਾ ਵਿੱਚ ਅੰਤਰਰਾਸ਼ਟਰੀ ਸਹਿਯੋਗ ਵੀ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ, ਪਰ ਅੰਤ ਵਿੱਚ, ਕਿਸੇ ਦੇਸ਼ ਦੀ ਸੁਰੱਖਿਆ ਉਸਦੀਆਂ ਆਪਣੀਆਂ ਸਮਰੱਥਾਵਾਂ 'ਤੇ ਨਿਰਭਰ ਕਰਦੀ ਹੈ। ਭਾਰਤ ਵੱਖ-ਵੱਖ ਗਲੋਬਲ ਪਲੇਟਫਾਰਮਾਂ 'ਤੇ ਸਰਗਰਮ ਹੈ ਅਤੇ ਸਮੁੰਦਰੀ ਸੁਰੱਖਿਆ ਲਈ ਸਹਿਯੋਗ ਨੂੰ ਉਤਸ਼ਾਹਿਤ ਕਰਦਾ ਹੈ, ਪਰ ਇਸਨੂੰ ਆਪਣੀਆਂ ਸਵਦੇਸ਼ੀ ਸਮਰੱਥਾਵਾਂ ਨੂੰ ਬਰਾਬਰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਲਈ ਖੋਜ ਅਤੇ ਵਿਕਾਸ ਵਿੱਚ ਨਿਵੇਸ਼ ਵਧਾਉਣ, ਵਿਗਿਆਨਕ ਸੰਸਥਾਵਾਂ ਨੂੰ ਮਜ਼ਬੂਤ ਕਰਨ ਅਤੇ ਰੱਖਿਆ ਖੇਤਰ ਵਿੱਚ ਨਵੀਨਤਾ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ।

ਸਮੁੰਦਰੀ ਪ੍ਰਮਾਣੂ ਰੋਕਥਾਮ ਦਾ ਵਿਕਾਸ ਸਿਰਫ਼ ਫੌਜੀ ਸ਼ਕਤੀ ਦਾ ਪ੍ਰਦਰਸ਼ਨ ਨਹੀਂ ਹੈ, ਸਗੋਂ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣ ਦੇ ਉਦੇਸ਼ ਨਾਲ ਇੱਕ ਸੰਤੁਲਿਤ ਅਤੇ ਜ਼ਿੰਮੇਵਾਰ ਰਣਨੀਤੀ ਦਾ ਹਿੱਸਾ ਹੈ। ਇੱਕ ਮਜ਼ਬੂਤ ਰੋਕਥਾਮ ਸਮਰੱਥਾ ਸੰਭਾਵੀ ਟਕਰਾਵਾਂ ਨੂੰ ਰੋਕਣ ਵਿੱਚ ਮਦਦ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਕੋਈ ਵੀ ਦੇਸ਼ ਹਮਲਾਵਰ ਕਾਰਵਾਈ ਕਰਨ ਤੋਂ ਪਹਿਲਾਂ ਨਤੀਜਿਆਂ 'ਤੇ ਗੰਭੀਰਤਾ ਨਾਲ ਵਿਚਾਰ ਕਰੇ। ਇਸ ਤਰ੍ਹਾਂ ਇਹ ਸਮਰੱਥਾ ਯੁੱਧ ਨੂੰ ਰੋਕਣ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਬਣ ਜਾਂਦੀ ਹੈ। ਅੰਤ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਆਧੁਨਿਕ ਯੁੱਗ ਵਿੱਚ ਭਾਰਤ ਦੀ ਸਮੁੰਦਰੀ ਪ੍ਰਮਾਣੂ ਰੋਕਥਾਮ ਸਮਰੱਥਾ ਇਸਦੀ ਰਾਸ਼ਟਰੀ ਸੁਰੱਖਿਆ ਰਣਨੀਤੀ ਦਾ ਇੱਕ ਕੇਂਦਰੀ ਤੱਤ ਬਣ ਗਈ ਹੈ। ਇਹ ਨਾ ਸਿਰਫ਼ ਭਾਰਤ ਨੂੰ ਬਾਹਰੀ ਖਤਰਿਆਂ ਤੋਂ ਬਚਾਉਂਦੀ ਹੈ ਬਲਕਿ ਇਸਨੂੰ ਵਿਸ਼ਵ ਪੱਧਰ 'ਤੇ ਇੱਕ ਜ਼ਿੰਮੇਵਾਰ ਅਤੇ ਸਮਰੱਥ ਸ਼ਕਤੀ ਵਜੋਂ ਵੀ ਸਥਾਪਿਤ ਕਰਦੀ ਹੈ। ਬਦਲਦੀਆਂ ਵਿਸ਼ਵ ਸਥਿਤੀਆਂ ਅਤੇ ਉੱਭਰ ਰਹੀਆਂ ਚੁਣੌਤੀਆਂ ਦੇ ਵਿਚਕਾਰ, ਭਾਰਤ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਰਣਨੀਤੀ ਨੂੰ ਲਗਾਤਾਰ ਅਪਡੇਟ ਕਰੇ ਅਤੇ ਨਵੀਆਂ ਤਕਨਾਲੋਜੀਆਂ ਅਤੇ ਵਿਚਾਰਾਂ ਨੂੰ ਅਪਣਾ ਕੇ ਆਪਣੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰੇ। ਇਸ ਦਿਸ਼ਾ ਵਿੱਚ ਚੁੱਕੇ ਗਏ ਕਦਮ ਨਾ ਸਿਰਫ਼ ਵਰਤਮਾਨ ਲਈ ਸਗੋਂ ਭਵਿੱਖ ਦੀਆਂ ਪੀੜ੍ਹੀਆਂ ਲਈ ਵੀ ਇੱਕ ਸੁਰੱਖਿਅਤ ਅਤੇ ਸਥਿਰ ਵਾਤਾਵਰਣ ਨੂੰ ਯਕੀਨੀ ਬਣਾਉਣਗੇ।

# ਪੋਸ਼ਣ ਟਰੈਕਰ: ਕੁਪੋਸ਼ਣ ਨਾਲ ਨਜਿੱਠਣ ਲਈ ਅੰਕੜਿਆਂ ਦੀ ਵਰਤੋਂ

ਪ੍ਰੋ. ਲਿੰਡਸੇ ਜੈਕਸ

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਆਪਣੇ ਡਾਕਟਰਾਂ ਨੂੰ ਇਲੈਕਟ੍ਰਾਨਿਕ ਸਿਹਤ ਰਿਕਾਰਡ ਵਿੱਚ ਜਾਣਕਾਰੀ ਦਰਜ ਕਰਦੇ ਦੇਖਦੇ ਹਨ। ਸਾਨੂੰ ਪੂਰਾ ਭਰੋਸਾ ਹੈ ਕਿ ਇਹ ਅੰਕੜੇ ਸਮੇਂ ਦੇ ਨਾਲ ਸਾਡੀ ਸਿਹਤ ਦੀ ਨਿਗਰਾਨੀ ਕਰਨ, ਜੋਖਮਾਂ ਦੀ ਜਲਦੀ ਪਛਾਣ ਕਰਨ ਅਤੇ ਸਮੇਂ ਸਿਰ ਢੁਕਵੇਂ ਉਪਾਅ ਕਰਨ ਵਿੱਚ ਸਾਡੀ ਮਦਦ ਕਰਨਗੇ। ਇਸ ਲਈ ਡਿਜ਼ੀਟਲ ਪ੍ਰਣਾਲੀਆਂ ਵਧੀਆ ਕੰਮ ਕਰਦੀਆਂ ਹਨ ਕਿਉਂਕਿ ਉਹ ਸਿਰਫ ਡਾਟਾ ਇਕੱਠਾ ਨਹੀਂ ਕਰਦੀਆਂ, ਬਲਕਿ ਜਾਣਕਾਰੀ ਨੂੰ ਫੈਸਲਿਆਂ ਅਤੇ ਬਿਹਤਰ ਇਲਾਜ ਵਿੱਚ ਤਬਦੀਲ ਕਰਨ ਵਿੱਚ ਮਦਦ ਕਰਦੀਆਂ ਹਨ। ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਵਲੋਂ 2021 ਵਿੱਚ ਲਾਂਚ ਹੋਣ ਤੋਂ ਬਾਅਦ, ਪੋਸ਼ਣ ਟਰੈਕਰ ਐਪ ਨੇ ਪੋਸ਼ਣ ਸੇਵਾਵਾਂ ਦੀ ਡਲਿਵਰੀ ਦੇ ਅੰਕੜਿਆਂ ਨੂੰ ਹੋਰ ਕਾਰਗਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਇਸਦੀ ਅਭਿਲਾਸ਼ਾ ਸਿਰਫ ਡਿਜ਼ੀਟਲੀਕਰਨ ਨਹੀਂ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਬੱਚਿਆਂ ਦੇ ਵਿਕਾਸ ਅਤੇ ਪੋਸ਼ਣ ਸੇਵਾਵਾਂ ਨੂੰ ਦਰਜ ਅਤੇ ਸਮੀਖਿਆ ਕਰਨ ਵਿੱਚ ਹੋਰ ਗੰਭੀਰਤਾ ਅਤੇ ਨਿਰੰਤਰਤਾ ਆਵੇ। ਪੋਸ਼ਣ ਟਰੈਕਰ ਵਿੱਚ ਇਹ ਸਮਰੱਥਾ ਹੈ ਕਿ ਇਹ ਰੋਜ਼ਾਨਾ ਇਕੱਠੇ ਕੀਤੇ ਗਏ ਵਿਕਾਸ ਦੇ ਅੰਕੜਿਆਂ ਨੂੰ ਆਖਰੀ ਪੱਧਰ 'ਤੇ ਅਰਥਪੂਰਨ ਫੈਸਲਿਆਂ ਵਿੱਚ ਬਦਲ ਸਕੇ। ਮਹੀਨਾਵਾਰ ਵਿਕਾਸ ਨਿਗਰਾਨੀ ਜੇਕਰ ਸਹੀ ਤਰੀਕੇ ਨਾਲ ਮਾਪੀ ਜਾਵੇ ਅਤੇ ਲਗਾਤਾਰ ਦਰਜ ਕੀਤੀ ਜਾਵੇ ਤਾਂ ਖਤਰੇ ਦੇ ਸ਼ੁਰੂਆਤੀ ਸੰਕੇਤ ਦੇ ਸਕਦੀ ਹੈ। ਇੱਕ ਹੀ, ਲਗਾਤਾਰ ਬਣਿਆ ਰਹਿਣ ਵਾਲਾ ਇਲੈਕਟਰਾਨਿਕ ਰਿਕਾਰਡ ਵਿਕਾਸ ਸਬੰਧੀ ਰੁਝਾਨਾਂ ਨੂੰ ਘਰ ਲੈ ਜਾਣ ਵਾਲੇ ਰਾਸ਼ਨ, ਦੇਖਭਾਲ ਕਰਨ ਵਾਲੇ ਦੀ ਕਾਊਂਸਲਿੰਗ ਅਤੇ ਗੰਭੀਰ ਕੁਪੋਸ਼ਣ ਤੋਂ ਪੀੜਤ ਬੱਚਿਆਂ ਨੂੰ ਸਿਹਤ ਕੇਂਦਰਾਂ ਵਿੱਚ ਰੈਫਰ ਕਰਨ ਜਿਹੇ ਪੂਰਕ ਪੋਸ਼ਣ ਉਪਾਵਾਂ ਨਾਲ ਜੋੜਨ ਵਿੱਚ ਮਦਦ ਕਰ ਸਕਦਾ ਹੈ।

ਇਸ ਦਿਸ਼ਾ ਵਿੱਚ ਅੱਗੇ ਵਧਣ ਲਈ, ਸਾਨੂੰ ਡੈਸ਼ਬੋਰਡ ਤੋਂ ਫੈਸਲਿਆਂ ਵੱਲ ਅਤੇ ਗਿਣਤੀ ਤੋਂ ਸੰਭਾਲ ਵੱਲ ਤਬਦੀਲ ਹੋਣਾ ਪਵੇਗਾ। ਐਪ ਵਿੱਚ ਬਣੇ ਸੰਕੇਤ, ਸਧਾਰਣ ਚੈਕਲਿਸਟਾਂ ਅਤੇ ਅਲਰਟ ਆਂਗਣਵਾੜੀ ਵਰਕਰਾਂ ਨੂੰ ਉਨ੍ਹਾਂ ਬੱਚਿਆਂ ਦਾ ਫਾਲੋ-ਅੱਪ ਕਰਨ ਵਿੱਚ ਮਦਦ ਕਰ ਸਕਦੇ ਹਨ ਜੋ ਕਮਜ਼ੋਰੀ ਜਾਂ ਗੰਭੀਰ ਕੁਪੋਸ਼ਣ ਦੇ ਖਤਰੇ ਵਿੱਚ ਹਨ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਅਤੇ ਆਰਸੀਐਚ 2.0 ਪੋਰਟਲ ਦੇ ਡਾਟਾ ਨਾਲ ਏਕੀਕਰਨ ਰਾਹੀਂ ਰੈਫਰਲ ਫਾਲੋ-ਅੱਪ ਨੂੰ ਸਾਂਝੇ ਪਰਿਵਾਰਕ ਦੌਰਿਆਂ ਰਾਹੀਂ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।

ਇਸ ਵੇਲੇ ਇਕੱਠਾ ਕੀਤਾ ਗਿਆ ਵਿਕਾਸ ਡਾਟਾ ਇੱਕ ਕੀਮਤੀ ਸ਼ੁਰੂਆਤੀ ਬਿੰਦੂ ਪ੍ਰਦਾਨ ਕਰਦਾ ਹੈ। ਮਾਪਣ ਦੇ ਤਰੀਕਿਆਂ ਅਤੇ ਪ੍ਰਣਾਲੀ ਸਹਾਇਤਾ ਵਿੱਚ ਕੇਂਦ੍ਰਿਤ ਸੁਧਾਰਾਂ ਨਾਲ, ਇਹ ਸਮੇਂ ਸਿਰ ਫੈਸਲੇ ਕਰਨ ਲਈ ਭਰੋਸੇਯੋਗ ਤੌਰ 'ਤੇ ਜਾਣਕਾਰੀ ਦੇ ਸਕਦਾ ਹੈ। ਸਹੀ ਫੈਸਲੇ ਲਈ ਬੁਨਿਆਦੀ ਗੱਲਾਂ ਜਿਵੇਂ ਭਰੋਸੇਯੋਗ ਮਾਪ, ਸਹੀ ਤਕਨੀਕ ਅਤੇ ਕੰਮ ਕਰ ਰਹੇ ਉਪਕਰਨਾਂ ਦਾ ਠੀਕ ਹੋਣਾ ਜ਼ਰੂਰੀ ਹੈ। ਜੇਕਰ ਕਿਸੇ ਬੱਚੇ ਦੀ ਲੰਬਾਈ ਜਾਂ ਵਜ਼ਨ ਇੱਕ ਮਹੀਨੇ ਤੋਂ ਦੂਜੇ ਮਹੀਨੇ ਤੱਕ ਅਸੰਭਵ ਤਰੀਕੇ ਨਾਲ ਬਦਲਦਾ ਹੈ, ਤਾਂ ਪ੍ਰਣਾਲੀ ਨੂੰ ਜਾਂਚ ਜਾਂ ਦੁਬਾਰਾ ਮਾਪਣ ਲਈ ਸੰਕੇਤ ਦੇਣਾ ਚਾਹੀਦਾ ਹੈ। ਐਪ ਵਿੱਚ ਸ਼ਾਮਲ ਛੋਟੀਆਂ ਵੀਡੀਓਜ਼ ਵਜ਼ਨ ਮਸ਼ੀਨਾਂ ਅਤੇ ਲੰਬਾਈ ਮਾਪਣ ਵਾਲੇ ਬੋਰਡ ਦੀ ਸਹੀ ਵਰਤੋਂ ਬਾਰੇ ਜਾਗਰੂਕ ਕਰ ਸਕਦੀਆਂ ਹਨ। ਇਸਦੇ ਨਾਲ ਨਾਲ, ਇਹ ਵੀ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਹਰ ਆਂਗਣਵਾੜੀ ਕੇਂਦਰ ਕੋਲ ਤਾਲਮੇਲ ਵਾਲੇ ਅਤੇ ਕੰਮ ਕਰ ਰਹੇ ਢੁਕਵੇਂ ਉਪਕਰਣ ਹੋਣ। ਇਹ ਬੁਨਿਆਦੀ ਤੱਤ ਤਰੱਕੀ ਦੀ ਨਿਗਰਾਨੀ ਦੇ ਡਾਟਾ ਦੀ ਉਪਯੋਗਤਾ ਨੂੰ ਮਜ਼ਬੂਤ ਬਣਾਉਣ ਲਈ ਲਾਜ਼ਮੀ ਹਨ।

ਪੋਸ਼ਣ ਟਰੈਕਰ ਡਾਟਾ ਦਾ ਵਿਸ਼ਲੇਸ਼ਣ ਡੈਸ਼ਬੋਰਡ ਤੋਂ ਫੈਸਲਿਆਂ ਵੱਲ ਬਦਲਾਅ ਵਿੱਚ ਮਦਦ ਕਰ ਸਕਦਾ ਹੈ। ਸਭ ਤੋਂ ਪਹਿਲਾਂ, ਸਾਨੂੰ ਇਹ ਜਾਣਨਾ ਚਾਹੀਦਾ ਹੈ ਕਿ ਕੁਪੋਸ਼ਣ ਕਦੋਂ ਹੋਣ ਦੀ ਸੰਭਾਵਨਾ ਸਭ ਤੋਂ ਵੱਧ ਹੁੰਦੀ ਹੈ— ਕਿਹੜੀ ਉਮਰ ਵਿੱਚ ਅਤੇ ਸਾਲ ਦੇ ਕਿਹੜੇ ਮਹੀਨਿਆਂ ਦੌਰਾਨ। ਕੀ ਇਹ ਜਨਮ ਵੇਲੇ ਹੁੰਦੀ ਹੈ? ਜਾਂ 0 ਤੋਂ 3 ਮਹੀਨੇ ਜਾਂ 3 ਤੋਂ 6 ਮਹੀਨੇ ਵਿੱਚ, ਜਦੋਂ ਮਾਵਾਂ ਨੂੰ ਸਿਰਫ ਮਾਂ ਦਾ ਦੁੱਧ ਦੇਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ? ਜਾਂ 6 ਮਹੀਨੇ ਤੋਂ 1 ਸਾਲ ਦੇ ਦਰਮਿਆਨ, ਜਦੋਂ ਢੁਕਵੀਂ ਅਤੇ ਸੁਰੱਖਿਅਤ ਪੂਰਕ ਖੁਰਾਕ ਦੀ ਲੋੜ ਹੁੰਦੀ ਹੈ? ਪੋਸ਼ਣ ਟਰੈਕਰ ਡਾਟਾ ਦੇ ਵਿਸ਼ਲੇਸ਼ਣ ਨਾਲ ਇਹ ਵੀ ਸਮਝ ਆ ਸਕਦੀ ਹੈ ਕਿ ਕਿਹੜੇ ਬੱਚੇ ਕੁਪੋਸ਼ਣ ਤੋਂ ਠੀਕ ਹੋ ਰਹੇ ਹਨ। ਕੀ ਕੁਝ ਜ਼ਿਲ੍ਹਿਆਂ ਦੇ ਬੱਚਿਆਂ ਵਿੱਚ ਠੀਕ ਹੋਣ ਦੀ ਸੰਭਾਵਨਾ ਵੱਧ ਹੁੰਦੀ ਹੈ? ਕੀ ਸਾਉਣੀ ਦੀ ਫਸਲ ਦੇ ਸੀਜ਼ਨ ਦੌਰਾਨ ਬੱਚਿਆਂ ਦੇ ਠੀਕ ਹੋਣ ਦੇ ਮੌਕੇ ਵਧਦੇ ਹਨ? ਇਸੇ ਤਰ੍ਹਾਂ ਇਹ ਵਿਸ਼ਲੇਸ਼ਣ ਉਨ੍ਹਾਂ ਬੱਚਿਆਂ ਬਾਰੇ ਵੀ ਜਾਣਕਾਰੀ ਦੇ ਸਕਦਾ ਹੈ ਜੋ ਵਾਰ-ਵਾਰ ਜਾਂ ਲਗਾਤਾਰ ਕਮਜ਼ੋਰੀ ਦਾ ਸ਼ਿਕਾਰ ਹੁੰਦੇ ਹਨ। ਕੀ ਇਹ ਉਹ ਬੱਚੇ ਹਨ ਜੋ ਜਨਮ ਤੋਂ ਹੀ ਕਮਜ਼ੋਰ ਪੈਦਾ ਹੋਏ ਅਤੇ ਪਿੱਛੇ ਰਹਿ ਗਏ? ਕੀ ਇਹ ਉਹ ਬੱਚੇ ਹਨ, ਜਿਨ੍ਹਾਂ ਨੂੰ ਘਰ ਲਈ ਰਾਸ਼ਨ ਨਿਯਮਤ ਤੌਰ 'ਤੇ ਨਹੀਂ ਮਿਲਦਾ? ਇਸ ਜਾਣਕਾਰੀ ਨਾਲ ਸਥਾਨਕ ਪੱਧਰ 'ਤੇ ਪੋਸ਼ਣ ਸੇਵਾਵਾਂ ਨੂੰ ਸੁਧਾਰਿਆ ਜਾ ਸਕਦਾ ਹੈ।

ਡਾਟਾ 'ਤੇ ਭਰੋਸਾ ਵਧਾਉਣਾ ਅਗਲੇਰੀ ਕਤਾਰ ਕਾਮਿਆਂ ਦੇ ਕੰਮ ਦਾ ਬੋਝ ਘਟਾਉਣ ਲਈ ਵੀ ਮਹੱਤਵਪੂਰਨ ਹੈ। ਜਿਵੇਂ ਜਿਵੇਂ ਪ੍ਰਣਾਲੀ 'ਤੇ ਵਿਸ਼ਵਾਸ ਵਧਦਾ ਹੈ, ਹੋਰ ਆਂਗਣਵਾੜੀ ਵਰਕਰ ਐਪ ਨੂੰ ਮੁੱਖ ਰਿਕਾਰਡ ਵਜੋਂ ਵਰਤਣ ਲੱਗ ਪਏ ਹਨ। ਹਾਲਾਂਕਿ, ਕਈ ਥਾਵਾਂ 'ਤੇ ਕਾਗਜ਼ੀ ਰਜਿਸਟਰ ਡਿਜ਼ੀਟਲ ਐਂਟਰੀ ਦੇ ਨਾਲ-ਨਾਲ ਚਲਦੇ ਰਹਿੰਦੇ ਹਨ, ਜਿਹੜੇ ਕਈ ਵਾਰ ਸੰਪਰਕ ਦੀ ਸਮੱਸਿਆ ਜਾਂ ਨਿਯਮਕ ਲੋੜਾਂ ਦੇ ਕਾਰਨ ਬੈਕਅੱਪ ਵਜੋਂ ਵਰਤੇ ਜਾਂਦੇ ਹਨ। ਆਫਲਾਈਨ ਸੰਚਾਲਨ ਨੂੰ ਮਜ਼ਬੂਤ ਕਰਨਾ, ਡਾਟਾ ਦੀ ਭਰੋਸੇਯੋਗਤਾ ਨੂੰ ਸੁਧਾਰਨਾ ਅਤੇ ਡਿਜ਼ੀਟਲ-ਫਸਟ ਕਾਰਜ ਪ੍ਰਵਾਹ ਬਾਰੇ ਸਪੱਸ਼ਟਤਾ ਪ੍ਰਦਾਨ ਕਰਨਾ, ਡੁਪਲੀਕੇਟ ਰਿਪੋਰਟਿੰਗ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ। ਅਗਲੇਰੀ ਕਤਾਰ ਕਾਮਿਆਂ ਨੂੰ ਪ੍ਰਣਾਲੀ ਦੇ ਸੁਧਾਰ ਵਿੱਚ ਸ਼ਾਮਲ ਕਰਨਾ ਇਹ ਯਕੀਨੀ ਬਣਾਉਂਦਾ ਹੈ ਕਿ ਐਪ ਉਨ੍ਹਾਂ ਦੇ ਕੰਮ ਦੀ ਸਹਾਇਤਾ ਕਰੇ। ਪੋਸ਼ਣ ਟਰੈਕਰ ਇੱਕ ਭਰੋਸੇਯੋਗ ਸਾਧਨ ਹੈ ਜੋ ਸਮੇਂ ਸਿਰ ਅਤੇ ਜਾਣਕਾਰੀ ਅਧਾਰਤ ਫੈਸਲੇ ਕਰਨ ਵਿੱਚ ਮਦਦ ਕਰਦਾ ਹੈ। ਇਸਦੀ ਅਸਲ ਤਾਕਤ ਖਤਰੇ ਦੀ ਸ਼ੁਰੂਆਤੀ ਪਛਾਣ, ਤੇਜ਼ ਫਾਲੋ-ਅੱਪ ਅਤੇ ਪੋਸ਼ਣ ਸੇਵਾਵਾਂ ਦੇ ਬਿਹਤਰ ਤਾਲਮੇਲ ਨੂੰ ਯਕੀਨੀ ਬਣਾਉਣ ਵਿੱਚ ਹੈ। ਆਖਰੀ ਪੱਧਰ ਦੀ ਹਕੀਕਤ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਅਤੇ ਡਾਟਾ ਦੀ ਗੁਣਵੱਤਾ ਅਤੇ ਵਰਤੋਂ ਵਿੱਚ ਲਗਾਤਾਰ ਸੁਧਾਰਾਂ ਨਾਲ ਮਜ਼ਬੂਤ ਕੀਤਾ ਗਿਆ ਪੋਸ਼ਣ ਟਰੈਕਰ ਸਿਰਫ ਇੱਕ ਨਿਗਰਾਨੀ ਦਾ ਉਪਕਰਨ ਨਹੀਂ, ਸਗੋਂ ਪੋਸ਼ਣ ਸੇਵਾਵਾਂ ਦੀ ਮਜ਼ਬੂਤੀ ਲਈ ਇੱਕ ਅਰਥਪੂਰਨ ਸਾਧਨ ਹੈ।

**(ਲੇਖਕ ਐਡਿਨਬਰਗ ਯੂਨੀਵਰਸਿਟੀ ਵਿੱਚ ਆਲਮੀ ਸਿਹਤ ਅਤੇ ਪੋਸ਼ਣ ਸਬੰਧੀ ਪ੍ਰੋਫੈਸਰ ਹਨ।)**

ਸਟੇਟ ਬੈਂਕ ਆਫ ਇੰਡੀਆ
ਹੋਮ ਲੋਨ ਸੈਂਟਰ, ਨਿਊ ਗ੍ਰੇਨ ਮਾਰਕੀਟ ਮੁਕਤਸਰ

ਮੰਗ ਸੂਚਨਾ
ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਇੱਥੇ ਬਾਅਦ ਵਿੱਚ "ਕਾਨੂੰਨ" ਵਜੋਂ ਸੱਦਿਆ ਗਿਆ) ਦੀ ਧਾਰਾ 13 (2) ਦੇ ਅਧੀਨ ਸੂਚਨਾ

ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰਾਂ (ਕਰਜ਼ਦਾਰ) (ਸਹਿ ਕਰਜ਼ਦਾਰ) ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਕਰਜ਼ੇ ਨੂੰ ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ (ਐਨਪੀਏ) ਵਜੋਂ ਵਰਗੀਕ੍ਰਿਤ ਕੀਤਾ ਗਿਆ ਹੈ। ਕਰਜ਼ਦਾਰ(†)/ਜ਼ਾਮਨ(†) ਨੂੰ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਸੂਚਨਾਵਾਂ ਭੇਜੀਆਂ ਗਈਆਂ ਸਨ, ਪਰ ਉਹ ਅਣ-ਤਾਮੀਲੀਆਂ ਪਰਤ ਆਈਆਂ ਅਤੇ ਇਸ ਲਈ ਉਨ੍ਹਾਂ ਨੂੰ ਇਸ ਦੁਆਰਾ ਜਨਤਕ ਸੂਚਨਾ ਦੇ ਮਾਧਿਅਮ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ (†)/ਜ਼ਾਮਨ(†) ਦੇ ਨਾਮ | ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਬਕਾਇਆ ਦੇਣਦਾਰੀ |
|---|---|---|---|---|
| ਸ੍ਰੀ ਮੋਹਨ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ (ਕਰਜ਼ਦਾਰ), ਵਾਰਡ ਨੰ. 2 ਗੁਰੂ ਤੇਗ ਬਹਾਦੁਰ ਨਗਰ ਗਿੱਦੜਬਾਹਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ | 8 ਮਰਲੇ 8 ਸਰਸਾਹੀ ਦੇ ਪਲਾਟ 'ਤੇ ਬਣਿਆ ਰਿਹਾਇਸ਼ੀ ਮਕਾਨ, ਯਾਨੀ 80/18072 ਹਿੱਸੇ ਦੀ ਜ਼ਮੀਨ ਵਿੱਚੋਂ 100 ਕਨਾਲ 08 ਮਰਲੇ ਮਾਪ ਖੇਵਟ ਨੰਬਰ 287/253 ਵਿੱਚ ਸ਼ਾਮਲ, ਖਟੋਨੀ ਨੰਬਰ 576 ਤੋਂ 586, ਖਸਰਾ ਨੰਬਰ 169 ਕਿਲਾ ਨੰਬਰ 6/2 (1-6) ਖਸਰਾ ਨੰਬਰ 170 ਕਿਲਾ ਨੰਬਰ 2 ਮਿਨ (4-0), 9 ਮਿਨ (4-10), 10 ਮਿਨ (7-7), 4 ਮਿਨ (6-0), 5(8-0), 6 (7-7), 7 ਮਿਨ (5-10), 4 ਮਿਨ (2-0), 7 ਮਿਨ (1-17), ਖਸਰਾ ਨੰਬਰ 169 ਕਿਲਾ ਨੰਬਰ 5/2 (1-11), 4/2/2 (0-4), 6/1 (2-0), ਖਸਰਾ ਨੰਬਰ 170 ਕਿਲਾ ਨੰਬਰ 2 ਮਿੰਟ (4-0), 3 (8-0), 9 ਮਿਨ (3-7), ਖਸਰਾ ਨੰਬਰ 169 ਕਿਲਾ ਨੰਬਰ 5/2/1 (1-10), ਖਸਰਾ ਨੰਬਰ 142 ਕਿਲਾ ਨੰਬਰ 24 (7-16), 25 (8-0) ਖਸਰਾ ਨੰਬਰ 142 ਕਿਲਾ ਨੰਬਰ 23/2 (2-10), ਕੁੱਲ ਕਿੱਤੇ 23 (100-8) ਪਿੰਡ ਹੁਸਨਰ ਦੀ ਮਾਲੀਆ ਜਾਇਦਾਦ ਵਿੱਚ ਸਥਿਤ ਹੈ ਜੋ ਕਿ ਜਮ੍ਹਾਂਬੰਦੀ ਸਾਲ 2013-14 ਦੇ ਅਨੁਸਾਰ ਸ੍ਰੀ ਮੋਹਨ ਸਿੰਘ ਪੁੱਤਰ ਸ੍ਰੀ ਮਹਿੰਦਰ ਸਿੰਘ ਦੇ ਨਾਮ 'ਤੇ ਵਸੀਕਾ ਨੰਬਰ 1346 ਮਿਤੀ 13.08.2007 ਦੁਆਰਾ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ: ਗਲੀ, ਪੱਛਮ: ਗੁਰਜੰਟ ਸਿੰਘ, ਉੱਤਰ: ਪਲਾਟ, ਦੱਖਣ: ਪਲਾਟ | 31.03.2026 | 10.04.2026 | Rs. 3,83,826.08 10.04.2026 ਨੂੰ ਭਵਿੱਖੀ ਵਿਆਜ, ਇਤਫਾਕਿਕ ਖਰਚ, ਲਾਗਤਾਂ, ਖਰਚਿਆਂ ਆਦਿ ਸਮੇਤ |

ਸੂਚਨਾ ਦੀ ਵਿਕਲਪਿਕ ਤਾਮੀਲ ਲਈ ਕਦਮ ਚੁੱਕੇ ਜਾ ਰਹੇ ਹਨ। ਉਕਤ ਕਰਜ਼ਦਾਰ(†) ਨੂੰ ਇਸ ਦੁਆਰਾ ਸੱਦਾ ਦਿੱਤਾ ਜਾਂਦਾ ਹੈ ਕਿ ਇਸ ਸੂਚਨਾ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬਕਾਇਆ ਰਕਮ ਦਾ ਭੁਗਤਾਨ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਇਸ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਲੰਘਣ ਉਪਰੰਤ ਅਗਲੇਰੇ ਕਦਮ ਚੁੱਕੇ ਜਾਣਗੇ।

ਮਿਤੀ: 27.04.2026 ਸਥਾਨ : ਮੁਕਤਸਰ ਅਧਿਕਾਰਤ ਅਧਿਕਾਰੀ

# ਭਾਈ ਅੰਮ੍ਰਿਤਪਾਲ ਸਿੰਘ ਹੋਣਗੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਮੁੱਖ ਮੰਤਰੀ ਦਾ ਚਿਹਰਾ; ਦੋ ਹਿੰਦੂ-ਦਲਿਤ ਡਿਪਟੀ ਮੁੱਖ ਮੰਤਰੀ : ਬਾਪੂ ਤਰਸੇਮ ਸਿੰਘ



ਲੁਧਿਆਣਾ, 26 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਨੂੰ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਮੰਤਰੀ ਦਾ ਚਿਹਰਾ ਬਣਾਇਆ ਜਾਵੇਗਾ ਅਤੇ ਦੋ ਡਿਪਟੀ ਮੁੱਖ ਮੰਤਰੀ ਵੀ ਬਣਨਗੇ। ਇਹ ਐਲਾਨ ਪਾਰਟੀ ਦੇ ਸਰਪਰਸਤ ਬਾਪੂ ਤਰਸੇਮ ਸਿੰਘ ਨੇ ਲੁਧਿਆਣਾ ਵਿਖੇ ਅਯੋਜਿਤ ਵਿਸ਼ਾਲ ਪੰਥਕ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਕੀਤਾ।

ਅੱਜ ਪਾਰਟੀ ਨੂੰ ਲੁਧਿਆਣਾ ਵਿੱਚ ਭਾਰੀ ਸਮਰਥਨ ਮਿਲਿਆ, ਜਦੋਂ ਵੱਡੀ ਗਿਣਤੀ ਵਿੱਚ ਲੋਕਾਂ ਦੀ ਸ਼ਮੂਲੀਅਤ ਦੇ ਨਾਲ ਲੁਧਿਆਣਾ ਦੇ ਮੂੰਡੀਆਂ ਕਲਾ, 33 ਫੁੱਟਾ ਰੋਡ ਵਿਖੇ ਇੱਕ ਵਿਸ਼ਾਲ ਪੰਥਕ ਇਕੱਤਰਤਾ ਦਾ ਆਯੋਜਨ ਕੀਤਾ ਗਿਆ। ਪਾਰਟੀ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਸੋਨੂੰ ਵੱਲੋਂ ਆਯੋਜਿਤ ਇਕੱਤਰਤਾ ਨੂੰ ਜਥੇਬੰਦੀ ਦੇ ਸਰਪ੍ਰਸਤ ਬਾਪੂ ਤਰਸੇਮ ਸਿੰਘ ਮੁੱਖ ਮਹਿਮਾਨ ਸਨ। ਜਿੱਥੇ ਠਾਠਾ ਮਾਰਦਾ ਇਕੱਠ ਬਿਆਨ ਕਰ ਰਿਹਾ ਸੀ ਕਿ ਸੂਬੇ ਦੇ ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇੱਕ ਪੰਥਕ ਸਰਕਾਰ ਚਾਹੁੰਦੇ ਹਨ।

ਇਸ ਮੌਕੇ ਸੰਬੋਧਨ ਕਰਦਿਆਂ, ਬਾਪੂ ਤਰਸੇਮ ਸਿੰਘ ਨੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਮੁੱਖ ਮੰਤਰੀ ਉਹਦੇ ਲਈ ਉਮੀਦਵਾਰ ਹੋਣਗੇ ਅਤੇ ਦੋ ਡਿਪਟੀ ਮੁੱਖ ਮੰਤਰੀ ਬਣਾਏ ਜਾਣਗੇ, ਜਿਹੜੇ ਹਿੰਦੂ ਅਤੇ ਦਲਿਤ ਭਾਈਚਾਰੇ ਤੋਂ ਹੋਣਗੇ। ਉਨ੍ਹਾਂ ਨੇ ਕਿਹਾ ਕਿ ਪਾਰਟੀ ਸਮਾਜ ਦੇ ਸਾਰੇ ਵਰਗਾਂ ਦੀ ਭਾਗੀਦਾਰੀ ਵਿੱਚ ਭਰੋਸਾ ਰੱਖਦੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੂੰ ਨਸ਼ਿਆਂ, ਗੈਂਗਸਟਰਵਾਦ, ਲੁੱਟ ਖੋਹ, ਬੇਰੁਜ਼ਗਾਰੀ ਵਰਗੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਲਾਉਣ ਵਾਸਤੇ ਅਕਾਲੀ ਦਲ 'ਵਾਰਿਸ ਪੰਜਾਬ ਦੇ' ਨੂੰ ਸੱਤਾ ਵਿੱਚ ਲਿਆਉਣਾ ਜਰੂਰੀ ਹੈ । ਉਹਨਾਂ ਨੇ ਲੋਕਾਂ ਨਾਲ ਲੁਭਾਵਣੇ ਵਾਇਦੇ ਕਰਕੇ ਸੱਤਾ ਵਿੱਚ ਆਉਣ ਵਾਲੀਆਂ ਪਾਰਟੀਆਂ 'ਤੇ ਵੀ ਤੰਜ ਕੱਸਿਆ, ਜਿਨ੍ਹਾਂ ਤੋਂ ਹੁਣ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। ਪਾਰਟੀ ਦੇ ਸੀਨੀਅਰ ਆਗੂਆਂ ਪਰਮਜੀਤ ਸਿੰਘ ਜੌਹਲ, ਪ੍ਰਿਥੀਪਾਲ ਸਿੰਘ ਬਟਾਲਾ, ਰਾਜੀਵ ਕੁਮਾਰ ਲਵਲੀ, ਸੰਦੀਪ ਸਿੰਘ ਰੁਪਾਲੋਂ, ਗੁਰਪ੍ਰੀਤ ਸਿੰਘ ਸੋਨੂੰ ਆਦੀ ਨੇ ਕਿਹਾ ਕਿ ਇੰਨੀ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਦਾ ਹਜੂਮ ਸਾਫ ਤੌਰ 'ਤੇ ਦਰਸਾ ਰਿਹਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਅੰਤਰ ਪੰਥਕ ਪਾਰਟੀ ਦੀ ਸਰਕਾਰ ਬਣਨ ਜਾ ਰਹੀ ਹੈ। ਉਹਨਾਂ ਨੇ ਕਿਹਾ ਕਿ ਲੋਕ ਭਾਈ ਅੰਮ੍ਰਿਤਪਾਲ ਸਿੰਘ ਨੂੰ ਸੂਬੇ ਦੇ ਮੁੱਖ ਮੰਤਰੀ ਵਜੋਂ ਦੇਖਣਾ ਚਾਹੁੰਦੇ ਹਨ, ਜਿਨ੍ਹਾਂ ਨੇ ਨਸ਼ੇ ਦੀ ਗੰਭੀਰ ਸਮੱਸਿਆ ਸਣੇ ਹੋਰ ਸਮਾਜਿਕ ਮੁੱਦਿਆਂ ਖਿਲਾਫ ਜ਼ੋਰਦਾਰ ਤਰੀਕੇ ਨਾਲ ਆਵਾਜ਼ ਚੁੱਕੀ। ਜਿਸ ਕਾਰਨ ਵੱਡੀ ਗਿਣਤੀ ਵਿੱਚ ਲੋਕਾਂ ਨੇ ਉਹਨਾਂ ਦੇ ਹੱਕ ਵਿੱਚ ਵੋਟ ਪਾ ਕੇ ਸੰਸਦ ਮੈਂਬਰ ਬਣਾਇਆ। ਉਹਨਾਂ ਨੇ ਕਿਹਾ ਕਿ ਸਰਕਾਰਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਲੋਕਾਂ ਦਾ ਅਕਾਲੀ ਦਲ 'ਵਾਰਿਸ ਪੰਜਾਬ ਦੇ' ਪ੍ਰਤੀ ਲਗਾਤਾਰ ਸਮਰਥਨ ਵੱਧ ਰਿਹਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ, ਐਡਵੋਕੇਟ ਇੰਦਰਜੀਤ ਸਿੰਘ, ਜਸਬੀਰ ਸਿੰਘ ਲੁਧਿਆਣਾ, ਸ਼ੁਭਮ ਸ਼ਰਮਾ, ਜਸਵੰਤ ਸਿੰਘ ਚੀਮਾ, ਰੋਸ਼ਨ ਸਿੰਘ ਸਾਗਰ, ਸੰਦੀਪ ਰੁਪਾਲੋਂ, ਸੁਰਜੀਤ ਸਿੰਘ, ਗੁਰਵਿੰਦਰ ਸਿੰਘ, ਪਰਮਿੰਦਰ ਸਿੰਘ, ਕਮਲਜੀਤ ਸਿੰਘ, ਜੁਗਰਾਜ ਸਿੰਘ, ਨਰਿੰਦਰ ਸਿੰਘ, ਮਨਜਿੰਦਰ ਪਾਲ ਸਿੰਘ, ਗੁਰਲਾਲ ਸਿੰਘ, ਲਖਵਿੰਦਰ ਸਿੰਘ, ਜਗਰੂਪ ਸਿੰਘ, ਕਿਰਪਾਲ ਸਿੰਘ, ਪ੍ਰਗਟ ਸਿੰਘ, ਅਵਤਾਰ ਸਿੰਘ ਵੀ ਮੌਜੂਦ ਰਹੇ।

# ਰਾਘਵ ਚੱਢਾ ਦਾ ਪੁਤਲਾ ਫੂਕ ਕੇ ਕੀਤੀ ਨਾਅਰੇਬਾਜ਼ੀ

## ਰਾਜ ਸਭਾ ਮੈਂਬਰਾਂ ਨੇ ਬੀਜੇਪੀ ਵਿੱਚ ਸ਼ਾਮਲ ਹੋਕੇ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਿਆ : ਚੇਅਰਮੈਨ ਜੋਰਾਵਰ ਸਿੰਘ



ਸਾਹਨੇਵਾਲ/ਕੁਹਾੜਾ, 26 ਅਪ੍ਰੈਲ (ਕੁਲਦੀਪ ਸਿੰਘ ਕੁਹਾੜਾ) : ਚੇਅਰਮੈਨ ਖੰਡ ਮਿੱਲ ਬੁੱਢੇਵਾਲ ਸ. ਜੋਰਾਵਰ ਸਿੰਘ ਮੂੰਡੀਆਂ ਦੀ ਅਗਵਾਈ ਹੇਠ ਅੱਜ ਸਾਹਨੇਵਾਲ ਕਸਬੇ ਵਿੱਚ ਆਪ ਆਗੂਆਂ ਅਤੇ ਬਲਾਕ ਪ੍ਰਧਾਨਾਂ ਵੱਲੋਂ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪਾਰਟੀ ਆਗੂਆਂ ਨੇ ਰਾਘਵ ਚੱਢਾ ਸਮੇਤ ਸੱਤ ਰਾਜ ਸਭਾ ਮੈਂਬਰਾਂ ਵੱਲੋਂ ਆਮ ਆਦਮੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਦੇ ਮਾਮਲੇ 'ਤੇ ਕੜਾ ਵਿਰੋਧ ਜਤਾਇਆ ਗਿਆ।

ਇਸ ਮੌਕੇ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਹਲਕਾ ਸਾਹਨੇਵਾਲ ਦੇ ਬਲਾਕ ਪ੍ਰਧਾਨਾ ਨੇ ਰਾਘਵ ਚੱਢਾ ਸਮੇਤ ਪਾਰਟੀ ਛੱਡ ਬੀਜੇਪੀ ਵਿੱਚ ਜਾਣ ਵਾਲੇ ਸੱਤ ਰਾਜਸਭਾ ਮੈਂਬਰਾਂ ਨੂੰ ਗਦਾਰ ਦਾ ਖਿਤਾਬ ਦੇਦਿਆਂਪੰਜਾਬ ਦੇ ਗੱਦਾਰ ਹਾਏ-ਹਾਏ ਦੇ ਨਾਅਰੇ ਲਗਾਉਂਦੇ ਹੋਏ ਰਾਘਵ ਚੱਢਾ ਦਾ ਪੁਤਲਾ ਫੂਕਿਆ ਅਤੇ ਆਪਣਾ ਗੁੱਸਾ ਜਾਹਿਰ ਕੀਤਾ। ਆਗੂਆਂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੇ ਕਦਮ ਲੋਕਾਂ ਦੇ ਭਰੋਸੇ ਨਾਲ ਧੋਖਾ ਹਨ ਅਤੇ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਨ ਵਾਲੀ ਗੱਲ ਹੈ।

ਚੇਅਰਮੈਨ ਜੋਰਾਵਰ ਸਿੰਘ ਮੂੰਡੀਆਂ ਨੇ ਕਿਹਾ ਕਿ ਜੋ ਵੀ ਆਗੂ ਲੋਕਾਂ ਦੀ ਆਵਾਜ਼ ਨੂੰ ਨਜ਼ਰ ਅੰਦਾਜ਼ ਕਰਕੇ, ਵਿਰੋਧੀ ਪਾਰਟੀ ਬੀਜੇਪੀ ਵਿੱਚ ਸ਼ਾਮਲ ਹੋਵੇਗਾ, ਉਸ ਦਾ ਇਸੇ ਤਰ੍ਹਾਂ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਪੰਜਾਬ ਦੇ ਹੱਕਾਂ 'ਤੇ ਡਾਕੇ ਮਾਰਨ ਵਾਲਿਆਂ ਪਾਰਟੀਆਂ ਨੇ ਆਪਣੀਆਂ ਕੋਝੀਆਂ ਚਾਲਾਂ ਚੱਲਕੇ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਵਿੱਚ ਰੋੜਾ ਬਣਨ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਖੁੱਲ੍ਹਕੇ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਭਾਰੀ ਗਿਣਤੀਵਿੱਚ ਆਪ ਆਗੂ ਸਾਹਨੇਵਾਲ ਦੇ ਕੌਂਸਲਰ ਤੇ ਬਲਾਕ ਪ੍ਰਧਾਨ ਸ਼ਾਮਲ ਸਨ।

# ਲੇਬਰ ਕੋਡ ਲਾਗੂ ਨਹੀਂ ਹੋਣ ਦਿਆਂਗੇ : ਮਜ਼ਦੂਰ ਆਗੂ



ਲੁਧਿਆਣਾ, 26 ਅਪ੍ਰੈਲ (ਰਵਿੰਦਰ ਸਿੰਘ ਨਿੱਝਰ): ਯੂਨਾਈਟਿਡ ਫਰੰਟ ਆਫ ਟ੍ਰੇਡ ਯੂਨੀਅਨਜ਼ ਲੁਧਿਆਣਾ ਜਿਸ ਵਿੱਚ ਏਟਕ, ਸੀਟੂ ਸੀਟੀਯੂ ਪੰਜਾਬ, ਇੰਟਕ ਐਕਟੂ ਅਤੇ ਹੋਰ ਜਨਤਕ ਜਥੇਬੰਦੀਆਂ ਅਤੇ ਯੂਨੀਅਨਾਂ ਵੱਲੋਂ ਅੱਜ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਸਾਂਝੀ ਕਨਵੈਂਸ਼ਨ ਕੀਤੀ ਗਈ। ਇਸਦੇ ਪ੍ਰਧਾਨਗੀ ਮੰਡਲ ਵਿੱਚ ਗੁਰਜੀਤ ਸਿੰਘ ਜਗਪਾਲ, ਵਿਜੇ ਕੁਮਾਰ ਅਤੇ ਪਰਮਜੀਤ ਸਿੰਘ ਸ਼ਾਮਲ ਸਨ।

ਕਨਵੈਂਸ਼ਨ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਮੋਦੀ ਸਰਕਾਰ ਨੇ ਪਿਛਲੇ 150 ਸਾਲਾਂ ਵਿੱਚ ਪ੍ਰਾਪਤ ਕੀਤੇ ਹੋਏ ਕਾਨੂੰਨ ਰੱਦ ਕਰਕੇ ਚਾਰ ਲੇਬਰ ਕੋਡ ਬਣਾਏ ਹਨ , ਜਿਸ ਦਾ ਫਾਇਦਾ ਕਾਰਪੋਰੇਟ ਘਰਾਣਿਆਂ ਅਤੇ ਵੱਡੇ ਸਰਮਾਏਦਾਰਾਂ ਨੂੰ ਹੋਣਾ ਹੈ। ਮਜ਼ਦੂਰਾਂ ਦੀ ਹਾਲਤ ਹੋਰ ਵੀ ਬੱਦਤਰ ਹੋ ਜਾਏਗੀ। ਸਾਥੀਆਂ ਨੇ ਪ੍ਰਣ ਕੀਤਾ ਕਿ ਕਿਸੇ ਵੀ ਹਾਲਤ ਵਿੱਚ ਚਾਰ ਲੇਬਰ ਕੋਡ ਲਾਗੂ ਨਹੀਂ ਹੋਣ ਦਿੱਤੇ ਜਾਣਗੇ।

ਕਨਵੈਂਸ਼ਨ ਵਿੱਚ ਨੋਇਡਾ ਮਨੇਸਰ ਤੇ ਹੋਰ ਥਾਵਾਂ 'ਤੇ ਸਰਕਾਰ ਵੱਲੋਂ ਮਜ਼ਦੂਰਾਂ ਤੇ ਹੋਏ ਤਸ਼ੱਦਦ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ। ਕਨਵੈਂਸ਼ਨ ਨੇ ਯੂ ਪੀ ਦੇ ਮੁੱਖ ਮੰਤਰੀ ਆਦਿਤਿਆਨਾਥ ਯੋਗੀ ਵੱਲੋਂ ਪਹਿਲੀ ਮਈ ਦਿਵਸ ਤੇ ਮਜ਼ਦੂਰਾਂ ਦੇ ਇਕੱਠਾਂ ਨੂੰ ਰੋਕਣ ਬਾਰੇ ਬਿਆਨ ਦੀ ਵੀ ਨਿਖੇਧੀ ਕੀਤੀ।

ਆਗੂ ਸਾਥੀ ਜਿਨਾਂ ਨੇ ਸੰਬੋਧਨ ਕੀਤਾ ਵਿੱਚ ਵਿੱਚ ਡੀ ਪੀ ਮੌੜ, ਗੁਰਜੀਤ ਸਿੰਘ ਜਗਪਾਲ,ਕਾਮਰੇਡ ਜੱਸ ਭਾਟੀਆ , ਸੁਖਵਿੰਦਰ ਸਿੰਘ ਲੋਟੇ,ਜਗਦੀਸ਼ ਚੰਦ, ਸਰਬਜੀਤ ਸਿੰਘ ਸਰਹਾਲੀ, ਵਿਜੇ ਕੁਮਾਰ,ਰਮੇਸ਼ ਰਤਨ,ਰਾਮ ਲਾਲ , ਪਰਮਜੀਤ ਸਿੰਘ, ਕੇਵਲ ਸਿੰਘ ਬਨਵੈਤ , ਬਲਰਾਮ, ,ਹਰਜਿੰਦਰ ਸਿੰਘ, ਨਰੇਸ਼ ਗੌੜ, ਮਾਸਟਰ ਵਿਰੋਜ, ਤਹਿਸੀਲਦਾਰ, ਅਜੀਤ ਕੁਮਾਰ, ਮਹੀਪਾਲ, ਸ਼ਾਮਿਲ ਹਨ। ਸੰਯੁਕਤ ਕਿਸਾਨ ਮੋਰਚੇ ਦੇ ਆਗੂ ਕਾਮਰੇਡ ਰਘਵੀਰ ਸਿੰਘ ਬੈਨੀਪਾਲ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਮੰਗਾਂ ਦਾ ਸਮਰਥਨ ਕੀਤਾ।

ਇਸ ਮੌਕੇ 'ਤੇ ਕਾਮਰੇਡ ਕਸਤੂਰੀ ਨੇ ਇਨਕਲਾਬੀ ਗੀਤ ਗਾਏ।

# ਚੇਅਰਮੈਨ ਜੋਰਾਵਰ ਸਿੰਘ ਮੂੰਡੀਆਂ ਵੱਲੋਂ ਕ੍ਰਿਕਟ ਟੂਰਨਾਮੈਂਟ ਦਾ ਸਟਿੱਕਰ ਜਾਰੀ



ਸਾਹਨੇਵਾਲ/ਕੁਹਾੜਾ, 26 ਅਪ੍ਰੈਲ (ਕੁਲਦੀਪ ਸਿੰਘ ਕੁਹਾੜਾ) : ਇਲਾਕੇ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗਿਆਪੁਰਾ ਦੇ ਗਿਆਸਪੁਰਾ ਯੂਥ ਕਲੱਬ ਵੱਲੋਂ ਕਰਵਾਏ ਜਾ ਰਹੇ ਕ੍ਰਿਕਟ ਟੂਰਨਾਮੈਂਟ 2026 ਦੇ ਸਬੰਧ ਵਿੱਚ ਅੱਜ ਸਵੇਰੇ ਚੇਅਰਮੈਨ ਜੋਰਾਵਰ ਸਿੰਘ ਮੂੰਡੀਆ ਵੱਲੋਂ ਟੂਰਨਾਮੈਂਟ ਦਾ ਸਟਿੱਕਰ ਜਾਰੀ ਕੀਤਾ ਗਿਆ।

ਇਸ ਮੌਕੇ 'ਤੇ ਕਲੱਬ ਦੇ ਮੈਂਬਰਾਂ ਨੇ ਚੇਅਰਮੈਨ ਸਾਹਿਬ ਨੂੰ ਟੂਰਨਾਮੈਂਟ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੁਕਾਬਲੇ 3 ਮਈ 2026 ਨੂੰ ਗਿਆਸਪੁਰਾ ਵਿੱਚ ਕਰਵਾਏ ਜਾਣਗੇ, ਜਿਸ ਵਿੱਚ ਵੱਖ-ਵੱਖ ਟੀਮਾਂ ਭਾਗ ਲੈਣਗੀਆਂ। ਟੂਰਨਾਮੈਂਟ ਵਿੱਚ ਜਿੱਤਣ ਵਾਲੀ ਟੀਮ ਲਈ ?21,000 ਅਤੇ ਰਨਰਅੱਪ ਟੀਮ ਲਈ ?11,000 ਦਾ ਇਨਾਮ ਰੱਖਿਆ ਗਿਆ ਹੈ, ਜਦਕਿ ਐਂਟਰੀ ਫੀਸ ?2,100 ਨਿਰਧਾਰਤ ਕੀਤੀ ਗਈ ਹੈ।

ਚੇਅਰਮੈਨ ਜੋਰਾਵਰ ਸਿੰਘ ਮੂੰਡੀਆ ਨੇ ਕਿਹਾ ਕਿ ਇਸ ਤਰ੍ਹਾਂ ਦੇ ਖੇਡ ਸਮਾਗਮ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਉਨ੍ਹਾਂ ਵਿੱਚ ਖੇਡਾਂ ਪ੍ਰਤੀ ਰੁਚੀ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਕਲੱਬ ਦੇ ਉਪਰਾਲੇ ਦੀ ਸਰਾਹਨਾ ਕਰਦਿਆਂ ਭਵਿੱਖ ਵਿੱਚ ਵੀ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਦੌਰਾਨ ਕਲੱਬ ਮੈਂਬਰਾਂ ਵੱਲੋਂ ਇਲਾਕੇ ਦੇ ਖਿਡਾਰੀਆਂ ਨੂੰ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਗਈ ਤਾਂ ਜੋ ਟੂਰਨਾਮੈਂਟ ਨੂੰ ਸਫਲ ਬਣਾਇਆ ਜਾ ਸਕੇ।

# 3 ਮਈ ਨੂੰ ਲੁਧਿਆਣਾ 'ਚ ਹੋਵੇਗਾ ਵਿਸ਼ਾਲ ਸਮਾਗਮ : ਕਰੀਮਪੁਰੀ



ਲੁਧਿਆਣਾ, 26 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਬਸਪਾ ਦੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਵੱਲੋਂ ਲੋਕ ਸਭਾ ਲੁਧਿਆਣਾ ਦੀ ਲੀਡਰਸ਼ਿਪ ਨਾਲ ਮੀਟਿੰਗ ਕੀਤੀ ਗਈ, ਜਿਸ ਬਾਰੇ ਸ੍ਰ ਕਰੀਮਪੁਰੀ ਨੇ ਦੱਸਿਆ ਕਿ ਪਿਛਲੇ ਸਮੇਂ ਤੋਂ ਬਸਪਾ ਵੱਲੋਂ ਪੰਜਾਬ ਸੰਭਾਲੋ ਮੁਹਿੰਮ ਦੇ ਤਹਿਤ ਪੰਜਾਬ ਦੇ ਲੋਕਾਂ ਨੂੰ ਸਿਆਸੀ ਪਾਰਟੀਆਂ ਦਾ ਸੱਚ ਦਿਖਾਉਣ ਲਈ ਯਤਨ ਕੀਤਾ ਜਾ ਰਿਹਾ ਹੈ। ਇਸ ਯਤਨ ਨੂੰ ਬੂਰ ਵੀ ਪਿਆ ਤੇ ਲੋਕਾਂ ਨੇ ਸਾਡੇ ਉੱਤੇ ਵਿਸ਼ਵਾਸ ਕਰਦਿਆਂ ਵਿਰੋਧੀ ਪਾਰਟੀਆਂ ਨੂੰ ਨਕਾਰ ਕੇ ਸਾਨੂੰ ਜਿਤਾਇਆ ਵੀ ਹੈ ਤੇ ਅੱਜ ਪੰਜਾਬ 'ਚ ਬਸਪਾ ਦੇ ਵੱਡੀ ਗਿਚਤੀ 'ਚ ਪੰਚ, ਸਰਪੰਚ, ਬਲਾਕ ਸੰਮਤੀ ਤੇ ਜਿਲ੍ਹਾ ਪ੍ਰੀਸ਼ਦ ਮੈਂਬਰ, ਚੇਅਰਮੈਨ ਤੇ ਵਾਈਸ ਚੇਅਰਮੈਨ ਹਨ। ਏਸੇ ਪੰਜਾਬ ਸੰਭਾਲੋ ਮੁਹਿੰਮ ਨੂੰ ਅਸੀਂ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹਰ ਘਰ ਤੱਕ ਲਿਜਾਣਾ ਚਾਹੁੰਦੇ ਹਾਂ। ਪੰਜਾਬ ਦੇ ਲੋਕ ਵੀ ਆਮ ਆਦਮੀਂ ਪਾਰਟੀ, ਕਾਂਗਰਸ, ਅਕਾਲੀ ਦਲ ਤੇ ਭਾਜਪਾ ਵਰਗੀਆਂ ਝੂਠੀਆਂ ਪਾਰਟੀਆਂ ਨੂੰ ਮੌਕਾ ਦੇਣ ਦੀ ਬਜਾਏ ਬਸਪਾ ਨੂੰ ਮੌਕਾ ਦੇਣ ਤਾਂ ਜੋ ਉੱਜੜ ਰਹੇ ਪੰਜਾਬ ਨੂੰ ਅਸੀਂ ਸੰਭਾਲ ਕੇ ਬਚਾ ਸਕੀਏ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਪੱਖੀ ਏਸੇ ਯਤਨ ਤਹਿਤ ਬਸਪਾ ਵੱਲੋਂ ਸ਼੍ਰੀ ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਪੂਰਬ ਦੀ ਸਤਾਬਦੀ ਨੂੰ ਸਮਰਪਿਤ ਪੰਜਾਬ ਸੰਭਾਲੋ ਮੁਹਿੰਮ ਦੇ ਬੈਨਰ ਥੱਲੇ 3 ਮਈ ਨੂੰ ਵਰਧਮਾਨ ਮਿੱਲ ਦੇ ਪਿੱਛੇ ਪਰਾਧੀਨਤਾ ਕਾ ਅੰਤ ਅਤੇ ਬੇਗਮਪੁਰੇ ਦਾ ਸੰਕਲਪ ਵਿਸ਼ਾਲ ਸਮਾਗਮ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਦੌਰਾਨ ਏਸੇ ਸਮਾਗਮ ਦੀਆਂ ਤਿਆਰੀਆਂ ਸਬੰਧੀ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਇਸ ਵਿਸ਼ਾਲ ਸਮਾਗਮ 'ਚ ਪਰਿਵਾਰਾਂ ਸਮੇਤ ਵਹੀਰਾਂ ਘੱਤ ਕੇ ਪੁੱਜੋ। ਇਸ ਮੌਕੇ ਤੀਰਥ ਰਾਜਪੁਰਾ, ਕੁਲਵੰਤ ਸਿੰਘ ਮਹਿਤੋ, ਤੇ ਬਲਵਿੰਦਰ ਬਿੱਟਾ (ਤਿੰਨੋਂ ਜੋਨ ਕੋਆਰਡੀਨੇਟਰ) ਤੋਂ ਇਲਾਵਾ ਭਾਗ ਸਿੰਘ ਸ਼ਰੀਂਹ ਸਕੱਤਰ ਪੰਜਾਬ, ਜੀਤ ਰਾਮ ਬਸਰਾ ਤੇ ਪਰਗਨ ਬਿਲਗਾ (ਲੋਕ ਸਭਾ ਇੰਚਾਰਜ) ਬਹਾਦਰ ਸਿੰਘ ਸ਼ਰੀਂਹ, ਸ਼ਹਿਰੀ ਪ੍ਰਧਾਨ ਬਲਵਿੰਦਰ ਜੱਸੀ, ਦਿਹਾਤੀ ਪ੍ਰਧਾਨ ਨਿਰਮਲ ਸਿੰਘ ਸਾਇਆ, ਮਾਸਟਰ ਰਾਜ ਕੁਮਾਰ, ਜਗਤਾਰ ਸਿੰਘ ਭਾਮੀਆਂ, ਰਾਜਿੰਦਰ ਨਿੱਕਾ, ਪਰਵੀਨ ਕੁਮਾਰ, ਸੁਖਦੇਵ ਚੱਢਾ, ਜਸਪਾਲ ਭੌਰਾ, ਰਵੀ ਕਾਂਤ ਜੱਖੂ, ਹਰਜਿੰਦਰਪਾਲ ਸੁਜਾਤਵਾਲ, ਗੁਰਸੇਵਕ ਸਿੰਘ ਫੌਜੀ, ਗੁਲਸ਼ਨ ਪੌਲ, ਮਿੰਟਾ ਚੁੰਬਰ, ਰਾਜ ਕੁਮਾਰ ਕਾਲਾ, ਇੰਸਪੈਕਟਰ ਸਾਦੀ ਰਾਮ, ਸੁਖਦੇਵ, ਸੰਤੋਖ ਸੋਖਾ, ਰਾਮ ਹੀਰ, ਅਸ਼ਵਨੀ ਬੈਂਸ, ਸਤਨਾਮ ਸਿੰਘ, ਕਮਲ ਘਈ, ਰਾਜਿੰਦਰ ਕੈਂਥ, ਰਵੀ ਕੁਮਾਰ, ਸੁਰੇਸ਼ ਕੁਮਾਰ ਸੋਨੂੰ, ਨਰੇਸ਼ ਬਸਰਾ, ਸੁਰਿੰਦਰ ਮੇਹਰਬਾਨ, ਚਰਨ ਦਾਸ ਮਾਂਗਟ ਅਤੇ ਹੋਰ ਹਾਜਰ ਸਨ।

# ਸਾਂਸਦਾਂ ਦੇ ਘਰਾਂ ਅੱਗੇ ਹੋਏ ਪ੍ਰਦਰਸ਼ਨ 'ਆਪ' ਦੀ ਹਤਾਸ਼ਾ ਦੇ ਸਬੂਤ : ਸਰੀਨ



ਲੁਧਿਆਣਾ, 26 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਭਾਰਤੀ ਜਨਤਾ ਪਾਰਟੀ ਦੇ ਪੰਜਾਬ ਯੂਨਿਟ ਦੇ ਜਨਰਲ ਸਕੱਤਰ ਸ਼੍ਰੀ ਅਨੀਲ ਸਰੀਨ ਨੇ ਰਾਜ ਸਭਾ ਮੈਂਬਰ ਰਾਜਿੰਦਰ ਗੁਪਤਾ ਅਤੇ ਹਰਭਜਨ ਸਿੰਘ ਦੇ ਨਿਵਾਸ ਸਥਾਨਾਂ ਦੇ ਬਾਹਰ ਆਪ ਵਰਕਰਾਂ ਵੱਲੋਂ ਕੀਤੀ ਗਈ ਕਥਿਤ ਗੁੰਡਾਗਰਦੀ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਅਤੇ ਇਸ ਨੂੰ ਆਪ ਵਰਕਰਾਂ ਦੀ ਹਤਾਸ਼ਾ ਆਖਿਆ। ਉਹਨਾਂ ਕਿਹਾ ਕਿ ਆਪਣੀਆਂ ਨਾਕਾਮੀਆਂ ਲਈ ਦੂਜਿਆਂ ਨੂੰ ਦੋਸ਼ ਦੇਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੂੰ ਆਪਣੀ ਆਤਮ-ਚਿੰਤਨ ਕਰਨਾ ਚਾਹੀਦਾ ਹੈ ਕਿ ਕਿਉਂ ਇਸ ਦੇ ਵੱਡੀ ਗਿਣਤੀ ਵਿੱਚ ਨੇਤਾ ਅਤੇ ਕਾਰਕੁਨ, ਜਿਨ੍ਹਾਂ ਵਿੱਚ ਸੰਸਥਾਪਕ ਮੈਂਬਰ ਵੀ ਸ਼ਾਮਲ ਹਨ, ਪਾਰਟੀ ਛੱਡ ਰਹੇ ਹਨ। ਉਹਨਾਂ ਕਿਹਾ ਕਿ ਕਿਸੇ ਜਨ ਪ੍ਰਤਿਨਿਧੀ ਦੇ ਘਰ ਦੀ ਬੇਅਦਬੀ ਕਰਨਾ ਅਤੇ ਪੁਤਲੇ ਸਾੜਨਾ ਆਪ ਦੀ ਘਟਦੀ ਹੋਈ ਰਾਜਨੀਤਿਕ ਸੰਸਕ੍ਰਿਤੀ ਨੂੰ ਦਰਸਾਉਂਦਾ ਹੈ।

ਉਨ੍ਹਾਂ ਨੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਕਾਨੂੰਨ-ਵਿਵਸਥਾ ਬਣਾਈ ਰੱਖਣ ਲਈ ਤੋੜਫੋੜ ਵਿੱਚ ਸ਼ਾਮਲ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

# ਭਾਜਪਾ ਬਣੀ ਭ੍ਰਿਸ਼ਟ ਨੇਤਾਵਾਂ ਦੀ ਪਾਰਟੀ : ਰਵਿੰਦਰਪਾਲ ਪਾਲੀ



ਲੁਧਿਆਣਾ, 26 ਅਪ੍ਰੈਲ (ਰਵਿੰਦਰ ਸਿੰਘ ਨਿੱਝਰ): ਪੰਜਾਬ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਡਾਇਰੈਕਟਰ ਰਵਿੰਦਰ ਪਾਲ ਸਿੰਘ ਪਾਲੀ ਨੇ ਆਖਿਆ ਹੈ ਕਿ ਭਾਰਤੀ ਜਨਤਾ ਪਾਰਟੀ ਵਿੱਚ ਜਿੰਨੇ ਭ੍ਰਿਸ਼ਟ ਨੇਤਾ ਹਨ ਦੇਸ਼ ਦੀ ਹੋਰ ਕਿਸੇ ਪਾਰਟੀ ਵਿੱਚ ਵੀ ਨਹੀਂ ਹਨ। ਉਹਨਾਂ ਕਿਹਾ ਕਿ ਪਹਿਲਾਂ ਕਾਂਗਰਸ ਵਿੱਚ ਭਰਿਸ਼ਟਾਚਾਰੀਆਂ ਦੀ ਬਹੁਤਾਤ ਸੀ ਪ੍ਰੰਤੂ ਹੁਣ ਉਹਨਾਂ ਵਿੱਚੋਂ ਬਹੁਤੇ ਭਾਜਪਾ ਵਿੱਚ ਚਲੇ ਗਏ ਹਨ। ਇਸ ਲਈ ਭਾਜਪਾ ਇਸ ਖੇਤਰ ਵਿੱਚ ਨੰਬਰ ਵਨ ਤੇ ਆ ਗਈ ਹੈ।ਉਨ੍ਹਾਂ ਕਿਹਾ ਕਿ ਆਮ ਤੌਰ 'ਤੇ ਦੇਖਿਆ ਗਿਆ ਹੈ ਕਿ ਭਾਜਪਾ ਦੇ ਸੀਨੀਅਰ ਲੀਡਰ ਪਹਿਲਾਂ ਤਾਂ ਦੂਸਰੀਆਂ ਪਾਰਟੀਆਂ ਦੇ ਲੀਡਰਾਂ ਨੂੰ ਭ੍ਰਿਸ਼ਟ ਆਖ ਕੇ ਉਹਨਾਂ ਵਿਰੁੱਧ ਰੱਜ ਕੇ ਭੰਡੀ ਪ੍ਰਚਾਰ ਕਰਦੇ ਹਨ, ਬਾਅਦ ਵਿੱਚ ਉਹਨਾਂ ਨੂੰ ਏਜੰਸੀਆਂ ਰਾਹੀਂ ਡਰਾਉਂਦੇ ਧਮਕਾਉਂਦੇ ਹਨ ਅਤੇ ਫਿਰ ਆਪਣੀ ਪਾਰਟੀ ਵਿੱਚ ਸ਼ਾਮਿਲ ਕਰ ਲੈਂਦੇ ਹਨ। ਉਹਨਾਂ ਕਿਹਾ ਕਿ ਭਾਜਪਾ ਭ੍ਰਿਸ਼ਟਾਚਾਰੀਆਂ ਦੀ ਪਾਰਟੀ ਬਣ ਗਈ ਹੈ ਅਤੇ ਭ੍ਰਿਸ਼ਟ ਨੇਤਾ ਈਡੀ ਵਰਗੀਆਂ ਏਜੰਸੀਆਂ ਤੋਂ ਡਰਦੇ ਭਾਜਪਾ ਦੀ ਸ਼ਰਨ ਲੈ ਲੈਂਦੇ ਹਨ ਅਤੇ ਆਪਣੇ ਆਪ ਨੂੰ ਸੁਰੱਖਿਤ ਸਮਝਣ ਲੱਗ ਪੈਂਦੇ ਹਨ। ਉਹਨਾਂ ਕਿਹਾ ਕਿ ਸਵਰਗੀ ਅਜੀਤ ਪਵਾਰ ਤੇ ਪਹਿਲਾਂ ਭਾਜਪਾ ਲੀਡਰਾਂ ਨੇ ਕਈ ਹਜ਼ਾਰ ਕਰੋੜ ਰੁਪਏ ਦੇ ਗਬਨ ਦਾ ਦੋਸ਼ ਲਾਇਆ ਸੀ ਬਾਅਦ ਵਿੱਚ ਉਸਨੂੰ ਆਪਣੀ ਪਾਰਟੀ ਵਿੱਚ ਸ਼ਾਮਿਲ ਕਰ ਲਿਆ। ਇਸ ਤਰ੍ਹਾਂ ਨਾਲ ਭਾਜਪਾ ਨੇਤਾਵਾਂ ਨੇ ਦੇਸ਼ ਭਰ ਚ ਸੈਂਕੜੇ ਲੀਡਰਾਂ ਤੇ ਭ੍ਰਿਸ਼ਟਾਚਾਰ ਦੀਆਂ ਤੋਹਮਤਾਂ ਲਾ ਕੇ ਅਤੇ ਡਰਾ ਧਮਕਾ ਕੇ ਆਪਣੀ ਪਾਰਟੀ ਵਿੱਚ ਸ਼ਾਮਿਲ ਕੀਤਾ ਹੈ। ਉਹਨਾਂ ਕਿਹਾ ਕਿ ਪੰਜਾਬ ਸੂਰਵੀਰਾਂ ਯੋਧਿਆਂ ਦੀ ਧਰਤੀ ਹੈ ਅਤੇ ਉਹ ਜਾਣਦੇ ਹਨ ਕਿ ਭਾਜਪਾ ਦੇਸ਼ ਨੂੰ ਭਗਵੇਂਕਰਨ ਦੇ ਹਵਾਲੇ ਕਰਨਾ ਚਾਹੁੰਦੀ ਹਨ। ਇਸ ਲਈ ਪੰਜਾਬ ਦੇ ਲੋਕ ਕਦੇ ਵੀ ਭਾਜਪਾ ਨੂੰ ਪ੍ਰਵਾਨ ਨਹੀਂ ਕਰਨਗੇ। ਉਹਨਾਂ ਕਿਹਾ ਕਿ ਭਾਜਪਾ ਚਾਹੇ ਜਿੰਨੇ ਮਰਜ਼ੀ ਨੇਤਾਵਾਂ ਨੂੰ ਡਰਾਵੇ ਦੇ ਕੇ ਆਪਣੇ ਵਿੱਚ ਸ਼ਾਮਿਲ ਕਰ ਲਵੇ ਲੇਕਿਨ ਪੰਜਾਬ ਦੇ ਲੋਕਾਂ ਤੋਂ ਵੋਟਾਂ ਦੀ ਆਸ ਨਾ ਰੱਖੇ ਕਿਉਂਕਿ ਪੰਜਾਬ ਦੇ ਲੋਕ ਕਾਂਗਰਸ ਅਤੇ ਭਾਜਪਾ ਦੀਆਂ ਕੂਟ ਨੀਤੀਆਂ ਨੂੰ ਸਮਝਦੇ ਹਨ ਅਤੇ ਭਵਿੱਖ ਵਿੱਚ ਕਦੇ ਵੀ ਪੰਜਾਬ ਦੀ ਵਾਗਡੋਰ ਇਹਨਾਂ ਦੇ ਹੱਥ ਦੇ ਕੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਹਨੇਰੇ ਵਿੱਚ ਨਹੀਂ ਧੱਕਣਗੇ।

# ਬਲੇਸ ਗ੍ਰੀਨ ਸਟੀਲ ਪ੍ਰਾਈਵੇਟ ਲਿਮਟਿਡ ਵਿੱਚ ਅੱਗ ਲੱਗਣ ਕਾਰਨ 7 ਜ਼ਖ਼ਮੀ



ਖੰਨਾ/ਪਾਇਲ, 26 ਅਪ੍ਰੈਲ (ਸੰਜੀਵ ਲਹਿਲ) :ਇਲਾਕੇ ਦੀ ਬਲੇਸ ਗ੍ਰੀਨ ਸਟੀਲ ਪ੍ਰਾਈਵੇਟ ਲਿਮਟਿਡ (ਕਾਰ ਸ਼੍ਰੈਡਿੰਗ ਪਲਾਂਟ) ਵਿੱਚ ਕੱਲ ਦੁਪਹਿਰ ਲਗਭਗ 3 ਵਜੇ ਅਚਾਨਕ ਅੱਗ ਲੱਗਣ ਦਾ ਹਾਦਸਾ ਵਾਪਰ ਗਿਆ, ਜਿਸ ਨਾਲ 7 ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚੋਂ ਦੋ ਮਹਿਲਾ ਕਰਮਚਾਰੀ, ਜਿਨ੍ਹਾਂ ਨੂੰ ਸੜਨ ਦੀਆਂ ਚੋਟਾਂ ਲੱਗੀਆਂ ਹਨ, ਨੂੰ ਲੁਧਿਆਣਾ ਦੇ ਸੀ.ਐਮ.ਸੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਇਹ ਪਲਾਂਟ ਸਾਲ 2019 ਵਿੱਚ ਸਥਾਪਿਤ ਕੀਤਾ ਗਿਆ ਸੀ ਅਤੇ ਇੱਥੇ ਕੋਈ ਵੀ ਅੱਗ ਜਾਂ ਬਾਇਲਰ ਸੰਬੰਧੀ ਪ੍ਰਕਿਰਿਆ ਨਹੀਂ ਚੱਲਦੀ। ਫੈਕਟਰੀ ਵਿੱਚ 100 ਤੋਂ ਵੱਧ ਮਜ਼ਦੂਰ ਕੰਮ ਕਰਦੇ ਹਨ ਅਤੇ ਪ੍ਰਬੰਧਕਾਂ ਦਾ ਦਾਅਵਾ ਹੈ ਕਿ ਸਾਰੇ ਕਾਨੂੰਨੀ ਮਾਪਦੰਡ ਅਤੇ ਸਰਟੀਫਿਕੇਸ਼ਨ ਪੂਰੇ ਕੀਤੇ ਜਾਂਦੇ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪਿਛਲੇ ਸੱਤ ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਕਿ ਫਾਇਰ ਬ੍ਰਿਗੇਡ ਦੀ ਸਹਾਇਤਾ ਲੈਣੀ ਪਈ ਹੈ। ਪਹਿਲੀਆਂ ਜਾਣਕਾਰੀਆਂ ਮੁਤਾਬਕ ਅੱਗ ਦਾ ਕਾਰਨ ਸ਼ਾਰਟ ਸਰਕਿਟ ਹੋ ਸਕਦਾ ਹੈ, ਹਾਲਾਂਕਿ ਅਸਲ ਕਾਰਨ ਦੀ ਪੁਸ਼ਟੀ ਵਿਸਥਾਰਪੂਰਵਕ ਜਾਂਚ ਤੋਂ ਬਾਅਦ ਹੀ ਹੋਵੇਗੀ।

ਕੰਪਨੀ ਪ੍ਰਬੰਧਨ ਨੇ ਜ਼ਖ਼ਮੀ ਕਰਮਚਾਰੀਆਂ ਦੇ ਇਲਾਜ ਅਤੇ ਉਨ੍ਹਾਂ ਦੀ ਸੁਧਾਰ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ ਅਤੇ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਖੜ੍ਹੇ ਰਹਿਣ ਦੀ ਗੱਲ ਕਹੀ ਹੈ। ਜ਼ਰੂਰਤ ਅਨੁਸਾਰ ਮੁਆਵਜ਼ਾ ਅਤੇ ਹੋਰ ਸਹਾਇਤਾ ਵੀ ਮੁਹੱਈਆ ਕਰਵਾਈ ਜਾਵੇਗੀ।

ਜਾਂਚ ਮੁਕੰਮਲ ਹੋਣ ਉਪਰੰਤ ਹੋਰ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

# ਐਮ.ਪੀ. ਰਜਿੰਦਰ ਗੁਪਤਾ ਵੱਲੋਂ ਭਾਜਪਾ ਵਿੱਚ ਸ਼ਾਮਲ ਹੋਣ ਦੇ ਵਿਰੋਧ 'ਚ 'ਆਪ' ਵੱਲੋਂ ਪੁਤਲਾ ਫੂਕ ਪ੍ਰਦਰਸ਼ਨ



ਲੁਧਿਆਣਾ, 26 ਅਪ੍ਰੈਲ (ਵਿਸ਼ਾਲ ਸ਼ਰਮਾ) : ਰਾਜ ਸਭਾ ਮੈਂਬਰ ਰਜਿੰਦਰ ਗੁਪਤਾ ਵੱਲੋਂ ਪੰਜਾਬ ਦੇ ਹਿੱਤਾਂ ਨਾਲ ਕਥਿਤ ਧੋਖਾ ਕਰਕੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋਣ ਦੇ ਤੀਖੇ ਵਿਰੋਧ ਵਿੱਚ ਆਮ ਆਦਮੀ ਪਾਰਟੀ ਲੁਧਿਆਣਾ ਸ਼ਹਿਰੀ ਵੱਲੋਂ ਅੱਜ ਇੱਕ ਰੋਸ ਭਰਿਆ ਪੁਤਲਾ ਫੂਕ ਪ੍ਰਦਰਸ਼ਨ ਕਿਚਲੂ ਨਗਰ ਵਿਖੇ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ, ਹਲਕਾ ਦੱਖਣੀ ਤੋਂ ਵਿਧਾਇਕਾ ਬੀਬੀ ਰਜਿੰਦਰਪਾਲ ਕੌਰ ਸ਼ੀਨਾ, ਲੋਕ ਸਭਾ ਇੰਚਾਰਜ ਸ਼ਰਨਪਾਲ ਸਿੰਘ ਮੱਕੜ ਅਤੇ ਲੁਧਿਆਣਾ ਸ਼ਹਿਰੀ ਪ੍ਰਧਾਨ ਜਤਿੰਦਰ ਖੰਗੂੜਾ ਦੀ ਅਗਵਾਈ ਹੇਠ ਕੀਤੀ। ਪ੍ਰਦਰਸ਼ਨ ਦੌਰਾਨ ਵਲੰਟੀਅਰਾਂ ਨੇ ਹੱਥਾਂ ਵਿੱਚ ਤਖਤੀਆਂ ਫੜੀਆਂ ਹੋਈਆਂ ਸਨ, ਜਿਨ੍ਹਾਂ ਉੱਤੇ 'ਪੰਜਾਬ ਦੀ ਮਿੱਟੀ ਦੇ ਗੱਦਾਰ ਮੁਰਦਾਬਾਦ' ਅਤੇ 'ਜੂਝਦੇ ਜੁਝਾਰ ਲੋਕ, ਫਿੱਟੇ ਮੂੰਹ ਗੱਦਾਰ ਲੋਕ' ਵਰਗੇ ਤਿੱਖੇ ਨਾਅਰੇ ਲਿਖੇ ਹੋਏ ਸਨ। ਵਲੰਟੀਅਰਾਂ ਨੇ ਜੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਰਜਿੰਦਰ ਗੁਪਤਾ ਦੇ ਇਸ ਕਦਮ ਨੂੰ ਪੰਜਾਬ ਵਾਸੀਆਂ ਨਾਲ ਵੱਡਾ ਵਿਸ਼ਵਾਸਘਾਤ ਦੱਸਿਆ। ਇਸ ਮੌਕੇ ਲੁਧਿਆਣਾ ਸ਼ਹਿਰੀ ਪ੍ਰਧਾਨ ਜਤਿੰਦਰ ਖੰਗੂੜਾ ਨੇ ਕਿਹਾ, ਪਾਰਟੀ ਵੱਲੋਂ ਦਿੱਤੇ ਗਏ ਮਾਨ-ਸਨਮਾਨ ਨੂੰ ਠੁਕਰਾਉਂਦੇ ਹੋਏ ਰਜਿੰਦਰ ਗੁਪਤਾ ਵੱਲੋਂ ਭਾਜਪਾ ਵਿੱਚ ਸ਼ਾਮਲ ਹੋਣਾ ਪੰਜਾਬ ਦੇ ਲੋਕਾਂ ਨਾਲ ਵੱਡਾ ਧੋਖਾ ਹੈ। ਇਸ ਤਰ੍ਹਾਂ ਦੀ ਰਾਜਨੀਤੀ ਲੋਕਤੰਤਰੀ ਮੂਲਾਂ ਅਤੇ ਲੋਕਾਂ ਦੀਆਂ ਭਾਵਨਾਵਾਂ ਦੇ ਖਿਲਾਫ਼ ਹੈ। ਲੋਕ ਇਸਦਾ ਉਚਿਤ ਜਵਾਬ ਜ਼ਰੂਰ ਦੇਣਗੇ। ਪ੍ਰਦਰਸ਼ਨ ਵਿੱਚ ਰਵਿੰਦਰ ਪਾਲ ਸਿੰਘ ਪਾਲੀ, ਅਜਿੰਦਰ ਪਾਲ ਕੌਰ, ਅਮਰਿੰਦਰ ਸਿੰਘ ਐਮਪੀ ਜਵੱਦੀ, ਰਾਜੂ ਕਨੌਜੀਆ, ਨਿੱਕੀ ਕੋਹਲੀ, ਪ੍ਰਦੀਪ ਅੱਪੂ, ਦਵਿੰਦਰ ਘੁੰਮਨ, ਸਨੀ ਮਾਸਟਰ, ਕਪਿਲ ਸੋਨੂ, ਅੰਗਰੇਜ ਸਿੰਘ, ਰੋਹਿਤ ਵਰਮਾ, ਕਾਕਾ ਮਾਛੀਵਾੜਾ, ਮਨੀ ਸਾਈ, ਮਨਪ੍ਰੀਤ ਸਿੰਘ, ਪਰਮਪਾਲ ਬਾਵਾ, ਕਰਨ ਸ਼ਰਮਾ ਸਮੇਤ ਸੈਂਕੜੇ ਆਪ ਵਲੰਟੀਅਰਾਂ ਅਤੇ ਆਗੂਆਂ ਨੇ ਭਾਗ ਲਿਆ ਅਤੇ ਰੋਸ ਜਤਾਇਆ।

# ਵਿਧਾਇਕ, ਸੀ.ਡੀ. ਮੇਅਰ 'ਤੇ ਡੀ.ਮੇਅਰ ਵੱਲੋਂ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ



ਲੁਧਿਆਣਾ, 26 ਅਪ੍ਰੈਲ (ਵਿਸ਼ਾਲ ਸ਼ਰਮਾ): ਗੁਣਵੱਤਾ ਵਾਲੇ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨ ਅਤੇ ਵੱਡੇ ਪੱਧਰ 'ਤੇ ਜਨਤਾ ਦੀ ਸਹੂਲਤ ਲਈ ਅੱਗੇ ਵਧਣਾ, ਲੁਧਿਆਣਾ ਉੱਤਰੀ ਵਾਰਡ ਨੰਬਰ ਦੇ ਵੱਖ-ਵੱਖ ਖੇਤਰਾਂ ਵਿੱਚ ਵਿਧਾਇਕ ਮਦਨ ਲਾਲ ਬੱਗਾ, ਲੁਧਿਆਣਾ ਕੇਂਦਰੀ ਵਿਧਾਇਕ ਅਸ਼ੋਕ ਪ੍ਰਸ਼ਾਰ ਪੱਪੀ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪ੍ਰਸ਼ਾਰ ਅਤੇ ਡਿਪਟੀ ਮੇਅਰ ਪ੍ਰਿੰਸ ਜੌਹਰ ਨੇ 98 ਲੱਖ ਰੁਪਏ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਸ਼ਨੀਵਾਰ ਨੂੰ ਇਨ੍ਹਾਂ ਪ੍ਰੋਜੈਕਟਾਂ ਵਿੱਚ ਕੇਸਰ ਗੰਜ ਮੰਡੀ ਵਿੱਚ ਲਗਭਗ 50 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਦਾ ਪੁਨਰ ਨਿਰਮਾਣ ਸ਼ਾਮਲ ਹੈ, ਲਗਭਗ 35 ਲੱਖ ਰੁਪਏ ਦੀ ਲਾਗਤ ਨਾਲ ਟਾਇਰ ਮਾਰਕੀਟ ਵਿੱਚ ਪਾਣੀ ਦੀ ਸਪਲਾਈ ਅਤੇ ਸੀਵਰੇਜ ਪਾਈਪ ਲਾਈਨ ਵਿਛਾਉਣ ਅਤੇ ਲਗਭਗ 13 ਲੱਖ ਰੁਪਏ ਦੀ ਲਾਗਤ ਨਾਲ ਟਾਇਰ ਮਾਰਕੀਟ ਵਿੱਚ ਨਵੇਂ 25hp ਟਿਊਬਵੈੱਲ ਦੀ ਸਥਾਪਨਾ ਕੀਤੀ। ਵਿਧਾਇਕ ਬੱਗਾ, ਵਿਧਾਇਕ ਪਾਰਸ਼ਰ, ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ ਅਤੇ ਡਿਪਟੀ ਮੇਅਰ ਜੌਹਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਦੀ ਅਗਵਾਈ ਹੇਠ ਕੰਮ ਕਰਦੇ ਹੋਏ, ਉਹ ਵਸਨੀਕਾਂ ਲਈ ਮਿਆਰੀ ਬੁਨਿਆਦੀ ਢਾਂਚਾ ਵਿਕਸਿਤ ਕਰਨ ਲਈ ਅਣਥੱਕ ਮਿਹਨਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਕਰੋੜਾਂ ਰੁਪਏ ਦੇ ਪ੍ਰੋਜੈਕਟ ਲਏ ਜਾ ਰਹੇ ਹਨ ਅਤੇ ਅਧਿਕਾਰੀਆਂ ਨੂੰ ਨਿਰਧਾਰਤ ਸਮੇਂ ਦੇ ਅੰਦਰ ਪ੍ਰੋਜੈਕਟਾਂ ਨੂੰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਹੋਰ ਸਖ਼ਤ ਨਿਰਦੇਸ਼ ਵੀ ਜਾਰੀ ਕੀਤੇ ਗਏ ਹਨ ਕਿ ਕੰਮਾਂ ਦੀ ਗੁਣਵੱਤਾ ਦੇ ਲਿਹਾਜ਼ ਨਾਲ ਕੋਈ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸੀਨੀਅਰ ਡਿਪਟੀ ਮੇਅਰ ਰਾਕੇਸ਼ ਪਰਾਸ਼ਰ ਨੇ ਅੱਗੇ ਕਿਹਾ ਕਿ ਪ੍ਰਭਾਕਰ ਮੁਹੱਲਾ ਦੀਆਂ ਸੜਕਾਂ ਦਾ ਪੁਨਰ ਨਿਰਮਾਣ ਕਰਨ ਦਾ ਪ੍ਰੋਜੈਕਟ ਪਹਿਲਾਂ ਹੀ ਕੰਮ ਚੱਲ ਰਿਹਾ ਹੈ ਅਤੇ ਸ਼ਾਹਪੁਰ ਰੋਡ 'ਤੇ ਸੜਕਾਂ ਦਾ ਪੁਨਰ ਨਿਰਮਾਣ ਕਰਨ ਦਾ ਪ੍ਰੋਜੈਕਟ ਵੀ ਹੋਵੇਗਾ। ਇਸ ਮੌਕੇ ਸਤੀਸ਼ ਥਾਪਰ, ਬੌਬੀ ਭੰਡਾਰੀ, ਕ੍ਰਿਸ਼ਨ ਥਾਪਰ, ਦੀਪਕ ਸ਼ਰਮਾ ਦੀਪਾ, ਕੁਲਦੀਪ ਸਿੰਘ, ਅਸ਼ੋਕ ਗੋਇਲ, ਅਜੈ ਜੁਨੇਜਾ, ਰਮੇਸ਼ ਸ਼ਰਮਾ, ਕੁਕੀ ਥਾਪਰ, ਪ੍ਰੇਮਕੰਤ, ਯੋਗੇਸ਼ ਬੇਕਟਰ, ਪਰਵੀਨ ਪਿੰਕਾ, ਅਸ਼ਵਨੀ ਕਨੋਜੀਆ, ਭੀਮਸੇਨ ਭੀਮ, ਗੌਰਵ ਬਾਂਸਲ, ਟਿੰਕੂ ਮਿਗਲਾਨੀ, ਰਣਜੀਤ ਸਿੰਘ, ਵਿਪੁਲ ਭੰਡਾਰੀ, ਮਨੂ ਥਾਪਰ, ਵਿਕਾਸ ਪਰਭਾਕਰ ਅਤੇ ਹੋਰ ਵੀ ਮੌਜੂਦ ਸਨ।

# ਫੈਕਟਰੀ ਵਿੱਚ ਲੱਗੀ ਭਿਆਨਕ ਅੱਗ, ਲੋਕਾਂ 'ਚ ਦਹਿਸ਼ਤ



ਲੁਧਿਆਣਾ, 26 ਅਪ੍ਰੈਲ (ਵਿਸ਼ਾਲ ਸ਼ਰਮਾ): ਕਬਜ਼ਾ ਫੈਕਟਰੀ ਰੋਡ ਸਥਿਤ ਇੱਕ ਰਿਹਾਇਸ਼ੀ ਇਲਾਕੇ ਵਿੱਚ ਸੋਮਵਾਰ ਸਵੇਰੇ ਉਸ ਸਮੇਂ ਹਫੜਾ-ਦਫੜੀ ਮੱਚ ਗਈ ਜਦੋਂ ਇੱਕ ਪਲਾਸਟਿਕ ਫੈਕਟਰੀ ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ। ਅੱਗ ਲੱਗਦੇ ਹੀ ਫੈਕਟਰੀ ਵਿੱਚੋਂ ਉੱਚੀਆਂ ਅੱਗ ਦੀਆਂ ਲਪਟਾਂ ਅਤੇ ਧੂੰਆਂ ਉੱਠਣ ਲੱਗ ਪਿਆ, ਜਿਸ ਕਾਰਨ ਆਸ-ਪਾਸ ਰਹਿਣ ਵਾਲੇ ਲੋਕ ਡਰ ਗਏ ਅਤੇ ਉਹ ਆਪਣੇ ਘਰਾਂ ਤੋਂ ਬਾਹਰ ਆ ਗਏ। ਕੁਝ ਹੀ ਸਮੇਂ ਵਿੱਚ ਪੂਰਾ ਇਲਾਕਾ ਦਹਿਸ਼ਤ ਵਿੱਚ ਆ ਗਿਆ। ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚ ਗਈਆਂ ਅਤੇ ਅੱਗ ਬੁਝਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਅੱਗ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਨੂੰ ਕਾਫ਼ੀ ਜੱਦੋ-ਜਹਿਦ ਕਰਨੀ ਪਈ। ਲੰਬੀ ਕੋਸ਼ਿਸ਼ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ ਗਿਆ, ਇਸ ਤਰ੍ਹਾਂ ਇੱਕ ਵੱਡਾ ਹਾਦਸਾ ਹੋਣ ਤੋਂ ਬਚ ਗਿਆ। ਹਾਲਾਂਕਿ ਖੰਨਾ ਫੈਕਟਰੀ ਨੂੰ ਭਾਰੀ ਨੁਕਸਾਨ ਹੋਣ ਦੀ ਸੂਚਨਾ ਮਿਲੀ ਹੈ। ਇਲਾਕੇ ਦੇ ਵਸਨੀਕ ਸ਼ਸ਼ੀ ਵਰਧਨ ਦੇ ਅਨੁਸਾਰ, ਅੱਗ ਸਵੇਰੇ 7 ਤੋਂ 7:30 ਵਜੇ ਦੇ ਵਿਚਕਾਰ ਲੱਗੀ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਸੰਘਣੀ ਆਬਾਦੀ ਹੋਣ ਕਾਰਨ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਸੀ, ਪਰ ਸਮੇਂ ਸਿਰ ਅੱਗ 'ਤੇ ਕਾਬੂ ਪਾ ਲਿਆ ਗਿਆ। ਇਸ ਦੌਰਾਨ ਸਥਾਨਕ ਨਿਵਾਸੀ ਅਵਤਾਰ ਮੋਰੀਆ ਨੇ ਦੋਸ਼ ਲਗਾਇਆ ਕਿ ਇਸ ਖੇਤਰ ਵਿੱਚ ਕਈ ਫੈਕਟਰੀਆਂ ਗੈਰ-ਕਾਨੂੰਨੀ ਤੌਰ 'ਤੇ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਨਗਰ ਕੌਂਸਲ ਨੂੰ ਕਈ ਸ਼ਿਕਾਇਤਾਂ ਕੀਤੀਆਂ ਗਈਆਂ ਸਨ, ਪਰ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਇਸ ਦੌਰਾਨ, ਫੈਕਟਰੀ ਦੇ ਮਾਲਕ ਸੰਜੇ ਨੇ ਫਾਇਰ ਬ੍ਰਿਗੇਡ 'ਤੇ ਦੇਰ ਨਾਲ ਪਹੁੰਚਣ ਦਾ ਦੋਸ਼ ਲਗਾਇਆ, ਜਿਸ ਕਾਰਨ ਕਾਫ਼ੀ ਨੁਕਸਾਨ ਹੋਇਆ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਕੋਲ ਫੈਕਟਰੀ ਦੇ ਸੰਚਾਲਨ ਲਈ ਸਾਰੇ ਜ਼ਰੂਰੀ ਐਨਓਸੀ ਹਨ।

ਫਾਇਰ ਅਫਸਰ ਦਮਨਪ੍ਰੀਤ ਨੇ ਦੱਸਿਆ ਕਿ ਸੂਚਨਾ ਮਿਲਦੇ ਹੀ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਸਖ਼ਤ ਕੋਸ਼ਿਸ਼ਾਂ ਤੋਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ। ਉਨ੍ਹਾਂ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ।

# ਮਹੰਤ ਪ੍ਰਵੀਨ ਚੌਧਰੀ ਦੇ ਮਾਰਗਦਰਸ਼ਨ ਹੇਠ, ਮਾਂ ਬਗਲਾਮੁਖੀ ਧਾਮ ਵਿਖੇ ਪਵਿੱਤਰ ਜਨਮ ਦਿਵਸ ਉਤਸਵ ਮਨਾਇਆ



ਲੁਧਿਆਣਾ, 26 ਅਪ੍ਰੈਲ (ਕਰਨੈਲ ਸਿੰਘ ਐੱਮ.ਏ.): ਮਾਂ ਬਗਲਾਮੁਖੀ ਧਾਮ ਦਾ ਬ੍ਰਹਮ ਮਾਹੌਲ ਮਾਂ ਬਗਲਾਮੁਖੀ ਦੇ ਮਨਪਸੰਦ ਪੀਲੇ ਰੰਗ ਨਾਲ ਪ੍ਰਕਾਸ਼ਮਾਨ ਹੈ। ਹਰ ਪਾਸੇ ਮਾਂ ਬਗਲਾਮੁਖੀ ਦੀ ਉਸਤਤ ਦੇ ਜੈਕਾਰੇ ਗੂੰਜ ਰਹੇ ਸਨ। ਪੀਲੇ ਚੋਲੇ ਪਹਿਨੇ ਹਜ਼ਾਰਾਂ ਸ਼ਰਧਾਲੂ ਮਾਂ ਪੀਤਾਂਬਰਾ ਦੇ ਦਰਸ਼ਨ ਕਰਨ ਲਈ ਕਿਲੋਮੀਟਰ ਲੰਬੀਆਂ ਲਾਈਨਾਂ ਵਿੱਚ ਖੜ੍ਹੇ ਸਨ। ਹਜ਼ਾਰਾਂ ਸ਼ਰਧਾਲੂਆਂ ਨੇ ਇੱਕ ਵਿਸ਼ੇਸ਼ ਹਵਨ (ਅਗਨੀ ਬਲੀਦਾਨ) ਵਿੱਚ ਭੇਟਾਂ ਚੜ੍ਹਾਈਆਂ। ਦੁਨੀਆ ਦੀ ਮਾਂ ਦੀ ਜਨਮ ਉਤਸਵ 'ਤੇ, ਮਹੰਤ ਪ੍ਰਵੀਨ ਚੌਧਰੀ ਦੇ ਮਾਰਗਦਰਸ਼ਨ ਹੇਠ ਮਾਂ ਬਗਲਾਮੁਖੀ ਧਾਮ ਵਿਖੇ ਮਾਂ ਬਗਲਾਮੁਖੀ ਜਯੰਤੀ ਉਤਸਵ ਦਾ ਆਯੋਜਨ ਕੀਤਾ ਗਿਆ। ਪਹਿਲਾਂ, ਮਾਂ ਬਗਲਾਮੁਖੀ ਨੂੰ ਰੁਦ੍ਰਾਭਿਸ਼ੇਕ (ਇੱਕ ਪਵਿੱਤਰ ਅਭਿਸ਼ੇਕ) ਦਿੱਤਾ ਗਿਆ ਅਤੇ ਫਿਰ ਇੱਕ ਬ੍ਰਹਮ ਸ਼ਿੰਗਾਰ ਨਾਲ ਸ਼ਿੰਗਾਰਿਆ ਗਿਆ। ਸ਼ਰਧਾਲੂਆਂ ਨੇ ਹਲਦੀ ਦੇ ਮਾਲਾਵਾਂ ਨਾਲ ਮੰਤਰਾਂ ਦਾ ਜਾਪ ਕੀਤਾ ਅਤੇ ਮਾਂ ਬਗਲਾਮੁਖੀ ਨੂੰ ਹਲਦੀ, ਪੀਲੇ ਫੁੱਲ ਅਤੇ ਪੀਲੇ ਰੰਗ ਦਾ ਭੇਟ ਚੜ੍ਹਾਇਆ, ਆਪਣੀਆਂ ਇੱਛਾਵਾਂ ਮੰਗੀਆਂ ਅਤੇ ਆਪਣੀਆਂ ਇੱਛਾਵਾਂ ਪੂਰੀਆਂ ਹੋਣ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ। ਸੈਂਕੜੇ ਸ਼ਰਧਾਲੂਆਂ ਨੇ ਕੰਜਕਾਂ ਦੀ ਪੂਜਾ ਕੀਤੀ ਅਤੇ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਸ਼ਾਮ ਨੂੰ, ਮਾਂ ਬਗਲਾਮੁਖੀ ਲਈ ਇੱਕ ਬ੍ਰਹਮ ਮਹਾਂ ਆਰਤੀ ਕੀਤੀ ਗਈ, ਜਿਸ ਨੂੰ ਹਜ਼ਾਰਾਂ ਸ਼ਰਧਾਲੂਆਂ ਨੇ ਦੇਖਿਆ। ਇਸ ਤੋਂ ਬਾਅਦ, ਹਜ਼ਾਰਾਂ ਸ਼ਰਧਾਲੂਆਂ ਨੇ ਇੱਕ ਵਿਸ਼ੇਸ਼ ਹਵਨ ਯੱਗ ਵਿੱਚ ਭੇਟਾਂ ਚੜ੍ਹਾਈਆਂ, ਦੁਸ਼ਮਣਾਂ 'ਤੇ ਜਿੱਤ ਅਤੇ ਕਾਰੋਬਾਰ ਵਿੱਚ ਵਾਧੇ ਲਈ ਪ੍ਰਾਰਥਨਾ ਕੀਤੀ। ਉਨ੍ਹਾਂ ਨੇ ਧੀਰਜ ਅਤੇ ਸਹੀ ਰਸਤੇ 'ਤੇ ਚੱਲਣ ਲਈ ਮਾਂ ਬਗਲਾਮੁਖੀ ਤੋਂ ਅਸ਼ੀਰਵਾਦ ਵੀ ਮੰਗਿਆ । ਯੱਗ ਤੋਂ ਬਾਅਦ, ਹੁਸ਼ਿਆਰਪੁਰ ਦੇ ਪ੍ਰਸਿੱਧ ਭਜਨ ਗਾਇਕਾਂ ਸੰਦੀਪ ਸੂਦ ਅਤੇ ਹੈਪੀ ਬਟਵਾਲ ਨੇ ਮਾਂ ਭਗਵਤੀ ਨੂੰ ਪ੍ਰਸ਼ਾਦ ਭੇਟ ਕੀਤਾ, ਜਿਸ ਵਿੱਚ 'ਤੇਰਾ ਸੋਹਣਾ ਮਾਂ ਦਰਬਾਰ ਹੋਵੇ...', 'ਪੀਲੇ ਚੋਲਿਆਂ ਵਾਲੀ ਮਾਂ...', 'ਬਗਲਾਮੁਖੀ ਮਾਂ ਦਰਸ਼ਨ ਦੇ ਦੇ ਮੈਂ ਮਾਂ...', ਅਤੇ 'ਬਗਲਾਮੁਖੀ...' ਅਤੇ 'ਬਗਲਾਮੁਖੀ ਇਹ...' ਸ਼ਾਮਲ ਸਨ। ਸ਼ਰਧਾਲੂ ਮਹੰਤ ਪ੍ਰਵੀਨ ਚੌਧਰੀ ਨੇ ਮਾਂ ਬਗਲਾਮੁਖੀ ਜੈਅੰਤੀ ਦੀ ਮਹੱਤਤਾ 'ਤੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਇਸ ਦਿਨ ਸੱਚੇ ਮਨ ਨਾਲ ਮਾਂ ਬਗਲਾਮੁਖੀ ਦੇ ਨਾਮ ਦਾ ਜਾਪ ਕਰਨ ਨਾਲ ਵਿਸ਼ੇਸ਼ ਅਸ਼ੀਰਵਾਦ ਪ੍ਰਾਪਤ ਹੁੰਦਾ ਹੈ। ਵਿਅਕਤੀ ਨਕਾਰਾਤਮਕ ਊਰਜਾ, ਦੁਸ਼ਮਣਾਂ ਅਤੇ ਕਾਨੂੰਨੀ ਰੁਕਾਵਟਾਂ ਤੋਂ ਮੁਕਤ ਹੁੰਦਾ ਹੈ। ਮਾਂ ਬਗਲਾਮੁਖੀ ਸੱਚੇ ਸ਼ਰਧਾਲੂ ਦੇ ਦੁਸ਼ਮਣਾਂ ਦੀ ਬੋਲੀ ਅਤੇ ਬੁੱਧੀ ਨੂੰ ਵੀ ਸਥਿਰ ਕਰਦੀ ਹੈ। ਇਸ ਮੌਕੇ ਮਨਪ੍ਰੀਤ ਛਤਵਾਲ, ਕਰਨ ਸ਼ਾਂਡਿਲਿਆ, ਸੁਨੀਲ ਮਹਾਜਨ, ਰਮਨ ਘਈ, ਜਤਿੰਦਰ ਸੂਦ, ਮੋਹਿਤ ਸੂਦ, ਰਾਣਾ ਰਣਜੀਤ ਸਿੰਘ, ਸੁਧੀਰ ਮਹਾਜਨ, ਗੌਰਵ ਕਾਲੀਆ, ਜਤਿਨ ਸੂਦ, ਪਰਮਵੀਰ ਚੌਧਰੀ, ਸੰਦੀਪ ਸੂਦ, ਸੁਨੀਲ ਹਾਂਡਾ, ਨਰਿੰਦਰ ਸਿੰਗਲਾ, ਇਕਬਾਲ ਸਿੰਘ, ਬਲਜੀਤ ਮਹਾਜਨ, ਤ੍ਰੈਚਰਨ ਸਿੰਘ, ਨਛੱਤਰ ਸਿੰਘ, ਅੰਕੁਸ਼ ਸਿੰਗਲਾ, ਚੇਤਨ ਟੰਡਨ, ਸਾਹਿਲ ਸਿੰਗਲਾ, ਰਾਜ ਸੋਲੰਕੀ, ਪੰਕਜ ਗੁਪਤਾ, ਦੀਪਕ ਗਰਗ, ਦਿਨੇਸ਼ ਰੱਲੀ, ਵਰੁਣ ਜੈਨ, ਮਨੀਸ਼ ਗੁਪਤਾ, ਵਿਜੇ ਗੁਪਤਾ, ਰਮਨ ਸ਼ਰਮਾ, ਅਦਿੱਤਿਆ ਗੁਪਤਾ, ਵਰੁਣ ਚੋਪੜਾ, ਤੁਸ਼ਾਰ ਬਾਂਸਲ, ਧੀਰਜ ਗੁਪਤਾ, ਮੱਕੜ ਜਨਕਰਾਜ, ਜਨਕ ਰਾਜ, ਡਾ: ਖੈਰੀਤਾ, ਅਜੇ ਜੈਨ, ਰਵਿੰਦਰ ਸਿੰਘ ਵਾਲੀਆ, ਤੇਜਿੰਦਰ ਮਿਗਲਾਨੀ, ਵਰੁਣ ਦੱਤ, ਭੁਪਿੰਦਰ ਸਿੰਘ, ਵੇਦ ਲੂਥਰਾ, ਸੁਨੀਲ ਹਾਂਡਾ, ਵਰੁਣ ਸ਼ਰਮਾ, ਪਵਨ ਪਾਰੀਕ, ਅਨੁਜ ਵਧਵਾ, ਆਸ਼ੂਤੋਸ਼, ਪ੍ਰਦੀਪ ਟਾਟਾ ਆਦਿ ਵੀ ਹਾਜ਼ਰ ਸਨ।



# ਮਾਝਾ-ਦੁਆਬਾ

ਆਸ ਪਾਸ



## ਖ਼ਾਲਸਾ ਰਾਜ ਦੇ ਐਲਾਨਨਾਮੇ ਦੀ 40ਵੀਂ ਵਰ੍ਹੇਗੰਢ 29 ਨੂੰ

### ਸਮੂੰਹ ਪੰਥਕ ਜਥੇਬੰਦੀਆਂ ਆਪਸੀ ਮੱਤਭੇਦ ਭੁਲਾ ਕੇ ਇਕੱਠੀਆਂ ਹੋਣ: ਜ਼ੱਫਰਵਾਲ



ਅੰਮ੍ਰਿਤਸਰ, 26 ਅਪ੍ਰੈਲ (ਬਬਲੂ ਮਹਾਜਨ) : ਪੰਜ ਮੈਂਬਰੀ ਪੰਥਕ ਕਮੇਟੀ ਵੱਲੋਂ 29 ਅਪ੍ਰੈਲ 1986 ਨੂੰ ਖਾਲਸਾ ਰਾਜ ਦੀ ਪ੍ਰਾਪਤੀ ਲਈ ਖਾਲਿਸਤਾਨ ਦਾ ਐਲਾਨ ਕੀਤਾ ਗਿਆ ਸੀ, ਜਿਸ ਦੀ 40ਵੀਂ ਵਰ੍ਹੇਗੰਢ 29 ਅਪ੍ਰੈਲ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਅਰਦਾਸ ਕਰ ਕੇ ਮਨਾਈ ਜਾਵੇਗੀ। ਇਸ ਸਬੰਧ ਵਿਚ ਜਾਣਕਾਰੀ ਦਿੰਦਿਆਂ ਭਾਈ ਵੱਸਣ ਸਿੰਘ ਜ਼ਫ਼ਰਵਾਲ ਨੇ ਕਿਹਾ ਕਿ ਖਾਲਸਾ ਰਾਜ ਦੀ ਪ੍ਰਾਪਤੀ ਲਈ ਸ਼ੁਰੂ ਕੀਤੇ ਗਏ ਸੰਘਰਸ਼ ਨੂੰ ਸਮੇਂ ਅਨੁਸਾਰ ਜਾਰੀ ਰੱਖਾਂਗੇ ਅਤੇ ਇਸ ਸੰਘਰਸ਼ ਵਿਚ ਸ਼ਹੀਦ ਹੋਏ ਸਿੰਘਾਂ ਦੇ ਪਰਿਵਾਰਾਂ ਦੀ ਸੇਵਾ ਸੰਭਾਲ ਦੇ ਸੰਗਤਾਂ ਦੇ ਸਹਿਯੋਗ ਨਾਲ ਯਤਨ ਕਰ ਰਹੇ ਹਾਂ ਤਾਂ ਜੋ ਉਨ੍ਹਾਂ ਦੀ ਜੀਵਨਸ਼ੈਲੀ ਸਫਲ, ਸਰਲ ਤੇ ਸੁਖਾਲੀ ਹੋ ਸਕੇ। ਉਨ੍ਹਾਂ ਦੱਸਿਆ ਕਿ ਜਿੱਥੇ ਸੰਘਰਸ਼ੀ ਯੋਧਿਆਂ ਨੇ ਆਪਾ ਵਾਰ ਕੇ ਸੰਘਰਸ਼ ਦੀ ਪ੍ਰਚੰਡ ਲਹਿਰ ਨੂੰ ਸ਼ਿਖਰ ਸਰਗਰਮੀਆਂ 'ਤੇ ਪਹੁੰਚਾਇਆ ਉੱਥੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨੇ ਵੀ ਹਕੂਮਤੀ ਜ਼ੁਲਮ ਸਿਤਮ ਆਪਣੇ ਪਿੰਡਿਆਂ 'ਤੇ ਹੰਢਾਏ ਹਨ। ਉਨ੍ਹਾਂ ਦੇ ਵੱਲੋਂ ਝੱਲੇ ਜਿਸਮਾਨੀ ਤੇ ਮਾਨਸਿਕ ਤਸੀਹਿਆਂ ਅਤੇ ਤਸ਼ੱਦਦਾਂ ਦੀ ਗੱਲ ਕੌਮ ਤੇ ਪੰਥਕ ਦਰਦੀਆਂ ਦੇ ਇਕੱਠਾਂ ਵਿੱਚ ਅਕਸਰ ਸੁਣਾਈ ਦਿੰਦੀ ਹੈ। ਪੰਥਕ ਹਿਤੈਸ਼ੀਆਂ ਤੇ ਪੰਥਕ ਦਰਦੀਆਂ ਨੂੰ ਇਹ ਜ਼ਬਰ ਜ਼ੁਲਮ ਤੇ ਵਰਤਾਰੇ ਰਹਿੰਦੀ ਦੁਨਿਆ ਤੱਕ ਯਾਦ ਰਹਿਣਗੇ। ਅਜਿਹੇ ਵਿੱਚ ਪੰਥਕ ਦਰਦੀਆਂ ਤੇ ਹਿਤੈਸ਼ੀਆਂ ਦੇ ਵੱਲੋਂ ਸੰਘਰਸ਼ੀ ਪਰਿਵਾਰਾਂ ਦੀ ਬਾਂਹ ਫੜਨਾ ਸਮੇਂ ਦੀ ਲੋੜ ਅਤੇ ਮੰਗ ਹੈ। ਇਸ ਸਮੇ ਭਾਈ ਜਫਰਵਾਲ ਨੇ ਸਮੂੰਹ ਪੰਥਕ ਜਥੇਬੰਦੀਆਂ ਨੂੰ ਆਪਸੀ ਮੱਤਭੇਦ ਭੁਲਾ ਕੇ ਇਕ ਪਲੇਟਫਾਰਮ ਤੇ ਇਕੱਤਰ ਹੋਣ ਦੀ ਅਪੀਲ ਵੀ ਕੀਤੀ ਤੇ ਅਖੀਰ ਵਿਚ ਸੰਮੂਹ ਸੰਗਤਾਂ 29 ਅਪ੍ਰੈਲ ਦਿਨ ਬੁੱਧਵਾਰ ਨੂੰ 12 ਵਜੇ ਸ੍ਰੀ ਅਕਾਲ ਤਖਤ ਸਾਹਿਬ ਤੇ ਪਹੁੰਚਣ ਦੀ ਬੇਨਤੀ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਹੰਭਲੇ ਦੇ ਨਾਲ ਸੰਘਰਸ਼ੀ ਪਰਿਵਾਰਾਂ ਦਾ ਕਿਸੇ ਵੀ ਕਿਸਮ ਦਾ ਨੁਕਸਾਨ ਤਾ ਨਹੀਂ ਪੂਰਾ ਕੀਤਾ ਜਾ ਸਕਦਾ ਪਰ ਇਨ੍ਹਾਂ ਉਪਰਾਲਿਆਂ ਦੇ ਨਾਲ ਉਨ੍ਹਾਂ ਨੂੰ ਕੁੱਝ ਨਾ ਕੁੱਝ ਰਾਹਤ ਜ਼ਰੂਰ ਮਹਿਸੂਸ ਹੋਵੇਗੀ, ਜਦੋਂਕਿ ਇਸ 40ਵੀਂ ਵਰ੍ਹੇਗੰਢ ਦੇ ਮੌਕੇ ਕੌਮ ਤੇ ਪੰਥ ਦੇ ਵਿੱਚ ਇੱਕ ਵੱਡਾ ਸੁਨੇਹਾ ਜਾਣ ਦੀ ਸੰਭਾਵਨਾ ਤੋਂ ਇੰਨਕਾਰ ਨਹੀਂ ਕੀਤਾ ਜਾ ਸੱਕਦਾ। ਇਸ ਮੀਟਿੰਗ ਵਿੱਚ ਭਾਈ ਜਫਰਵਾਲ ਤੋਂ ਇਲਾਵਾ ਭਾਈ ਮੋਹਕਮ ਸਿੰਘ, ਭਾਈ ਸਤਨਾਮ ਸਿੰਘ ਮਨਾਵਾਂ, ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਭਾਈ ਜਰਨੈਲ ਸਿੰਘ ਸਖੀਰਾ, ਜਥੇਦਾਰ ਬਹਾਦਰ ਸਿੰਘ ਰਾਹੋਂ, ਭਾਈ ਬਲਵਿੰਦਰ ਸਿੰਘ ਡਾਲਾ, ਭਾਈ ਹਰਜੀਤ ਸਿੰਘ, ਭਾਈ ਸੁਖਵਿੰਦਰ ਸਿੰਘ ਧਰਮੀ ਫੌਜੀ, ਭਾਈ ਕੁਲਵੰਤ ਸਿੰਘ ਦਿਆਲਗੜ੍ਹ ਤੋਂ ਇਲਾਵਾ ਬਹੁਤ ਸਾਰੀਆਂ ਪੰਥਕ ਸ਼ਖ਼ਸੀਅਤਾਂ ਮੌਜੂਦ ਸਨ।

## ਡੀਐਮ ਗਗਨਦੀਪ ਸਿੰਘ ਰੰਧਾਵਾ ਮਾਮਲਾ: ਪਰਿਵਾਰ ਵੱਲੋਂ ਫਿਰ ਇਨਸਾਫ਼ ਦੀ ਗੂੰਜ 35 ਦਿਨ ਬਾਅਦ ਵੀ ਧੀਮੀ ਜਾਂਚ 'ਤੇ ਸਵਾਲ



ਅੰਮ੍ਰਿਤਸਰ, 26 ਅਪ੍ਰੈਲ (ਬਬਲੂ ਮਹਾਜਨ) :ਬੀਤੇ ਦਿਨੀਂ ਡੀਐਮ ਗਗਨਦੀਪ ਸਿੰਘ ਰੰਧਾਵਾ ਵੱਲੋਂ ਕੀਤੀ ਖੁਦਕੁਸ਼ੀ ਦੇ ਮਾਮਲੇ 'ਚ ਅੱਜ ਇਕ ਵਾਰ ਫਿਰ ਉਨ੍ਹਾਂ ਦੇ ਪਰਿਵਾਰ ਨੇ ਪ੍ਰੈਸ ਕਾਨਫਰੰਸ ਕਰਕੇ ਇਨਸਾਫ ਦੀ ਮੰਗ ਕੀਤੀ। ਇਸ ਦੌਰਾਨ ਮ੍ਰਿਤਕ ਗਗਨਦੀਪ ਸਿੰਘ ਰੰਧਾਵਾ ਦੀ ਪਤਨੀ ਉਪਿੰਦਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਘਟਨਾ ਨੂੰ ਕਰੀਬ 35 ਦਿਨ ਬੀਤ ਚੁੱਕੇ ਹਨ, ਪਰ ਹਾਲੇ ਤੱਕ ਕੇਵਲ ਇੱਕ ਹੀ ਗ੍ਰਿਫਤਾਰੀ ਹੋਈ ਹੈ, ਜਦਕਿ ਕਈ ਹੋਰ ਲੋਕਾਂ ਦੇ ਨਾਮ ਸਾਹਮਣੇ ਆਏ ਸਨ। ਉਪਿੰਦਰ ਕੌਰ ਨੇ ਦੋਸ਼ ਲਗਾਇਆ ਕਿ ਲਾਲਜੀਤ ਸਿੰਘ ਭੁੱਲਰ ਦੇ ਪਿਤਾ ਸੁਖਦੇਵ ਭੁੱਲਰ ਵੱਲੋਂ ਬੇਲ ਲਈ ਅਦਾਲਤ ਵਿੱਚ ਗਲਤ ਦਲੀਲਾਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਜੇ ਉਹ ਆਪਣੇ ਆਪ ਨੂੰ ਬਜ਼ੁਰਗ ਦੱਸ ਰਹੇ ਹਨ, ਤਾਂ ਫਿਰ ਉਹ ਆਪਣੇ ਨਾਮ 'ਤੇ ਟੈਂਡਰ ਕਿਵੇਂ ਅਪਲਾਈ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਨੇ ਹਾਲੇ ਤੱਕ ਭੁੱਲਰ ਦੇ ਪੀਏ, ਪਿਤਾ ਅਤੇ ਹੋਰ ਅਣਪਛਾਤੇ ਵਿਅਕਤੀਆਂ ਨੂੰ ਨਾ ਤਾਂ ਗ੍ਰਿਫਤਾਰ ਕੀਤਾ ਹੈ ਅਤੇ ਨਾ ਹੀ ਉਨ੍ਹਾਂ ਦੇ ਬਿਆਨ ਦਰਜ ਕੀਤੇ ਹਨ। ਉਪਿੰਦਰ ਕੌਰ ਦੇ ਮੁਤਾਬਕ ਧਾਰਾ 164 ਅਧੀਨ ਬਿਆਨ ਵੀ ਹਾਲੇ ਤੱਕ ਦਰਜ ਨਹੀਂ ਕਰਵਾਏ ਗਏ, ਜਿਸ ਕਾਰਨ ਉਨ੍ਹਾਂ ਨੂੰ ਜਾਂਚ 'ਤੇ ਸ਼ੱਕ ਹੈ। ਡੀਐਮ ਗਗਨਦੀਪ ਸਿੰਘ ਰੰਧਾਵਾ ਵੱਲੋਂ ਕੀਤੀ ਖੁਦਕੁਸ਼ੀ ਦੇ ਮਾਮਲੇ 'ਚ ਅੱਜ ਇਕ ਵਾਰ ਫਿਰ ਉਨ੍ਹਾਂ ਦੇ ਪਰਿਵਾਰ ਨੇ ਪ੍ਰੈਸ ਕਾਨਫਰੰਸ ਕਰਕੇ ਇਨਸਾਫ ਦੀ ਮੰਗ ਕੀਤੀ। ਇਸ ਦੌਰਾਨ ਮ੍ਰਿਤਕ ਗਗਨਦੀਪ ਸਿੰਘ ਰੰਧਾਵਾ ਦੀ ਪਤਨੀ ਉਪਿੰਦਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਘਟਨਾ ਨੂੰ ਕਰੀਬ 35 ਦਿਨ ਬੀਤ ਚੁੱਕੇ ਹਨ, ਪਰ ਹਾਲੇ ਤੱਕ ਕੇਵਲ ਇੱਕ ਹੀ ਗ੍ਰਿਫਤਾਰੀ ਹੋਈ ਹੈ, ਜਦਕਿ ਕਈ ਹੋਰ ਲੋਕਾਂ ਦੇ ਨਾਮ ਸਾਹਮਣੇ ਆਏ ਸਨ। ਉਪਿੰਦਰ ਕੌਰ ਨੇ ਦੋਸ਼ ਲਗਾਇਆ ਕਿ ਲਾਲਜੀਤ ਸਿੰਘ ਭੁੱਲਰ ਦੇ ਪਿਤਾ ਸੁਖਦੇਵ ਭੁੱਲਰ ਵੱਲੋਂ ਬੇਲ ਲਈ ਅਦਾਲਤ ਵਿੱਚ ਗਲਤ ਦਲੀਲਾਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਜੇ ਉਹ ਆਪਣੇ ਆਪ ਨੂੰ ਬਜ਼ੁਰਗ ਦੱਸ ਰਹੇ ਹਨ, ਤਾਂ ਫਿਰ ਉਹ ਆਪਣੇ ਨਾਮ 'ਤੇ ਟੈਂਡਰ ਕਿਵੇਂ ਅਪਲਾਈ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਪਰਿਵਾਰ ਹੁਣ ਸੋਮਵਾਰ ਨੂੰ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿੱਚ ਸੀਬੀਆਈ ਜਾਂਚ ਲਈ ਪਟੀਸ਼ਨ ਦਾਇਰ ਕਰੇਗਾ, ਕਿਉਂਕਿ ਹੁਣ ਪੰਜਾਬ ਪੁਲਸ 'ਤੇ ਵਿਸ਼ਵਾਸ ਨਹੀਂ ਰਿਹਾ। ਭਾਵੁਕ ਹੋ ਕੇ ਉਪਿੰਦਰ ਕੌਰ ਨੇ ਕਿਹਾ ਜਿਸ ਨੇ ਮੇਰਾ ਘਰ ਬਰਬਾਦ ਕੀਤਾ, ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਮੇਰੇ ਬੱਚੇ ਆਪਣੇ ਪਿਤਾ ਲਈ ਤਰਸ ਰਹੇ ਹਨ। ਜੇ ਦੋਸ਼ੀ ਬਾਹਰ ਆ ਗਏ ਤਾਂ ਸਾਡੇ ਪਰਿਵਾਰ ਨੂੰ ਖਤਰਾ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਕੁਝ ਲੋਕਾਂ ਵੱਲੋਂ ਰਾਜੀਨਾਮੇ ਦੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ, ਪਰ ਪਰਿਵਾਰ ਕਦੇ ਵੀ ਕੋਈ ਸਮਝੌਤਾ ਨਹੀਂ ਕਰੇਗਾ।

## ਅੰਮ੍ਰਿਤਸਰ ਵਿੱਚ ਅੱਜ ਖਾਦ, ਬੀਜ ਤੇ ਕੀਟਨਾਸ਼ਕ ਦੁਕਾਨਾਂ ਰਹਿਣਗੀਆਂ ਬੰਦ



ਅੰਮ੍ਰਿਤਸਰ, 26 ਅਪ੍ਰੈਲ (ਬਬਲੂ ਮਹਾਜਨ) :ਪੰਜਾਬ ਸੀਡਜ਼, ਪੈਸਟੀਸਾਈਡਜ਼ ਅਤੇ ਫਰਟੀਲਾਈਜ਼ਰਜ਼ ਐਸੋਸੀਏਸ਼ਨ (ਰਜਿ.) ਮੀਟਿੰਗ ਦਾ ਆਯੋਜਨ ਚਿਤਰਾ ਟਾਕੀ ਮਾਰਕੀਟ ਦੇ ਪ੍ਰਧਾਨ ਸਰਦਾਰ ਜਸਦੀਪ ਸਿੰਘ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ 'ਤੇ ਜ਼ਿਲ੍ਹਾ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਦੀਪਕ ਸ਼ਰਮਾ ਮੀਟਿੰਗ 'ਚ ਸ਼ਾਮਿਲ ਹੋਏ ਜਿਸ ਵਿੱਚ ਐਸੋਸੀਏਸ਼ਨ ਵੱਲੋਂ ਫੈਸਲਾ ਕੀਤਾ ਗਿਆ ਕਿ ਸੋਮਵਾਰ ਨੂੰ 27 ਅਪ੍ਰੈਲ ਦਿਨ ਸੋਮਵਾਰ ਜ਼ਿਲ੍ਹਾ ਅੰਮ੍ਰਿਤਸਰ ਵਿਚ ਖਾਦਾਂ, ਕੀਟਨਾਸ਼ਕ ਦਵਾਈਆਂ ਅਤੇ ਬੀਜਾਂ ਦੀਆਂ ਦੁਕਾਨਾਂ ਬੰਦ ਰੱਖੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਖਾਦ, ਬੀਜ ਅਤੇ ਕੀਟਨਾਸ਼ਕ ਵਪਾਰੀਆਂ ਦੇ ਰਾਸ਼ਟਰੀ ਆਲ ਇੰਡੀਆ ਐਗਰੋ ਇਨਪੁਟਸ ਡੀਲਰਜ਼ ਐਸੋਸੀਏਸ਼ਨ ਦੇ ਸੱਦੇ 'ਤੇ ਦੇਸ਼ ਭਰ ਦੇ ਵਪਾਰੀ 27 ਅਪ੍ਰੈਲ ਨੂੰ ਇਕ ਦਿਨ ਦੀ ਪ੍ਰਤੀਕਾਤਮਕ ਹੜਤਾਲ ਕਰਨਗੇ।ਪ੍ਰਧਾਨ ਦੀਪਕ ਸ਼ਰਮਾ ਨੇ ਕਿਹਾ ਕਿ ਖਾਦਾਂ ਬਣਾਉਣ ਅਤੇ ਵੇਚਣ ਵਾਲੀਆਂ ਕੰਪਨੀਆਂ ਡੀਲਰਾਂ ਨੂੰ ਧੱਕੇ ਨਾਲ ਹੋਰ ਗੈਰ-ਜ਼ਰੂਰੀ ਚੀਜ਼ਾਂ ਲੈਣ ਲਈ ਮਜਬੂਰ ਕਰਦੀਆਂ ਹਨ, ਜੋ ਕਿ ਨਹੀਂ ਹੋਣਾ ਚਾਹੀਦਾ। ਉਨ੍ਹਾਂ ਮੰਗ ਕੀਤੀ ਕਿ ਖਾਦਾਂ ਦੇ ਪ੍ਰਚੂਨ ਗੁਦਾਮ ਤੱਕ ਖਾਦਾਂ ਦੀ ਦਿੱਤੀ ਜਾਵੇ ਅਤੇ ਦਾ ਮਾਰਜਨ 8 ਫੀਸਦੀ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕੋਈ ਵੀ ਸੈਂਪਲ ਫੇਲ੍ਹ ਹੋਣ 'ਤੇ ਕਾਨੂੰਨੀ ਕਾਰਵਾਈ ਕੰਪਨੀ ਉੱਪਰ ਹੋਵੇ ਅਤੇ ਡੀਲਰ ਦੀ ਸਿਰਫ਼ ਗਵਾਹੀ ਹੋਵੇ। ਉਨ੍ਹਾਂ ਇਹ ਵੀ ਕਿਹਾ ਕਿ ਬੀਜ ਸਾਥੀ ਪੋਰਟਲ ਸਿਰਫ ਕੰਪਨੀਆਂ ਤੱਕ ਸੀਮਤ ਹੋਵੇ।ਚਿਤਰਾ ਟਾਕੀ ਮਾਰਕੀਟ ਦੇ ਪ੍ਰਧਾਨ ਸਰਦਾਰ ਜਸਦੀਪ ਸਿੰਘ ਨੇ ਕਿਹਾ ਕਿ ਉਪਰੋਕਤ ਮੰਗਾਂ ਮਨਵਾਉਣ ਲਈ ਪੰਜਾਬ ਭਰ ਦੇ ਸਾਰੇ ਡੀਲਰ ਇਕਮੁੱਠਤਾ ਦਾ ਪ੍ਰਗਟਾਵਾ ਕਰਦੇ ਹੋਏ 27 ਅਪ੍ਰੈਲ ਸੋਮਵਾਰ ਨੂੰ ਆਪਣੀਆਂ ਦੁਕਾਨਾਂ ਬੰਦ ਰੱਖ ਕੇ ਸਰਕਾਰ ਖ਼ਿਲਾਫ਼ ਰੋਸ ਦਾ ਪ੍ਰਗਟਾਵਾ ਕਰਨਗੇ। ਇਸ ਮੌਕੇ ਤੇ ਵੈਸਨੋ ਕੁਮਾਰ ਢੀਂਗਰਾ ਨਿਤਿਨ ਬਾਵਾ ਮਹਾਜਨ ਜਸਕੀਰਤ ਸਿੰਘ ਰੂਪ ਲਾਲ ਦੀਪਕ ਸ਼ਰਮਾ ਸੁਨੀਲ ਕੁਮਾਰ ਅਤੇ ਹੋਰ ਮੈਂਬਰ ਹਾਜ਼ਰ ਸਨ।

## ਸ਼ਹੀਦ ਹਰਜਿੰਦਰ ਸਿੰਘ ਨਿੱਕੜੀ ਦੀ ਯਾਦ ਵਿੱਚ ਸਾਲਾਨਾ ਸ਼ਹੀਦੀ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਰਵਾਇਆ ਗਿਆ



ਅੰਮ੍ਰਿਤਸਰ, 26 ਅਪ੍ਰੈਲ(ਬਬਲੂ ਮਹਾਜਨ) :ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ ਅਤੇ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਪਵਿੱਤਰ ਤਸਵੀਰ ਦੀ ਬੇਅਦਬੀ ਦਾ ਮੂੰਹ ਤੋੜਵਾਂ ਜਵਾਬ ਦੇਣ ਵਾਲੇ ਅਮਰ ਸ਼ਹੀਦ ਭਾਈ ਹਰਜਿੰਦਰ ਸਿੰਘ ਨਿੱਕੜੀ ਦੀ ਨਿੱਘੀ ਯਾਦ ਵਿੱਚ ਸਾਲਾਨਾ ਸ਼ਹੀਦੀ ਸਮਾਗਮ ਸ੍ਰੀ ਅਕਾਲ ਤਖ਼ਤ ਸਾਹਿਬ ਸਥਿਤ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਜਿਸ ਉਪਰੰਤ ਰਾਗੀ ਸਿੰਘਾਂ ਨੇ ਇਲਾਹੀ ਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।ਦੁਪਹਿਰ ਵੇਲੇ ਸ਼ਹੀਦ ਭਾਈ ਨਿੱਕੜੀ ਦੇ ਪਰਿਵਾਰ ਵੱਲੋਂ ਗੁਰਦੁਆਰਾ ਬੈਕੁੰਠ ਧਾਮ (ਚਬੂਤਰਾ ਚੌਂਕ) ਵਿਖੇ ਵਿਸ਼ੇਸ਼ ਕੀਰਤਨ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਪ੍ਰੇਮ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸੰਬੋਧਨ ਕਰਦਿਆਂ ਉਨ੍ਹਾਂ ਦੱਸਿਆ ਕਿ ਸਾਲ 1988 ਵਿੱਚ ਅੰਮ੍ਰਿਤਸਰ ਰੇਲਵੇ ਸਟੇਸ਼ਨ ਵਿਖੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗੁਰੂ ਸਾਹਿਬ ਦੀ ਤਸਵੀਰ ਅਤੇ ਹਰਿਮੰਦਰ ਸਾਹਿਬ ਦੇ ਮਾਡਲ ਨਾਲ ਅਪਮਾਨਜਨਕ ਹਰਕਤ ਕੀਤੀ ਗਈ ਸੀ। ਗੁਰੂ ਘਰ ਪ੍ਰਤੀ ਅਥਾਹ ਆਸਥਾ ਰੱਖਣ ਵਾਲੇ ਭਾਈ ਹਰਜਿੰਦਰ ਸਿੰਘ ਨਿੱਕੜੀ ਨੇ ਇਸ ਬੇਅਦਬੀ ਨੂੰ ਨਾ ਸਹਾਰਦੇ ਹੋਏ ਆਪਣੀ ਜਾਨ ਤਲੀ 'ਤੇ ਰੱਖ ਕੇ ਦੋਸ਼ੀ ਵਿਦਿਆਸਾਗਰ ਅਤੇ ਰਵੀ ਕੁਮਾਰ ਦਾ ਮੌਕੇ 'ਤੇ ਹੀ ਸੋਧਾ ਲਾਇਆ ਸੀ। ਇਸ ਤੋਂ ਬਾਅਦ ਪੁਲਿਸ ਨਾਲ ਹੋਏ ਮੁਕਾਬਲੇ ਵਿੱਚ ਉਹ ਸ਼ਹਾਦਤ ਦਾ ਜਾਮ ਪੀ ਗਏ ਸਨ।ਬੁਲਾਰਿਆਂ ਨੇ ਕਿਹਾ ਕਿ ਭਾਈ ਨਿੱਕੜੀ ਨੇ ਸਿੱਖ ਇਤਿਹਾਸ ਵਿੱਚ ਆਪਣਾ ਨਾਮ ਸੁਨਹਿਰੀ ਅੱਖਰਾਂ ਵਿੱਚ ਦਰਜ ਕਰਵਾਇਆ ਹੈ। ਸਮਾਗਮ ਦੌਰਾਨ ਵੱਖ-ਵੱਖ ਪੰਥਕ ਜਥੇਬੰਦੀਆਂ ਅਤੇ ਧਾਰਮਿਕ ਸ਼ਖਸੀਅਤਾਂ ਨੇ ਸ਼ਹੀਦ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਅਰਦਾਸ ਵਿੱਚ ਸ਼ਹੀਦ ਪਰਿਵਾਰ ਦੀ ਚੜ੍ਹਦੀ ਕਲਾ ਅਤੇ ਸਿੱਖ ਪੰਥ ਵਿੱਚ ਅਜਿਹੀ ਦਲੇਰੀ ਤੇ ਜਜ਼ਬਾ ਕਾਇਮ ਰੱਖਣ ਦੀ ਕਾਮਨਾ ਕੀਤੀ ਗਈ। ਇਸ ਮੌਕੇ ਜਸਪਾਲ ਸਿੰਘ, ਮਨਿੰਦਰਪਾਲ ਸਿੰਘ, ਜਸਪਾਲ ਸਿੰਘ ਕੰਡਾ, ਸਤਵਿੰਦਰਪਾਲ ਸਿੰਘ, ਭੁਪਿੰਦਰ ਸਿੰਘ, ਪ੍ਰੇਮ ਸਿੰਘ, ਚਰਨ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ। ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ।

## ਦਸੂਹਾ ਵਿਖੇ ਮਨਾਇਆ ਵਿਸ਼ਵ ਮਲੇਰੀਆ ਦਿਵਸ

ਦਸੂਹਾ 26 ਅਪ੍ਰੈਲ (ਰਾਜਿੰਦਰ ਸਿੰਘ ਦਸੂਹਾ )ਪੰਜਾਬ ਸਰਕਾਰ ਅਤੇ ਸਿਵਲ ਸਰਜਨ ਹੁਸ਼ਿਆਰਪੁਰ ਡਾ. ਮਨਦੀਪ ਕਮਲ ਦੇ ਹੁਕਮਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫ਼ਸਰ ਡਾ.ਮਨਮੋਹਨ ਸਿੰਘ ਸਿਵਲ ਹਸਪਤਾਲ ਦਸੂਹਾ ਦੀ ਅਗਵਾਹੀ ਹੇਠ ਸਿਹਤ ਵਿਭਾਗ ਦਸੂਹਾ ਵੱਲੋਂ 25 ਅਪ੍ਰੈਲ ਨੂੰ ਵਰਲਡ ਮਲੇਰੀਆ ਦਿਵਸ ਮਨਾਇਆ ਗਿਆ, ਜਿਸਦਾ ਮੁੱਖ ਉਦੇਸ਼ ਲੋਕਾਂ ਨੂੰ ਮਲੇਰੀਆ ਬਿਮਾਰੀ ਬਾਰੇ ਜਾਗਰੂਕ ਕਰਨਾ ਅਤੇ ਇਸਦੀ ਰੋਕਥਾਮ ਲਈ ਕਦਮ ਚੁੱਕਣ ਲਈ ਪ੍ਰੇਰਿਤ ਕਰਨਾ ਹੈ।ਇਸ ਮੌਕੇ ਸੀਨੀਰ ਮੈਡੀਕਲ ਅਫ਼ਸਰ ਡਾ.ਮਨਮੋਹਨ ਸਿੰਘ ਨੇ ਦੱਸਿਆ ਕਿ ਮਲੇਰੀਆ ਇੱਕ ਸੰਕਰਾਮਕ ਬਿਮਾਰੀ ਹੈ। ਇਹ ਮਲੇਰੀਆ ਫੀਮੇਲ ਐਨੋਫਲੀਜ ਨਾਮ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਅਤੇ ਇਹ ਸਾਮ ਅਤੇ ਸਵੇਰ ਵੇਲੇ ਕੱਟਦਾ ਹੈ।ਇਸ ਦੇ ਲਛੱਣ ਜਿਵੇਂ ਬੁਖਾਰ, ਠੰਡ ਲੱਗਣਾ, ਪਸੀਨਾ ਆਉਣਾ ਅਤੇ ਕਮਜ਼ੋਰੀ ਵਰਗੇ ਲਛੱਣ ਹੋ ਸਕਦੇ ਹਨ। ਅੱਗੇ ਓਨਾਂ ਦੱਸਿਆ ਕਿ ਸਮੇਂ 'ਤੇ ਇਲਾਜ ਨਾ ਹੋਣ 'ਤੇ ਇਹ ਜਾਨਲੇਵਾ ਵੀ ਸਾਬਤ ਹੋ ਸਕਦੀ ਹੈ।ਸਿਹਤ ਵਿਭਾਗ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਮਲੇਰੀਆ ਤੋਂ ਬਚਾਅ ਸਾਵਧਾਨੀਆਂ ਅਪਣਾਈਆਂ ਜਾਣ ਜਿਵੇ ਕਿ ਘਰਾਂ ਦੇ ਆਲੇ-ਦੁਆਲੇ ਪਾਣੀ ਖੜਾ ਨਾ ਰਹਿਣ ਦਿਓਮੱਛਰਦਾਨੀ ਦੀ ਵਰਤੋਂ ਕਰੋਮੱਛਰ ਭਗਾਉਣ ਵਾਲੇ ਕ੍ਰੀਮ ਜਾਂ ਸਪਰੇ ਦੀ ਵਰਤੋਂ ਕਰੋਬੁਖਾਰ ਆਉਣ 'ਤੇ ਤੁਰੰਤ ਨਜ਼ਦੀਕੀ ਸਿਹਤ ਕੇਂਦਰ 'ਤੇ ਜਾਂਚ ਕਰਵਾਓ।ਭਾਰਤ ਵਿੱਚ ਮਲੇਰੀਆ ਦੇ ਕੇਸਾਂ ਵਿੱਚ ਕਮੀ ਆ ਰਹੀ ਹੈ, ਪਰ ਇਸਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਸਾਰਿਆਂ ਦੀ ਸਾਂਝੀ ਭੂਮਿਕਾ ਜਰੂਰੀ ਹੈ। ਸਰਕਾਰ ਦਾ ਲਕਸ਼ 2030 ਤੱਕ ਮਲੇਰੀਆ ਮੁਕਤ ਭਾਰਤ ਬਣਾਉਣਾ ਹੈ।ਸਿਹਤ ਅਧਿਕਾਰੀਆਂ ਨੇ ਕਿਹਾ ਕਿ ਜੇ ਅਸੀਂ ਸਾਰੇ ਮਿਲ ਕੇ ਯਤਨ ਕਰੀਏ ਤਾਂ ਮਲੇਰੀਆ ਨੂੰ ਜੜੋਂ ਤੋਂ ਖਤਮ ਕੀਤਾ ਜਾ ਸਕਦਾ ਹੈ।

## ਅੰਮ੍ਰਿਤਸਰ ਵਿੱਚ ਹੀਟ ਵੇਵ ਦੇ ਮੱਦੇਨਜ਼ਰ ਦਰਬਾਰ ਸਾਹਿਬ ਵਿੱਚ ਖਾਸ ਪ੍ਰਬੰਧ, ਪਰਿਕਰਮਾ ਵਿੱਚ ਮੈਟਾਂ 'ਤੇ ਪਾਣੀ ਦੇ ਛਿੜਕਾਅ

### ਸਕੂਲਾਂ ਲਈ ਸਿੱਖਿਆ ਵਿਭਾਗ ਵੱਲੋਂ ਸਿਹਤ ਸਬੰਧੀ ਅਹਿਮ ਹਦਾਇਤਾਂ

ਅੰਮ੍ਰਿਤਸਰ,26 ਅਪ੍ਰੈਲ (ਬਬਲੂ ਮਹਾਜਨ) : ਪੰਜਾਬ ਵਿੱਚ ਵਧ ਰਹੀ ਗਰਮੀ ਅਤੇ ਹੀਟ ਵੇਵ ਦੇ ਖ਼ਤਰੇ ਨੂੰ ਦੇਖਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵੱਲੋਂ ਸੰਗਤ ਦੀ ਸੁਵਿਧਾ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਢੰਗੇੜਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਰਿਕਰਮਾ ਵਿੱਚ ਗਰਮੀ ਤੋਂ ਬਚਾਅ ਲਈ ਮੈਟਾਂ ਵਿਛਾਈਆਂ ਗਈਆਂ ਹਨ ਅਤੇ ਲਗਾਤਾਰ ਪਾਣੀ ਦਾ ਛਿੜਕਾਵ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪਾਣੀ ਵਾਲੇ ਪੱਖਿਆਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਆਉਣ ਵਾਲੀ ਸੰਗਤ ਨੂੰ ਤਪਸ਼ ਤੋਂ ਰਾਹਤ ਮਿਲ ਸਕੇ।ਉਨ੍ਹਾਂ ਕਿਹਾ ਕਿ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਦਰਬਾਰ ਸਾਹਿਬ ਦਰਸ਼ਨ ਕਰਨ ਆਉਂਦੇ ਹਨ, ਇਸ ਲਈ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਦੀ ਸਿਹਤ ਅਤੇ ਸੁਵਿਧਾ ਨੂੰ ਪਹਿਲ ਦਿੱਤੀ ਜਾ ਰਹੀ ਹੈ। ਸੇਵਾਦਾਰਾਂ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਉਹ ਸੰਗਤ ਦੀ ਮਦਦ ਲਈ ਹਰ ਵੇਲੇ ਤਿਆਰ ਰਹਿਣ।ਦੂਜੇ ਪਾਸੇ ਸਿੱਖਿਆ ਵਿਭਾਗ ਵੱਲੋਂ ਵੀ ਸਾਰੇ ਸਕੂਲਾਂ ਲਈ ਅਹਿਮ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਵਿਭਾਗ ਨੇ ਸਕੂਲ ਪ੍ਰਬੰਧਕਾਂ ਨੂੰ ਕਿਹਾ ਹੈ ਕਿ ਗਰਮੀ ਦੇ ਮੌਸਮ ਦੌਰਾਨ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਦਾ ਖਾਸ ਧਿਆਨ ਰੱਖਿਆ ਜਾਵੇ। ਬੱਚਿਆਂ ਨੂੰ ਵੱਧ ਤੋਂ ਵੱਧ ਪਾਣੀ ਪੀਣ ਲਈ ਪ੍ਰੇਰਿਤ ਕਰਨ ਅਤੇ ਧੁੱਪ ਵਿੱਚ ਜ਼ਿਆਦਾ ਸਮਾਂ ਨਾ ਬਿਤਾਉਣ ਲਈ ਕਿਹਾ ਗਿਆ ਹੈ।ਮੌਸਮ ਵਿਭਾਗ ਮੁਤਾਬਕ 27 ਅਪ੍ਰੈਲ ਨੂੰ ਮਾਲਵਾ ਖੇਤਰ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ ਗਰਮੀ ਦਾ ਅਸਰ ਵੱਧ ਰਹਿਣ ਦੀ ਸੰਭਾਵਨਾ ਹੈ, ਜਦਕਿ ਦੋਆਬਾ ਅਤੇ ਮਾਝਾ ਖੇਤਰ ਵਿੱਚ ਹਾਲਾਤ ਕੁਝ ਹੱਦ ਤੱਕ ਸਧਾਰਣ ਰਹਿ ਸਕਦੇ ਹਨ। 28 ਅਪ੍ਰੈਲ ਨੂੰ ਮੌਸਮ ਵਿੱਚ ਵੱਡਾ ਬਦਲਾਅ ਆ ਸਕਦਾ ਹੈ ਅਤੇ ਸੂਬੇ ਭਰ ਵਿੱਚ ਤੇਜ਼ ਤੂਫਾਨ ਦਾ ਅਲਰਟ ਜਾਰੀ ਕੀਤਾ ਗਿਆ ਹੈ।ਇਸ ਦੇ ਨਾਲ ਹੀ 29 ਅਤੇ 30 ਅਪ੍ਰੈਲ ਨੂੰ ਕੁਝ ਜ਼ਿਲ੍ਹਿਆਂ ਵਿੱਚ ਬਿਜਲੀ ਚਮਕਣ ਅਤੇ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦੀ ਸੰਭਾਵਨਾ ਹੈ। ਕੁਝ ਥਾਵਾਂ 'ਤੇ ਹਲਕੀ ਬਾਰਿਸ਼ ਵੀ ਹੋ ਸਕਦੀ ਹੈ, ਜਿਸ ਨਾਲ ਲੋਕਾਂ ਨੂੰ ਗਰਮੀ ਤੋਂ ਰਾਹਤ ਮਿਲਣ ਦੀ ਉਮੀਦ ਹੈ।

## ਰਾਘਵ ਚੱਢਾ ਸਮੇਤ ਰਾਜ ਸਭਾ ਮੈਂਬਰਾਂ ਦੇ ਵਿਰੁੱਧ ਵਿਧਾਇਕ ਅਮਰਪਾਲ ਸਿੰਘ ਦੀ ਅਗਵਾਈ ਹੇਠ ਰੋਸ ਪ੍ਰਦਰਸ਼ਨ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 26 ਅਪ੍ਰੈਲ (ਡਾ. ਨਰਿੰਦਰ ਸਿੰਘ ਘੁਮਾਣ) ਜਗੀਰ ਸਿੰਘ ਮੰਡ) :ਆਮ ਆਦਮੀ ਪਾਰਟੀ ਨੂੰ ਛੱਡ ਭਾਜਪਾ ਵਿਚ ਜਾਣ ਵਾਲੇ ਰਾਘਵ ਚੱਢਾ ਸਮੇਤ ਬਾਗੀ ਹੋਏ ਰਾਜ ਸਭਾ ਮੈਂਬਰਾ ਪ੍ਰਤੀ ਆਪ ਲੀਡਰਸ਼ਿਪ ਤੇ ਵਰਕਰਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਦੇ ਚਲਦਿਆਂ ਵਿਧਾਨ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸਨਕੋਟ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦੇ ਵਰਕਰਾਂ ਤੇ ਆਗੂਆਂ ਵੱਲੋਂ ਰਾਘਵ ਚੱਢਾ, ਹਰਭਜਨ ਸਿੰਘ, ਸੰਦੀਪ ਪਾਠਕ, ਅਸ਼ੋਕ ਮਿੱਤਲ,ਰਾਜਿੰਦਰ ਕੁਮਾਰ,ਸਵਾਤੀ ਮਾਲੀਵਾਲ ਅਤੇ ਵਿਕਰਮਜੀਤ ਸਿੰਘ ਸਾਹਨੀ ਦੇ ਵਿਰੁੱਧ ਮੇਨ ਬਾਜ਼ਾਰ ਸ੍ਰੀ ਹਰਗੋਬਿੰਦਪੁਰ ਸਾਹਿਬ ਤੋਂ ਲੈਕੇ ਬੱਸ ਅੱਡਾ ਚੌਂਕ ਸ੍ਰੀ ਹਰਗੋਬਿੰਦਪੁਰ ਸਾਹਿਬ ਤੱਕ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਪੁਤਲੇ ਫੂਕੇ ਗਏ। ਇਸ ਮੌਕੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸਨਕੋਟ ਨੇ ਕਿਹਾ ਕਿ ਪੰਜਾਬ ਦੇ ਲੋਕ ਇਨ੍ਹਾਂ ਗਦਾਰਾਂ ਨੂੰ ਕਦੇ ਮੁਆਫ਼ ਨਹੀਂ ਕਰਨਗੇ,ਜਿਨ੍ਹਾਂ ਨੇ ਪਾਰਟੀ ਦੇ ਅਕਸ ਨੂੰ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਹੈ । ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਮੈਡਮ ਨੀਲਮ ਘੁਮਾਣ,ਪੀ ਏ ਸੁਖਦੇਵ ਸਿੰਘ ਰੋਮੀ,ਪੀ ਏ ਨਵ ਭਿੰਡਰ, ਮਾਰਕੀਟ ਕਮੇਟੀ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਚੇਅਰਮੈਨ ਐਡਵੋਕੇਟ ਨਿਸ਼ਾਨ ਸਿੰਘ ਚਾਹਲ, ਯੁੱਧ ਨਸਿਆ ਵਿਰੁੱਧ ਮੋਰਚਾ ਦੇ ਹਲਕਾ ਕੋਆਰਡੀਨੇਟਰ ਰਾਜਵਿੰਦਰ ਸਿੰਘ ਬਬਲੂ ਟੀਵੀ ਐਸ ਘੁਮਾਣ, ਸੰਗਠਨ ਇੰਚਾਰਜ ਹਰਜਿੰਦਰ ਸਿੰਘ ਰਾਜਪੁਰਾ, ਬਲਾਕ ਸੰਮਤੀ ਮੈਂਬਰ ਮੁਖਤਾਰ ਸਿੰਘ ਬੋਹਜਾ, ਬਲਾਕ ਪ੍ਰਧਾਨ ਗੁਰਮੀਤ ਸਿੰਘ ਪੰਨੂ ਸਰਪੰਚ, ਸਾਬਕਾ ਸਰਪੰਚ ਮਨਜੀਤ ਸਿੰਘ ਹਰਦਾਨ, ਬਲਾਕ ਪ੍ਰਧਾਨ ਨਰਿੰਦਰ ਸਿੰਘ ਮੜਿਆਲਾ, ਜ਼ਿਲ੍ਹਾ ਮੀਡੀਆ ਇੰਚਾਰਜ ਪਰਮਬੀਰ ਸਿੰਘ ਰਾਣਾ ਘੁਮਾਣ, ਸਮੇਤ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ ਅਤੇ ਆਗੂ ਹਾਜ਼ਰ ਸਨ।

## ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ 'ਚ ਗੁਰਬਾਣੀ ਨਾਲ ਜੋੜਨ ਲਈ ਵਿਸ਼ੇਸ਼ ਸਮਾਗਮ



ਅੰਮ੍ਰਿਤਸਰ,26 ਅਪ੍ਰੈਲ (ਬਬਲੂ ਮਹਾਜਨ) :ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵਿਖੇ ਗੁਰਬਾਣੀ ਨਾਲ ਜੋੜਨ ਦੇ ਉਦੇਸ਼ ਨਾਲ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਦੀ ਅਗਵਾਈ ਹੇਠ ਵਿਸ਼ੇਸ਼ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਲਗਭਗ 500 ਦੇ ਕਰੀਬ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਅਤੇ ਖਾਲਸਾਈ ਬਾਣੇ ਵਿੱਚ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ।ਸਮਾਗਮ ਦੌਰਾਨ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਅਤੇ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਜੀ ਨੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਸਿੱਖੀ ਸਾਡੀ ਅਸਲ ਪਹਿਚਾਣ ਹੈ ਅਤੇ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਗੁਰਬਾਣੀ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇ ਬੱਚੇ ਗੁਰਮਤਿ ਦੇ ਰਸਤੇ 'ਤੇ ਚੱਲਣਗੇ ਤਾਂ ਉਹ ਨਾ ਸਿਰਫ਼ ਆਪਣੇ ਜੀਵਨ ਨੂੰ ਸਫਲ ਬਣਾਉਣਗੇ ਬਲਕਿ ਸਮਾਜ ਵਿੱਚ ਵੀ ਚੰਗੇ ਨਾਗਰਿਕ ਵਜੋਂ ਆਪਣਾ ਯੋਗਦਾਨ ਪਾਉਣਗੇ।ਉਨ੍ਹਾਂ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਗੁਰੂ ਘਰ ਨਾਲ ਜੋੜ ਕੇ ਰੱਖਣ ਅਤੇ ਰੋਜ਼ਾਨਾ ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਣ ਦੀ ਪ੍ਰੇਰਣਾ ਦੇਣ। ਸਮਾਗਮ ਦੌਰਾਨ ਕਥਾ-ਕੀਰਤਨ ਰਾਹੀਂ ਸੰਗਤ ਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਗਿਆ।ਸਮਾਗਮ ਵਿੱਚ ਬੱਚਿਆਂ ਦੀ ਭਾਗੀਦਾਰੀ ਨੇ ਮਾਹੌਲ ਨੂੰ ਰੂਹਾਨੀ ਰੰਗ ਵਿੱਚ ਰੰਗ ਦਿੱਤਾ ਅਤੇ ਸੰਗਤ ਨੇ ਵੱਡੀ ਸ਼ਰਧਾ ਨਾਲ ਹਾਜ਼ਰੀ ਭਰੀ। ਅੰਤ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ ਅਤੇ ਸਾਰੇ ਹਾਜ਼ਰੀਨਾਂ ਨੂੰ ਗੁਰਮਤਿ ਅਨੁਸਾਰ ਜੀਵਨ ਬਿਤਾਉਣ ਦਾ ਸੰਦੇਸ਼ ਦਿੱਤਾ ਗਿਆ।ਇਸ ਮੌਕੇ ਕਥਾ ਵਾਚਕ ਗਿਆਨੀ ਵਿਸ਼ਾਲਜੀਤ ਸਿੰਘ ਅਤੇ ਬਾਬਾ ਮੇਜਰ ਸਿੰਘ ਮੁਖੀ ਤਰਨਾਂ ਦਲ ਮੈਨੇਜਰ ਪਰਮਜੀਤ ਸਿੰਘ, ਰਣਜੀਤ ਸਿੰਘ ਗੋਲਡੀ, ਗੁਰਪਾਲ ਸਿੰਘ ਉਸਤਾਦ ਜੀ, ਤਜਿੰਦਰ ਸਿੰਘ ਬਿੱਟੂ, ਓਂਕਾਰ ਸਿੰਘ ਪੱਪੂ, ਮਨਦੀਪ ਸਿੰਘ ਭੋਲੂ ਹਰਿੰਦਰ ਸਿੰਘ ਗੋਲਡੀ, ਸਤਵਿੰਦਰ ਸਿੰਘ ਕਾਲੂ, ਭੁਪਿੰਦਰ ਸਿੰਘ ਰਾਜੂ, ਸੁਰਿੰਦਰ ਸਿੰਘ ਰਿੰਕੂ, ਸੁੱਖਵਿੰਦਰ ਸਿੰਘ ਗੋਗਾ ਵੀਰ ਜੀ, ਮਨਪ੍ਰੀਤ ਸਿੰਘ, ਸਰਵਣ ਸਿੰਘ ਅਤੇ ਗੁਰਪ੍ਰੀਤ ਸਿੰਘ ਚਾਹਤ ਸਮੇਤ ਹੋਰ ਸੰਗਤਾਂ ਵੀ ਹਾਜ਼ਰ ਸਨ।

## ਪਿੰਡ ਮੱਲੂ ਨੰਗਲ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ



ਅਜਨਾਲਾ,26ਅਪ੍ਰੈਲ(ਸੁਖਦੇਵ ਸਿੰਘ ਖਾਲਸਾ) :ਖਾਲਸਾ ਪ੍ਰਗਟ ਦਿਵਸ ਨੂੰ ਸਮਰਪਿਤ ਅਤੇ ਸਿੱਖੀ ਦੇ ਪ੍ਰਚਾਰ ਪਸਾਰ ਲਈ ਕਥਾਵਾਚਕ ਭਾਈ ਗੁਰਸ਼ੇਰ ਸਿੰਘ ਮੱਲੂ ਨੰਗਲ, ਭਾਈ ਗੁਰਵਿੰਦਰ ਸਿੰਘ, ਭਾਈ ਰਣਜੋਧ ਸਿੰਘ ਅਤੇ ਫ਼ਤਹਿ ਵੈਲਫੇਅਰ ਸੁਸਾਇਟੀ ਦੇ ਸਹਿਯੋਗ ਨਾਲ ਗੁਰਦੁਆਰਾ ਬਾਬਾ ਜੀਵਨ ਸਿੰਘ ਪਿੰਡ ਮੱਲੂ ਨੰਗਲ ਵਿੱਖੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਹੁੰਚੇ ਪੰਜ ਪਿਆਰੇ ਸਾਹਿਬਾਨ ਵਲੋਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਗਿਆ, ਜਿਸ ਵਿੱਚ 40 ਅੰਮ੍ਰਿਤ ਅਭਿਲਾਖੀਆ ਨੇ ਪਹੁੰਚ ਕੇ ਅੰਮ੍ਰਿਤ ਪਾਨ ਕੀਤਾ। ਅੰਮ੍ਰਿਤ ਅਭਿਲਾਖੀਆ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਕਕਾਰ ਦਿੱਤੇ ਗਏ। ਪਿੰਡ ਦੇ ਪ੍ਰਬੰਧਕਾਂ ਨੇ ਅੰਮ੍ਰਿਤ ਸੰਚਾਰ ਦੀ ਸਫਲਤਾ ਲਈ ਭਰਭੂਰ ਸਹਿਯੋਗ ਦਿੱਤਾ।ਇਸ ਮੌਕੇ ਤੇ ਕਥਾਵਾਚਕ ਭਾਈ ਗੁਰਸ਼ੇਰ ਸਿੰਘ ਮੱਲੂ ਨੰਗਲ , ਭਾਈ ਗੁਰਵਿੰਦਰ ਸਿੰਘ , ਭਾਈ ਰਣਜੋਧ ਸਿੰਘ, ਭਾਈ ਸੁਬੇਗ ਸਿੰਘ, ਭਾਈ ਜਿੰਦਰ ਸਿੰਘ, ਗ੍ਰੰਥੀ ਭਾਈ ਅਵਤਾਰ ਸਿੰਘ , ਆਦਿ ਹਾਜ਼ਰ ਸਨ।

## ਚੇਅਰਮੈਨ ਸਤਨਾਮ ਸਿੰਘ ਵੱਲੋਂ ਪਿੰਡਾਂ ਦੇ ਛੱਪੜਾਂ ਦੀ ਸਫਾਈ ਮੁਹਿੰਮ ਦੀ ਸ਼ੁਰੂਆਤ



ਖਡੂਰ ਸਾਹਿਬ, 26 ਅਪ੍ਰੈਲ (ਸਰਬਜੀਤ ਸਿੰਘ ਮੀਆਂ ਵਿੰਡ) : ਬਲਾਕ ਸਮਤੀ ਦੇ ਚੇਅਰਮੈਨ ਸਤਨਾਮ ਸਿੰਘ ਵੱਲੋਂ ਪਿੰਡਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਦੇ ਹੋਏ ਇੱਕ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ। ਉਨ੍ਹਾਂ ਦੀ ਅਗਵਾਈ ਹੇਠ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿੱਚ ਛੱਪੜਾਂ (ਪੌਂਡਾਂ) ਦੀ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਇਸ ਮੌਕੇ ਚੇਅਰਮੈਨ ਸਤਨਾਮ ਸਿੰਘ ਨੇ ਦੱਸਿਆ ਕਿ ਛੱਪੜਾਂ ਦੀ ਸਫਾਈ ਨਾਲ ਨਾ ਸਿਰਫ ਪਿੰਡਾਂ ਦੀ ਸੁੰਦਰਤਾ ਵਿੱਚ ਵਾਧਾ ਹੋਵੇਗਾ, ਸਗੋਂ ਗੰਦਗੀ ਕਾਰਨ ਪੈਦਾ ਹੋਣ ਵਾਲੀਆਂ ਬਿਮਾਰੀਆਂ ਤੋਂ ਵੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਸਾਫ-ਸੁਥਰਾ ਮਾਹੌਲ ਬਣਾਉਣਾ ਹਰ ਇੱਕ ਦੀ ਜ਼ਿੰਮੇਵਾਰੀ ਹੈ ਅਤੇ ਬਲਾਕ ਸਮਤੀ ਇਸ ਵੱਲ ਪੂਰੀ ਤਰ੍ਹਾਂ ਵਚਨਬੱਧ ਹੈ।ਪਿੰਡ ਵਾਸੀਆਂ ਨੇ ਵੀ ਇਸ ਉਪਰਾਲੇ ਦੀ ਖੂਬ ਸਰਾਹਨਾ ਕੀਤੀ ਅਤੇ ਚੇਅਰਮੈਨ ਦਾ ਧੰਨਵਾਦ ਕੀਤਾ। ਲੋਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਮੁਹਿੰਮਾਂ ਨਾਲ ਪਿੰਡਾਂ ਦੀ ਤਰੱਕੀ ਨੂੰ ਨਵਾਂ ਰੁਖ ਮਿਲਦਾ ਹੈ।ਚੇਅਰਮੈਨ ਸਤਨਾਮ ਸਿੰਘ ਨੇ ਦੱਸਿਆ ਕਿ ਪਿੰਡਾਂ ਦੇ ਛੱਪਰ ਕਾਫੀ ਸਮੇਂ ਤੋਂ ਗੰਦਗੀ ਅਤੇ ਜੰਗਲੀ ਬੂਟਿਆਂ ਨਾਲ ਭਰੇ ਹੋਏ ਸਨ, ਜਿਸ ਨਾਲ ਨਾ ਸਿਰਫ਼ ਵਾਤਾਵਰਨ ਪ੍ਰਭਾਵਿਤ ਹੋ ਰਿਹਾ ਸੀ, ਸਗੋਂ ਬਿਮਾਰੀਆਂ ਫੈਲਣ ਦਾ ਖਤਰਾ ਵੀ ਬਣਿਆ ਹੋਇਆ ਸੀ। ਇਸ ਮੁਹਿੰਮ ਦਾ ਮੁੱਖ ਮਕਸਦ ਪਿੰਡਾਂ ਨੂੰ ਸਾਫ਼-ਸੁਥਰਾ ਬਣਾਉਣਾ ਅਤੇ ਲੋਕਾਂ ਨੂੰ ਸਿਹਤਮੰਦ ਵਾਤਾਵਰਨ ਮੁਹੱਈਆ ਕਰਵਾਉਣਾ ਹੈ।ਉਨ੍ਹਾਂ ਕਿਹਾ ਕਿ ਇਹ ਸਫਾਈ ਮੁਹਿੰਮ ਸਿਰਫ਼ ਇੱਕ ਦਿਨ ਦਾ ਕੰਮ ਨਹੀਂ, ਸਗੋਂ ਲਗਾਤਾਰ ਚਲਾਈ ਜਾਵੇਗੀ, ਤਾਂ ਜੋ ਹਰ ਪਿੰਡ ਦੇ ਛੱਪਰ ਨੂੰ ਪੂਰੀ ਤਰ੍ਹਾਂ ਸਾਫ ਕੀਤਾ ਜਾ ਸਕੇ। ਇਸ ਦੇ ਨਾਲ ਹੀ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਆਪਣੇ ਆਲੇ-ਦੁਆਲੇ ਸਫਾਈ ਬਣਾਈ ਰੱਖਣ ਵਿੱਚ ਸਹਿਯੋਗ ਦੇਣ।ਇਸ ਮੌਕੇ ਪਿੰਡਾਂ ਦੇ ਨਿਵਾਸੀਆਂ ਅਤੇ ਪੰਚਾਇਤ ਮੈਂਬਰਾਂ ਨੇ ਵੀ ਚੇਅਰਮੈਨ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਅਤੇ ਭਰੋਸਾ ਦਿਵਾਇਆ ਕਿ ਉਹ ਇਸ ਮੁਹਿੰਮ ਨੂੰ ਕਾਮਯਾਬ ਬਣਾਉਣ ਲਈ ਪੂਰਾ ਸਹਿਯੋਗ ਦੇਣਗੇ।ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਜੇ ਇਸ ਤਰ੍ਹਾਂ ਦੇ ਉਪਰਾਲੇ ਜਾਰੀ ਰਹੇ ਤਾਂ ਪਿੰਡਾਂ ਦੀ ਤਸਵੀਰ ਬਦਲ ਸਕਦੀ ਹੈ ਅਤੇ ਨੌਜਵਾਨਾਂ ਵਿੱਚ ਵੀ ਸਫਾਈ ਪ੍ਰਤੀ ਜਾਗਰੂਕਤਾ ਵਧੇਗੀ।ਇਸ ਮੁਹਿੰਮ ਨਾਲ ਇਲਾਕੇ ਵਿੱਚ ਇੱਕ ਸਕਾਰਾਤਮਕ ਸੰਦੇਸ਼ ਗਿਆ ਹੈ ਕਿ ਸਰਕਾਰੀ ਨੁਮਾਇੰਦਿਆਂ ਵੱਲੋਂ ਜਨਹਿੱਤ ਦੇ ਕੰਮਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ, ਜੋ ਕਿ ਭਵਿੱਖ ਵਿੱਚ ਹੋਰ ਵਿਕਾਸ ਲਈ ਮਜ਼ਬੂਤ ਨੀਂਹ ਸਾਬਤ ਹੋਵੇਗੀ।ਪ੍ਰਸ਼ਾਸਨ ਵੱਲੋਂ ਵੀ ਯਕੀਨ ਦਿਵਾਇਆ ਗਿਆ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵਿਕਾਸੀ ਕੰਮ ਵੀ ਤੇਜ਼ੀ ਨਾਲ ਕਰਵਾਏ ਜਾਣਗੇ ਤਾਂ ਜੋ ਪਿੰਡਾਂ ਨੂੰ ਮਾਡਰਨ ਅਤੇ ਸੁੰਦਰ ਬਣਾਇਆ ਜਾ ਸਕੇ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਅਧਿਆਪਕਾਂ ਲਈ ਦੋ ਰੋਜ਼ਾ ਵਿੱਦਿਅਕ ਵਰਕਸ਼ਾਪ ਸ.ਫਲਤਾਪੂਰਵਕ ਸੰਪੰਨ




ਅੰਮ੍ਰਿਤਸਰ, 26 ਅਪ੍ਰੈਲ ( ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਦੀ ਰਹਿਨੁਮਾਈ ਹੇਠ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਮਜੀਠਾ ਰੋਡ ਬਾਈਪਾਸ ਵਿਖੇ ਅਧਿਆਪਕਾਂ ਦੇ ਪ੍ਰੋਫੈਸ਼ਨਲ ਵਿਕਾਸ ਅਤੇ ਅਧਿਆਪਨ ਪ੍ਰਣਾਲੀ ਨੂੰ ਆਧੁਨਿਕ ਲੀਹਾਂ ਤੇ ਪਾਉਣ ਲਈ ਲਗਾਈ ਗਈ ਦੋ—ਰੋਜ਼ਾ ਵਿਸ਼ੇਸ਼ ਵਰਕਸ਼ਾਪ ਭਵਿੱਖ ਦੇ ਆਗੂਆਂ ਦੀ ਸਿੱਖਿਆ (ਐਜੂਕੇਟਿੰਗ ਲੀਡਰਜ਼ ਆਫ ਟੂਮਾਰੋ) ਅੱਜ ਅਮਿੱਟ ਪੈੜਾਂ ਛੱਡਦੀ ਹੋਈ ਸਫਲਤਾਪੂਰਵਕ ਸਮਾਪਤ ਹੋ ਗਈ।ਵਰਕਸ਼ਾਪ ਦੀ ਸ਼ੁਰੂਆਤ ਅਕਾਲ ਪੁਰਖ ਦੀ ਚਰਨਾਂ ਵਿੱਚ ਅਰਦਾਸ ਨਾਲ ਹੋਈ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਰਾਜਮੋਹਿੰਦਰ ਸਿੰਘ ਮਜੀਠਾ, ਸ੍ਰ.ਮਨਮੋਹਨ ਸਿੰਘ, ਇੰਜੀ.ਜਸਪਾਲ ਸਿੰਘ, ਅਤੇ ਸ੍ਰ. ਆਦਰਸ਼ਪਿੰਦਰ ਸਿੰਘ ਅਤੇ ਪ੍ਰਿੰਸੀਪਲ ਸ੍ਰੀਮਤੀ ਰਿਪੁਦਮਨ ਕੌਰ ਮਲਹੋਤਰਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਸ੍ਰ.ਰਮਨੀਕ ਸਿੰਘ, ਡਾਇਰੈਕਟਰ ਡਾ.ਏ.ਪੀ. ਸਿੰਘ ਚਾਵਲਾ, ਅਤੇ ਡਿਪਟੀ ਡਾਇਰੈਕਟਰ ਸ੍ਰੀਮਤੀ ਉਰਮਿੰਦਰ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।ਵਰਕਸ਼ਾਪ ਦੌਰਾਨ ਮੁੱਖ ਤੌਰ ਤੇ ਪਾਠ—ਪੁਸਤਕਾਂ ਨੂੰ ਨਵੀਨਤਮ ਤਰੀਕਿਆਂ ਨਾਲ ਪੜ੍ਹਾਉਣ 'ਤੇ ਕੇਂਦਰਿਤ ਸੈਸ਼ਨ ਆਯੋਜਿਤ ਕੀਤੇ ਗਏ। ਇਸ ਟਰੇਨਿੰਗ ਨੂੰ ਦੋ ਮੁੱਖ ਵਰਗਾਂ ਵਿੱਚ ਵੰਡਿਆ ਗਿਆ ਸੀ। ਪਹਿਲੀ ਤੋਂ ਤੀਜੀ ਜਮਾਤ ਲਈ ਜਿਸ ਵਿਚ ਛੋਟੇ ਬੱਚਿਆਂ ਨੂੰ ਖੇਡ—ਖੇਡ ਵਿੱਚ ਸਿਖਾਉਣ ਅਤੇ ਬੁਨਿਆਦੀ ਸਿੱਖਿਆ ਮਜ਼ਬੂਤ ਕਰਨ ਦੇ ਤਰੀਕੇ ਸਿਖਾਏ ਗਏ। ਦੂਸਰੇ ਵਰਗ ਹੇਠ ਚੌਥੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਵਿਸ਼ੇ ਦੀ ਡੂੰਘੀ ਸਮਝ ਅਤੇ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਲਈ ਕਿਤਾਬੀ ਗਿਆਨ ਨੂੰ ਗਤੀਵਿਧੀਆਂ ਨਾਲ ਜੋੜਨ ਦੀ ਲੋੜ ਤੇ ਜ਼ੋਰ ਦਿੱਤਾ ਗਿਆ।ਮਾਹਿਰ ਰਿਸੋਰਸ ਪਰਸਨ ਸ੍ਰੀਮਤੀ ਚਾਰੂ ਸ੍ਰੀਵਾਸਤਵ ਅਤੇ ਸ੍ਰੀਮਤੀ ਦੀਨਾ ਬਰੂਆ ਨੇ ਅਧਿਆਪਕਾਂ ਨੂੰ ਬੜੇ ਸਰਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਟਰੇਨਿੰਗ ਦਿੱਤੀ। ਉਹਨਾਂ ਨੇ ਡੈਮੋ ਕਲਾਸਾਂ ਅਤੇ ਪ੍ਰੈਕਟੀਕਲ ਗਤੀਵਿਧੀਆਂ ਰਾਹੀਂ ਦੱਸਿਆ ਕਿ ਕਿਵੇਂ ਜਮਾਤ ਦੇ ਮਾਹੌਲ ਨੂੰ ਵਿਦਿਆਰਥੀ—ਕੇਂਦਰਿਤ ਬਣਾਇਆ ਜਾ ਸਕਦਾ ਹੈ।ਆਪਣੇ ਸੰਬੋਧਨ ਦੌਰਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਧਿਆਪਕ ਸਮਾਜ ਦਾ ਉਹ ਧੁਰਾ ਹਨ ਜੋ ਨਵੀਂ ਪੀੜ੍ਹੀ ਦਾ ਭਵਿੱਖ ਬਣਾਉਂਦੇ ਹਨ। ਅੱਜ ਦੇ ਬਦਲਦੇ ਦੌਰ ਵਿੱਚ ਅਧਿਆਪਕਾਂ ਲਈ ਨਵੀਆਂ ਤਕਨੀਕਾਂ ਨਾਲ ਅਪਡੇਟ ਰਹਿਣਾ ਬਹੁਤ ਜ਼ਰੂਰੀ ਹੈ। ਜੇ ਅਧਿਆਪਕ ਕੁਝ ਨਵਾਂ ਸਿੱਖੇਗਾ, ਤਾਂ ਹੀ ਉਹ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਗਲੋਬਲ ਚੁਣੌਤੀਆਂ ਲਈ ਤਿਆਰ ਕਰ ਸਕੇਗਾ। ਉਹਨਾਂ ਕਿਹਾ ਕਿ ਇਹ ਵਰਕਸ਼ਾਪ ਸੀ.ਕੇ.ਡੀ ਅਧਿਆਪਕਾਂ ਨੂੰ ਹੋਰ ਸਮਰੱਥ ਬਣਾਉਣ ਵਿੱਚ ਮੀਲ ਦਾ ਪੱਥਰ ਸਾਬਤ ਹੋਵੇਗੀ।ਅਧਿਆਪਕਾਂ ਨੇ ਸਾਰੀਆਂ ਗਤੀਵਿਧੀਆਂ ਵਿੱਚ ਵਧ—ਚੜ੍ਹ ਕੇ ਹਿੱਸਾ ਲਿਆ। ਅਖੀਰ ਵਿੱਚ ਇਹ ਵਰਕਸ਼ਾਪ ਅਧਿਆਪਕਾਂ ਲਈ ਇੱਕ ਬਹੁਤ ਹੀ ਸਾਰਥਕ ਅਤੇ ਗਿਆਨਵਰਧਕ ਅਨੁਭਵ ਰਹੀ, ਜਿਸ ਨੇ ਉਹਨਾਂ ਨੂੰ ਨਵੇਂ ਉਤਸ਼ਾਹ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਪ੍ਰੇਰਿਤ ਕੀਤਾ।

## ਸਰਪੰਚ ਹਰਪਾਲ ਸਿੰਘ ਦੀ ਅਗਵਾਈ ਹੇਠ ਵਿਕਾਸ ਕੰਮਾਂ ਨੇ ਫੜੀ ਰ.ਫਤਾਰ

ਖਡੂਰ ਸਾਹਿਬ 26 ਅਪ੍ਰੈਲ ਸਰਬਜੀਤ ਸਿੰਘ ਮੀਆਂ ਵਿੰਡ :ਪਿੰਡ ਜਵੰਦਪੁਰ ਵਿੱਚ ਸਰਪੰਚ ਹਰਪਾਲ ਸਿੰਘ ਦੀ ਅਗਵਾਈ ਹੇਠ ਵਿਕਾਸ ਦੇ ਕੰਮ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ। ਪਿੰਡ ਦੇ ਵਸਨੀਕਾਂ ਵੱਲੋਂ ਵੀ ਸਰਪੰਚ ਦੀ ਕਾਰਗੁਜ਼ਾਰੀ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ ਜਾ ਰਹੀ ਹੈ। ਪਿੰਡ ਵਿੱਚ ਸੜਕਾਂ ਦੀ ਮੁਰੰਮਤ, ਗਲੀਆਂ ਦਾ ਨਿਰਮਾਣ, ਸਫ਼ਾਈ ਪ੍ਰਬੰਧ ਅਤੇ ਪੀਣ ਵਾਲੇ ਪਾਣੀ ਦੀ ਸੁਵਿਧਾ ਨੂੰ ਬਿਹਤਰ ਬਣਾਉਣ ਲਈ ਕਈ ਮਹੱਤਵਪੂਰਨ ਪ੍ਰੋਜੈਕਟ ਚੱਲ ਰਹੇ ਹਨ।ਸਰਪੰਚ ਹਰਪਾਲ ਸਿੰਘ ਨੇ ਦੱਸਿਆ ਕਿ ਪਿੰਡ ਦੇ ਹਰ ਹਿੱਸੇ ਵਿੱਚ ਬਰਾਬਰ ਤਰੱਕੀ ਕਰਵਾਉਣ ਲਈ ਉਹ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਮਿਲ ਰਹੀਆਂ ਗ੍ਰਾਂਟਾਂ ਦਾ ਸਹੀ ਉਪਯੋਗ ਕਰਦੇ ਹੋਏ ਲੋਕਾਂ ਨੂੰ ਹਰ ਸੁਵਿਧਾ ਮੁਹੱਈਆ ਕਰਵਾਈ ਜਾ ਰਹੀ ਹੈ।ਪਿੰਡ ਵਾਸੀਆਂ ਨੇ ਦੱਸਿਆ ਕਿ ਪਹਿਲਾਂ ਕਈ ਮੁੱਦੇ ਅਣਡਿੱਠੇ ਰਹਿੰਦੇ ਸਨ, ਪਰ ਹੁਣ ਉਨ੍ਹਾਂ ਦਾ ਹੱਲ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ। ਖ਼ਾਸ ਕਰਕੇ ਨੌਜਵਾਨਾਂ ਅਤੇ ਬਜ਼ੁਰਗਾਂ ਲਈ ਸੁਵਿਧਾਵਾਂ ਵਿੱਚ ਵਾਧਾ ਕੀਤਾ ਗਿਆ ਹੈ।ਇਸ ਮੌਕੇ ਸਰਪੰਚ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਦੇ ਕੰਮਾਂ ਵਿੱਚ ਆਪਣਾ ਸਹਿਯੋਗ ਜਾਰੀ ਰੱਖਣ ਤਾਂ ਜੋ ਪਿੰਡ ਨੂੰ ਇੱਕ ਮਾਡਲ ਪਿੰਡ ਬਣਾਇਆ ਜਾ ਸਕੇ।

## ਰੋਜ਼ਾਨਾ ਚੜ੍ਹਦੀਕਲਾ ਸਿਹਤ ਖ਼ਬਰਨਾਮਾ

# ਕੀ ਤੁਸੀਂ ਵੀ ਰੋਜ਼ਾਨਾ ਖਾਂਦੇ ਹੋ ਬ੍ਰੈਡ ਜਾਂ ਬਿਸਕੁਟ? ਬਿਮਾਰੀਆਂ ਨੂੰ ਸੱਦਾ ਦੇ ਰਹੀ ਇਹ ਆਦਤ

ਨਾਸ਼ਤੇ ਵਿੱਚ ਚਾਹ ਦੇ ਨਾਲ ਬਰੈੱਡ ਅਤੇ ਮੱਖਣ ਜਾਂ ਬਿਸਕੁਟ ਖਾਣਾ ਬਹੁਤ ਆਮ ਹੋ ਗਿਆ ਹੈ, ਕਿਉਂਕਿ ਬਹੁਤ ਸਾਰੇ ਲੋਕ ਅਕਸਰ ਇਸ ਫੂਡ ਕਾਂਬੀਨੇਸ਼ਨ ਨੂੰ ਆਪਣੇ ਡਾਇਟ ਪਲਾਨ ਦਾ ਹਿੱਸਾ ਬਣਾਉਂਦੇ ਹੋ, ਪਰ ਕੀ ਤੁਸੀਂ ਜਾਣਦੇ ਹੋ



ਕਿ ਮੈਦੇ ਨਾਲ ਬਣੀਆਂ ਚੀਜਾਂ, ਫਿਰ ਚਾਹੇ ਉਹ ਬ੍ਰੈਡ ਹੋਵੇ ਜਾਂ ਫਿਰ ਬਿਸਕੁਟ ਹੋਣ ਜਾਂ ਫਿਰ ਕੋਈ ਹੋਰ ਫੂਡ ਆਇਟਮ ਹੋਵੇ, ਸਿਹਤ ਨਾਲ ਜੁੜੀਆਂ ਕਈ ਸਮੱਸਿਆਵਾਂ ਨੂੰ ਸੱਦਾ ਦੇਣ ਦਾ ਕੰਮ ਕਰ ਸਕਦੀਆਂ ਹਨ। ਤੁਹਾਨੂੰ ਦੱਸਦੇ ਹਾਂ ਕਿ ਹਰ ਰੋਜ ਮੈਦੇ ਨਾਲ ਬਣੀਆਂ ਚੀਜਾਂ ਖਾਣ ਨਾਲ ਤੁਹਾਡੀ ਸਿਹਤ 'ਤੇ ਕਿਵੇਂ ਮਾੜਾ ਅਸਰ ਪੈ ਸਕਦਾ ਹੈ।

**ਮੋਟਾਪੇ ਦਾ ਕਾਰਨ:** ਜੋ ਲੋਕ ਮੈਦੇ ਨਾਲ ਬਣੇ ਭੋਜਨ ਦਾ ਸੇਵਨ ਕਰਦੇ ਹਨ, ਉਨ੍ਹਾਂ ਦਾ ਭਾਰ ਵਧ ਸਕਦਾ ਹੈ, ਜਿਸਦਾ ਮਤਲਬ ਹੈ ਕਿ ਉਹ ਮੋਟਾਪੇ ਦੀ ਲਪੇਟ ਵਿਚ ਵੀ ਆ ਸਕਦੇ ਹਨ। ਤੁਹਾਡੀ ਜਾਣਕਾਰੀ ਲਈ, ਬਰੈੱਡ, ਬਿਸਕੁਟ, ਜਾਂ ਮੈਦਾ ਵੀ ਫੈਟੀ ਲੀਵਰ ਦੇ ਜੋਖਮ ਨੂੰ ਵਧਾ ਸਕਦਾ ਹੈ। ਕੁੱਲ ਮਿਲਾ ਕੇ, ਜੇ ਤੁਸੀਂ ਫਿੱਟ ਅਤੇ ਸਿਹਤਮੰਦ ਰਹਿਣਾ ਚਾਹੁੰਦੇ ਹੋ, ਤਾਂ ਤੁਹਾਨੂੰ ਮੈਦੇ ਨਾਲ ਬਣੇ ਭੋਜਨ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

**ਪੇਟ ਨਾਲ ਸਬੰਧਤ ਸਮੱਸਿਆਵਾਂ :** ਮੈਦੇ ਨਾਲ ਬਣੀਆਂ ਚੀਜਾਂ ਖਾਣ ਨਾਲ ਤੁਹਾਡੀ ਗਲਟ ਹੈਲਥ 'ਤੇ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਸਕਦੀ ਹੈ। ਜੋ ਲੋਕ ਬਹੁਤ ਜ਼ਿਆਦਾ ਮੈਦੇ ਦਾ ਸੇਵਨ ਕਰਦੇ ਹਨ ਉਨ੍ਹਾਂ ਦੀ ਪਾਚਨ ਕਿਰਿਆ ਹੌਲੀ ਹੋ ਜਾਂਦੀ ਹੈ। ਜੇ ਤੁਸੀਂ ਕਬਜ, ਗੈਸ, ਪੇਟ ਫੁੱਲਣਾ, ਇਸ ਤਰ੍ਹਾਂ ਦੀਆਂ ਸਮੱਸਿਵਆਵਾਂ ਦਾ ਸ਼ਿਕਾਰ ਨਹੀਂ ਬਣਨਾ ਚਾਹੁੰਦੇ ਹੋ, ਤਾਂ ਬ੍ਰੈਡ ਜਾਂ ਬਿਸਕੁਟ ਜਾਂ ਫਿਰ ਮੈਦੇ ਨਾਲ ਬਣੀਆਂ ਚੀਜਾਂ ਨੂੰ ਖਾਣਾ ਬੰਦ ਕਰ ਦਿਓ।

**ਗੰਭੀਰ ਅਤੇ ਜਾਨਲੇਵਾ ਸਮੱਸਿਆਵਾਂ :** ਬਹੁਤ ਜ਼ਿਆਦਾ ਮੈਦੇ ਦਾ ਸੇਵਨ ਤੁਹਾਨੂੰ ਗੰਭੀਰ ਅਤੇ ਇੱਥੋਂ ਤੱਕ ਕਿ ਜਾਨਲੇਵਾ ਬਿਮਾਰੀਆਂ ਦੇ ਜੋਖਮ ਵਿੱਚ ਪਾ ਸਕਦਾ ਹੈ। ਮੈਦਾ ਸ਼ੂਗਰ ਵਰਗੀਆਂ ਸਾਈਲੈਂਟ ਕਿਲਰ ਬਿਮਾਰੀਆਂ ਦੇ ਖਤਰੇ ਨੂੰ ਵਧਾ ਸਕਦਾ ਹੈ। ਇਸ ਤੋਂ ਇਲਾਵਾ ਮੈਦਾ ਤੁਹਾਡੇ ਦਿਲ ਦੀ ਸਿਹਤ ਲਈ ਵੀ ਬਹੁਤ ਨੁਕਸਾਨਦੇਹ ਹੋ ਸਕਦਾ ਹੈ। ਬਹੁਤ ਜ਼ਿਆਦਾ ਮੈਦੇ ਦਾ ਸੇਵਨ ਨਾ ਸਿਰਫ਼ ਬਲੱਡ ਪ੍ਰੈਸ਼ਰ, ਸਗੋਂ ਦਿਲ ਨਾਲ ਸਬੰਧਤ ਬਿਮਾਰੀਆਂ ਦੇ ਜੋਖਮ ਨੂੰ ਵਧਾ ਸਕਦਾ ਹੈ।

# ਡੇਰਾਬੱਸੀ ਅਤੇ ਲਾਲੜੂ ਵਿੱਚ ਸਵੈ-ਸਹਾਇਤਾ ਸਮੂਹਾਂ ਨੂੰ ਪੰਜਾਬ 'ਚ ਮਹਿਲਾ ਸਸ਼ਕਤੀਕਰਨ ਕੇਂਦਰਾਂ ਵਜੋਂ ਵਿਕਸਤ ਕੀਤਾ ਜਾਵੇਗਾ: ਸਤਨਾਮ ਸਿੰਘ ਸੰਧੂ

ਡੇਰਾਬੱਸੀ, 26 ਅਪ੍ਰੈਲ (ਚ.ਨ.ਸ.): ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਪੰਜਾਬ ਦੇ 60 ਸਵੈ-ਸਹਾਇਤਾ ਸਮੂਹਾਂ ਦੀਆਂ ਲਗਭਗ 500 ਔਰਤਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਗੱਲਬਾਤ ਕੀਤੀ ਜਿਨ੍ਹਾਂ ਨੇ ਦੀਨਦਿਆਲ ਅੰਤਯੋਦਯ ਯੋਜਨਾ-ਰਾਸ਼ਟਰੀ ਪੇਂਡੂ ਆਜੀਵਿਕਾ ਮਿਸ਼ਨ, ਇੱਕ ਕੇਂਦਰੀ ਸਪਾਂਸਰਡ ਸਕੀਮ ਹੈ ਜਿਸਦਾ ਉਦੇਸ਼ ਦੇਸ਼ ਦੇ ਗਰੀਬ ਪੇਂਡੂ ਪਰਿਵਾਰਾਂ ਦੀ ਰੋਜ਼ੀ-ਰੋਟੀ ਨੂੰ ਬਿਹਤਰ ਬਣਾਉਣਾ ਹੈ।

ਸੰਸਦ ਮੈਂਬਰ ਸਤਨਾਮ ਸਿੰਘ ਸੰਧੂ, ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਬੁਲਾਰੇ ਅਤੇ ਪੰਜਾਬ ਐਗਰੋ ਇੰਡਸਟਰੀਜ਼ ਦੇ ਸਾਬਕਾ ਉਪ-ਚੇਅਰਮੈਨ, ਮਨਪ੍ਰੀਤ ਸਿੰਘ ਬਾਣੀ ਸੰਧੂ ਅਤੇ ਭਾਜਪਾ ਡੇਰਾਬੱਸੀ ਮੰਡਲ ਪ੍ਰਧਾਨ ਜਗਦੀਪ ਸਿੰਘ ਔਜਲਾ ਦੇ ਨਾਲ, ਡੇਰਾਬੱਸੀ ਅਤੇ ਲਾਲੜੂ ਵਿੱਚ ਸਵੈ-ਸਹਾਇਤਾ ਸਮੂਹ ਔਰਤਾਂ ਦੁਆਰਾ ਲਗਾਏ ਗਏ ਉਤਪਾਦ ਸਟਾਲਾਂ ਦਾ ਦੌਰਾ ਕੀਤਾ ਅਤੇ ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ। ਸਟਾਲਾਂ ਵਿੱਚ ਪੰਜਾਬ ਦੀਆਂ ਰਵਾਇਤੀ ਅਤੇ ਦਸਤਕਾਰੀ ਕਲਾਵਾਂ ਨਾਲ ਸਬੰਧਤ ਉਤਪਾਦ ਪ੍ਰਦਰਸ਼ਿਤ ਕੀਤੇ ਗਏ ਸਨ, ਜਿਨ੍ਹਾਂ ਵਿੱਚ ਫੁਲਕਾਰੀ, ਸੂਟ, ਜੱਟੀਆਂ, ਸ਼ਹਿਦ, ਅਚਾਰ, ਸਕੁਐਸ਼, ਸਿਰਕਾ, ਤੇਲ, ਮਸਾਲੇ, ਪਾਪੜ, ਸਾਬਣ, ਮੋਮਬੱਤੀਆਂ ਅਤੇ ਹੋਰ ਬਹੁਤ ਕੁਝ ਸ਼ਾਮਲ ਹੈ। ਇਸ ਮੌਕੇ, ਸਵੈ-ਸਹਾਇਤਾ ਸਮੂਹਾਂ (SHGs) ਦੀਆਂ ਔਰਤਾਂ, ਜਿਨ੍ਹਾਂ ਵਿੱਚੋਂ



ਬਹੁਤ ਸਾਰੀਆਂ ਨੇ ਲਖਪਤੀ ਦੀਦੀ ਅਤੇ ਡਰੋਨ ਦੀਦੀ ਪਹਿਲਕਦਮੀਆਂ ਤੋਂ ਲਾਭ ਪ੍ਰਾਪਤ ਕੀਤਾ ਹੈ, ਨੇ ਆਪਣੇ ਅਨੁਭਵ ਅਤੇ ਸਫਲਤਾ ਦੀਆਂ ਕਹਾਣੀਆਂ ਸਾਂਝੀਆਂ ਕੀਤੀਆਂ। ਕਈ ਔਰਤਾਂ ਨੇ ਦੱਸਿਆ ਕਿ ਸਵੈ-ਸਹਾਇਤਾ ਸਮੂਹਾਂ ਅਤੇ ਸਰਕਾਰੀ ਯੋਜਨਾਵਾਂ ਨੇ ਉਨ੍ਹਾਂ ਨੂੰ ਸਸ਼ਕਤ ਬਣਾਇਆ ਹੈ। ਅੱਜ, ਉਹ ਨਾ ਸਿਰਫ਼ ਆਪਣੇ ਪਰਿਵਾਰਾਂ ਦਾ ਸਮਰਥਨ ਕਰਦੀਆਂ ਹਨ ਬਲਕਿ ਹੋਰ ਔਰਤਾਂ ਨੂੰ ਰੁਜ਼ਗਾਰ ਵੀ ਪ੍ਰਦਾਨ ਕਰਦੀਆਂ ਹਨ। ਆਪਣੇ ਅਨੁਭਵ ਸਾਂਝੇ ਕਰਦੇ ਹੋਏ, ਔਰਤਾਂ ਨੇ ਪ੍ਰਗਟ ਕੀਤਾ ਕਿ ਕੇਂਦਰ ਸਰਕਾਰ ਦੀਆਂ ਲਖਪਤੀ ਦੀਦੀ ਅਤੇ ਡਰੋਨ ਦੀਦੀ ਪਹਿਲਕਦਮੀਆਂ ਨੇ ਉਨ੍ਹਾਂ ਦੇ ਜੀਵਨ ਵਿੱਚ ਸਕਾਰਾਤਮਕ ਬਦਲਾਅ ਲਿਆਂਦਾ ਹੈ। ਇਨ੍ਹਾਂ ਪਹਿਲਕਦਮੀਆਂ ਨੇ ਨਾ ਸਿਰਫ਼ ਉਨ੍ਹਾਂ ਨੂੰ ਆਰਥਿਕ ਸਥਿਰਤਾ ਪ੍ਰਦਾਨ ਕੀਤੀ ਹੈ, ਸਗੋਂ ਸਮਾਜਿਕ ਮਾਣ-ਸਨਮਾਨ ਵੀ ਪ੍ਰਦਾਨ ਕੀਤਾ ਹੈ। ਕੇਂਦਰ ਸਰਕਾਰ ਦੀਆਂ ਪਹਿਲਕਦਮੀਆਂ ਨੇ ਸਵੈ-ਨਿਰਭਰਤਾ, ਆਰਥਿਕ ਤਰੱਕੀ ਅਤੇ SHG ਉਤਪਾਦਾਂ ਦੀ ਸਿੱਧੀ ਮਾਰਕੀਟਿੰਗ ਕਰਕੇ ਮਹਿਲਾ ਸਸ਼ਕਤੀਕਰਨ ਦੀ ਇੱਕ ਨਵੀਂ ਲਹਿਰ ਵੀ ਪੈਦਾ ਕੀਤੀ ਹੈ। SHG ਮੈਂਬਰਾਂ ਨੇ ਕਿਹਾ ਕਿ ਪਹਿਲਾਂ ਉਨ੍ਹਾਂ ਨੂੰ ਵਿਚੋਲਿਆਂ ਦੁਆਰਾ ਧੋਖਾ ਦਿੱਤਾ ਜਾਂਦਾ ਸੀ, ਪਰ ਹੁਣ ਕੇਂਦਰ ਸਰਕਾਰ ਨੇ SHG ਨੂੰ ਬਿਨਾਂ ਕਿਸੇ ਗਰੰਟੀ ਦੇ ਕਰਜ਼ੇ ਦੇਣ ਦੀ ਸਹੂਲਤ ਪ੍ਰਦਾਨ ਕੀਤੀ ਹੈ, ਜਿਸ ਨਾਲ ਉਨ੍ਹਾਂ ਨੂੰ ਵਿੱਤੀ ਤੌਰ 'ਤੇ ਸਵੈ-ਨਿਰਭਰ ਬਣਨ ਅਤੇ ਉਨ੍ਹਾਂ ਦੀ ਰੋਜ਼ੀ-ਰੋਟੀ ਨੂੰ ਟਿਕਾਊ ਬਣਾਉਣ ਵਿੱਚ ਮਦਦ ਮਿਲੀ ਹੈ।

ਕੇਂਦਰ ਸਰਕਾਰ ਦੀਆਂ ਮਹਿਲਾ ਸਸ਼ਕਤੀਕਰਨ ਲਈ ਲਖਪਤੀ ਦੀਦੀ ਅਤੇ ਡਰੋਨ ਦੀਦੀ ਪਹਿਲਕਦਮੀਆਂ ਦੀ ਪ੍ਰਸ਼ੰਸਾ ਕਰਦੇ ਹੋਏ, ਸੰਸਦ ਮੈਂਬਰ ਸੰਧੂ ਨੇ ਕਿਹਾ, ਭਾਰਤੀ ਔਰਤਾਂ ਨੇ ਆਜ਼ਾਦੀ ਸੰਗਰਾਮ ਦੌਰਾਨ ਅਤੇ ਆਜ਼ਾਦੀ ਤੋਂ ਬਾਅਦ ਦੋਵਾਂ ਦੇਸ਼ਾਂ ਵਿੱਚ ਅਰਥਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਦੇ ਯਤਨਾਂ ਨੂੰ ਮਾਨਤਾ ਦਿੰਦੇ ਹੋਏ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ 12 ਸਾਲਾਂ ਵਿੱਚ, ਔਰਤਾਂ ਨੂੰ ਸਨਮਾਨ ਨਾਲ ਸਸ਼ਕਤ ਬਣਾਇਆ ਹੈ ਅਤੇ ਉਨ੍ਹਾਂ ਨੂੰ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਸਸ਼ਕਤ ਬਣਾਇਆ ਹੈ। ਲਖਪਤੀ ਦੀਦੀ ਅਤੇ ਡਰੋਨ ਦੀਦੀ ਵਰਗੀਆਂ ਯੋਜਨਾਵਾਂ ਪੇਂਡੂ ਅਰਥਵਿਵਸਥਾ ਨੂੰ ਅੱਗੇ ਵਧਾਉਣ ਅਤੇ ਔਰਤਾਂ ਨੂੰ ਸਸ਼ਕਤ ਬਣਾਉਣ ਵਿੱਚ ਕ੍ਰਾਂਤੀਕਾਰੀ ਬਦਲਾਅ ਹਨ। ਪ੍ਰਧਾਨ ਮੰਤਰੀ ਦੇ 30 ਮਿਲੀਅਨ ਲਖਪਤੀ ਦੀਦੀਆਂ ਬਣਾਉਣ ਦੇ ਟੀਚੇ ਵਿੱਚੋਂ, 29 ਮਿਲੀਅਨ ਲਖਪਤੀ ਦੀਦੀਆਂ ਪਹਿਲਾਂ ਹੀ ਬਣਾਈਆਂ ਜਾ ਚੁੱਕੀਆਂ ਹਨ, ਜਿਨ੍ਹਾਂ ਵਿੱਚੋਂ 324,811 ਪੰਜਾਬ ਤੋਂ ਹਨ। ਇਸੇ ਤਰ੍ਹਾਂ, ਨਮੋ ਡਰੋਨ ਦੀਦੀ ਯੋਜਨਾ ਚੁਣੇ ਹੋਏ ਮਹਿਲਾ ਸਵੈ-ਸਹਾਇਤਾ ਸਮੂਹਾਂ ਨੂੰ ਡਰੋਨ ਪ੍ਰਦਾਨ ਕਰਕੇ ਪੇਂਡੂ ਔਰਤਾਂ ਨੂੰ ਸਸ਼ਕਤ ਬਣਾ ਰਹੀ ਹੈ।







ਸਿੱਖ ਬੰਧੂ ਵੈਲਫੇਅਰ ਟਰਸੱਟ ਵੱਲੋਂ ਆਲ ਇੰਡੀਆ ਰਾਮਗੜੀਆ ਵਿਸ਼ਵਕਰਮਾ ਫੈਡਰੇਸ਼ਨ ਅਤੇ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਹਿਯੋਗ ਨਾਲ 10ਵਾਂ ਐਵਾਰਡ ਫੰਕਸ਼ਨ ਦਿੱਲੀ ਵਿਖੇ ਆਯੋਜਤ ਕੀਤਾ ਗਿਆ, ਜਿਸ ਮੌਕੇ ਡਾ ਹਰਜਿੰਦਰ ਸਿੰਘ ਵਾਲੀਆ ਪ੍ਰੋਫੈਸਰ ਆਫ ਜਰਨਲਿਜ਼ਮ ਨੂੰ ਪੱਤਰਕਾਰ ਆਫ ਦਾ ਈਅਰ ਦੇ ਐਵਾਰਡ ਨਾਲ ਸਨਮਾਨਿਆ ਗਿਆ ਅਤੇ ਨਾਲ ਹੀ ਚੜ੍ਹਦੀਕਲਾ ਦੇ ਡਾਇਰੈਕਟਰ ਸ. ਹਰਪ੍ਰੀਤ ਸਿੰਘ ਦਰਦੀ ਅਤੇ ਵਿਸ਼ੇਸ਼ ਪ੍ਰਤੀਨਿਧ ਗੁਰਮੁਖ ਸਿੰਘ ਰੁਪਾਣਾ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ ਸ. ਮਨਜਿੰਦਰ ਸਿੰਘ ਸਿਰਸਾ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸ੍ਰ. ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਸੁਖਦੇਵ ਸਿੰਘ ਰਿਆਤ ਸਮੇਤ ਹੋਰ ਸ਼ਸਖਬੀਅਤਾਂ ਸ਼ਾਮਿਲ ਸਨ।

# ਐਚ-1 ਬੀ ਵੀਜ਼ੇ 'ਤੇ 3 ਸਾਲ ਲਈ ਲੱਗੇਗੀ ਰੋਕ, ਅਮਰੀਕਾ 'ਚ ਪੇਸ਼ ਹੋਇਆ ਬਿੱਲ

ਨਵੀਂ ਦਿੱਲੀ, 26 ਅਪ੍ਰੈਲ (ਚ.ਨ.ਸ.) : ਅਮਰੀਕਾ ਵਿੱਚ ਰਿਪਬਲਿਕਨ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ 8-12 ਵੀਜ਼ਾ ਜਾਰੀ ਕਰਨ 'ਤੇ ਤਿੰਨ ਸਾਲ ਦੀ ਰੋਕ ਲਗਾਉਣ ਅਤੇ ਪੂਰੇ ਸਿਸਟਮ ਵਿੱਚ ਵੱਡੀਆਂ ਤਬਦੀਲੀਆਂ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਸ ਬਿੱਲ ਦਾ ਨਾਮ ਐਂਡ ਐਚ-1ਬੀ ਵੀਜ਼ਾ ਐਬਿਊਜ਼ ਐਕਟ 2026 ਰੱਖਿਆ ਗਿਆ ਹੈ, ਜਿਸ ਨੂੰ ਸੰਸਦ ਮੈਂਬਰ ਐਲੀ ਕ੍ਰੇਨ ਨੇ ਪੇਸ਼ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਵੀਜ਼ਾ ਸਿਸਟਮ ਕਾਰਨ ਅਮਰੀਕੀ ਕਾਮਿਆਂ ਨੂੰ ਨੁਕਸਾਨ ਹੋਇਆ ਹੈ।ਐਲੀ ਕ੍ਰੇਨ ਨੇ ਕਿਹਾ ਕਿ ਸਰਕਾਰ ਨੂੰ ਆਮ ਨਾਗਰਿਕਾਂ ਦੇ ਹਿੱਤ ਵਿੱਚ ਕੰਮ ਕਰਨਾ ਚਾਹੀਦਾ ਹੈ, ਨਾ ਕਿ ਵੱਡੀਆਂ ਕੰਪਨੀਆਂ ਦੇ ਮੁਨਾਫ਼ੇ ਲਈ। ਉਨ੍ਹਾਂ ਅਨੁਸਾਰ ਇਹ ਬਿੱਲ ਅਮਰੀਕੀ ਲੋਕਾਂ ਨੂੰ ਰੁਜ਼ਗਾਰ ਦੇ ਜ਼ਿਆਦਾ ਮੌਕੇ ਦੇਵੇਗਾ ਅਤੇ ਵੀਜ਼ਾ ਪ੍ਰਕਿਰਿਆ ਨੂੰ ਸਖ਼ਤ ਬਣਾਏਗਾ। ਇਸ ਪ੍ਰਸਤਾਵ ਨੂੰ ਬ੍ਰੈਂਡਨ ਗਿੱਲ, ਪਾਲ ਗੋਸਰ ਅਤੇ ਐਂਡੀ ਓਗਲਸ ਵਰਗੇ ਕਈ ਰਿਪਬਲਿਕਨ ਸੰਸਦ ਮੈਂਬਰਾਂ ਦਾ ਸਮਰਥਨ ਵੀ ਮਿਲਿਆ ਹੈ।ਬ੍ਰੈਂਡਨ ਗਿੱਲ ਨੇ ਕਿਹਾ ਕਿ ਇਹ ਬਿੱਲ ਯਕੀਨੀ ਬਣਾਏਗਾ ਕਿ ਅਮਰੀਕਾ ਦੀ ਇਮੀਗ੍ਰੇਸ਼ਨ ਵਿਵਸਥਾ ਪਹਿਲਾਂ ਅਮਰੀਕੀ ਕਾਮਿਆਂ ਦੇ ਹਿੱਤ ਵਿੱਚ ਕੰਮ ਕਰੇ। ਉੱਥੇ ਹੀ ਪਾਲ ਗੋਸਰ ਅਤੇ ਐਂਡੀ ਓਗਲਸ ਨੇ ਦੋਸ਼ ਲਗਾਇਆ ਕਿ ਐਚ-1ਬੀ ਸਿਸਟਮ ਦੀ ਵਰਤੋਂ ਸਸਤੇ ਵਿਦੇਸ਼ੀ ਕਾਮਿਆਂ ਨੂੰ ਲਿਆਉਣ ਲਈ ਕੀਤੀ ਜਾ ਰਹੀ ਹੈ, ਜਿਸ ਨਾਲ ਅਮਰੀਕੀ ਕਰਮਚਾਰੀਆਂ ਨੂੰ ਨੁਕਸਾਨ ਹੋ ਰਿਹਾ ਹੈ।




# ਲੋਕ ਭਵਨ ਵਿਖੇ ਅਟੁੱਟ ਮਾਨਵਤਾਵਾਦ ਵਿਸ਼ੇ 'ਤੇ ਇੱਕ ਬੌਧਿਕ ਸੈਮੀਨਾਰ

ਚੰਡੀਗੜ੍ਹ, 26 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ÷ਅਟੁੱਟ ਮਾਨਵਤਾਵਾਦ÷ ਸਿਰਫ਼ ਇੱਕ ਵਿਚਾਰਧਾਰਾ ਨਹੀਂ ਹੈ, ਸਗੋਂ ਜੀਵਨ ਦਾ ਇੱਕ ਤਰੀਕਾ ਹੈ ਜੋ ਆਧੁਨਿਕ ਸੰਸਾਰ ਦੀਆਂ ਗੁੰਝਲਦਾਰ ਚੁਣੌਤੀਆਂ ਦੇ ਸੰਪੂਰਨ ਹੱਲ ਪੇਸ਼ ਕਰਦਾ ਹੈ। ਉਹ ਐਤਵਾਰ ਨੂੰ ਪੰਜਾਬ ਲੋਕ ਭਵਨ ਦੇ ਗੁਰੂ ਨਾਨਕ ਦੇਵ ਭਵਨ ਵਿਖੇ ਆਯੋਜਿਤ ਅਟੁੱਟ ਮਾਨਵਤਾਵਾਦ ਵਿਸ਼ੇ 'ਤੇ ਇੱਕ ਬੌਧਿਕ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ। ਆਪਣੇ ਸੰਬੋਧਨ ਵਿੱਚ, ਰਾਜਪਾਲ ਨੇ ਮਹਾਨ ਚਿੰਤਕ ਦੀਨਦਿਆਲ ਉਪਾਧਿਆਏ ਨੂੰ ਯਾਦ ਕੀਤਾ, ਜਿਨ੍ਹਾਂ ਨੇ 1960 ਦੇ ਦਹਾਕੇ ਵਿੱਚ ਭਾਰਤੀ ਸੱਭਿਆਚਾਰ, ਵੇਦਾਂ, ਉਪਨਿਸ਼ਦਾਂ ਅਤੇ ਗੀਤਾ ਦੀ ਮੂਲ ਭਾਵਨਾ ਦੇ ਅਧਾਰ ਤੇ ਇਸ ਦਰਸ਼ਨ ਨੂੰ ਆਧੁਨਿਕ ਸੰਦਰਭ ਵਿੱਚ ਪੇਸ਼ ਕੀਤਾ ਸੀ। ਉਨ੍ਹਾਂ ਕਿਹਾ ਕਿ ਅਟੁੱਟ ਮਾਨਵਤਾਵਾਦ ਮਨੁੱਖਾਂ ਨੂੰ ਸਿਰਫ਼ ਆਰਥਿਕ ਜਾਂ




ਸਮਾਜਿਕ ਇਕਾਈਆਂ ਵਜੋਂ ਨਹੀਂ, ਸਗੋਂ ਸਰੀਰ, ਮਨ, ਬੁੱਧੀ ਅਤੇ ਆਤਮਾ ਦੀ ਇੱਕ ਏਕੀਕ੍ਰਿਤ ਹਸਤੀ ਵਜੋਂ ਦੇਖਦਾ ਹੈ। ਕਟਾਰੀਆ ਨੇ ਕਿਹਾ ਕਿ ਇਹ ਫ਼ਲਸਫ਼ਾ ਵਿਅਕਤੀ (ਵਯਸ਼ਤੀ), ਸਮਾਜ (ਸਮਾਸ਼ਤੀ), ਕੁਦਰਤ (ਸ੍ਰਿਸ਼ਟੀ) ਅਤੇ ਪਰਮ ਪੁਰਖ (ਪਰਮੇਸ਼ਤੀ) ਵਿਚਕਾਰ ਸੰਤੁਲਨ ਸਥਾਪਤ ਕਰਨ ਦੀ ਜ਼ਰੂਰਤ ਦਾ ਪ੍ਰਚਾਰ ਕਰਦਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਅਕਤੀ ਅਤੇ ਸਮਾਜ ਵਿਚਕਾਰ ਕੋਈ ਟਕਰਾਅ ਨਹੀਂ ਹੋਣਾ ਚਾਹੀਦਾ, ਸਗੋਂ ਆਪਸੀ ਸਹਿਯੋਗ ਅਤੇ ਪੂਰਕਤਾ ਦਾ ਰਿਸ਼ਤਾ ਹੋਣਾ ਚਾਹੀਦਾ ਹੈ। ਵਾਤਾਵਰਣ ਸੰਬੰਧੀ ਚੁਣੌਤੀਆਂ ਦਾ ਹਵਾਲਾ ਦਿੰਦੇ ਹੋਏ, ਰਾਜਪਾਲ ਨੇ ਕਿਹਾ ਕਿ ਅੱਜ ਦੁਨੀਆ ਗਲੋਬਲ ਵਾਰਮਿੰਗ ਅਤੇ ਜਲਵਾਯੂ ਪਰਿਵਰਤਨ ਵਰਗੀਆਂ ਸਮੱਸਿਆਵਾਂ ਨਾਲ ਜੂਝ ਰਹੀ ਹੈ, ਜਿਸਦਾ ਮੁੱਖ ਕਾਰਨ ਕੁਦਰਤ ਦਾ ਸ਼ੋਸ਼ਣ ਹੈ। ਪੁੱਤਰੋਹਮ ਪ੍ਰਿਥਵੀਯ ਕਹਾਵਤ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਨੇ ਕੁਦਰਤ ਨਾਲ ਸੰਤੁਲਿਤ ਸਬੰਧ ਬਣਾਈ ਰੱਖਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦਾ ਹਵਾਲਾ ਦਿੰਦੇ ਹੋਏ, ਰਾਜਪਾਲ ਨੇ ਕਿਹਾ ਕਿ ਸਰਬੱਤ ਦਾ ਭਲਾ ਅਤੇ ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤੀ ਮਹਤ ਵਰਗੇ ਸੰਦੇਸ਼ ਅਟੁੱਟ ਮਾਨਵਤਾਵਾਦ ਦੇ ਬੁਨਿਆਦੀ ਸਿਧਾਂਤਾਂ ਨੂੰ ਗੂੰਜਦੇ ਹਨ। ਅੰਤਯੋਦਯ ਦੀ ਧਾਰਨਾ ਨੂੰ ਅਟੁੱਟ ਮਾਨਵਤਾਵਾਦ ਦਾ ਇੱਕ ਮੁੱਖ ਥੰਮ੍ਹ ਦੱਸਦੇ ਹੋਏ, ਰਾਜਪਾਲ ਨੇ ਕਿਹਾ ਕਿ ਸਮਾਜ ਦੇ ਆਖਰੀ ਵਿਅਕਤੀ ਤੱਕ ਵਿਕਾਸ ਦੇ ਲਾਭ ਪਹੁੰਚਾਉਣਾ ਸੱਚੀ ਤਰੱਕੀ ਦਾ ਮਾਪਦੰਡ ਹੈ। ਉਨ੍ਹਾਂ ਕਿਹਾ ਕਿ ਵਿਕਾਸ ਉਦੋਂ ਤੱਕ ਅਧੂਰਾ ਹੈ ਜਦੋਂ ਤੱਕ ਲਾਈਨ ਵਿੱਚ ਖੜ੍ਹੇ ਆਖਰੀ ਵਿਅਕਤੀ ਨੂੰ ਸਿੱਖਿਆ, ਸਿਹਤ ਅਤੇ ਸਨਮਾਨਜਨਕ ਜੀਵਨ ਨਹੀਂ ਮਿਲਦਾ।

ਇਸ ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ, ਭਾਜਪਾ ਦੇ ਰਾਸ਼ਟਰੀ ਜਨਰਲ ਸਕੱਤਰ (ਸੰਗਠਨ), ਸ਼੍ਰੀ ਬੀ.ਐਲ. ਸੰਤੋਸ਼ ਨੇ ਇੰਟੈਗਰਲ ਹਿਊਮਨਿਜ਼ਮ ਦੀ ਸਮਕਾਲੀ ਸਾਰਥਕਤਾ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਵਿੱਚ ਪ੍ਰੋ. ਰੇਣੂ ਵਿਗ, ਵਾਈਸ ਚਾਂਸਲਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ; ਡਾ. ਧਰਿੰਦਰ ਤਾਇਲ, ਲੇਖਕ ਅਤੇ ਸਮਾਜਿਕ-ਰਾਜਨੀਤਿਕ ਵਿਸ਼ਲੇਸ਼ਕ; ਅਤੇ ਸ਼੍ਰੀ ਲਲਿਤ ਸ਼ਰਮਾ (ਦ ਨੌਰਥ ਨਿਊਜ਼) ਸ਼ਾਮਲ ਸਨ। ਇਸ ਮੌਕੇ 'ਤੇ ਮੌਜੂਦ ਹੋਰ ਪ੍ਰਮੁੱਖ ਪਤਵੰਤਿਆਂ ਵਿੱਚ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸਰਦਾਰ ਇਕਬਾਲ ਸਿੰਘ ਲਾਲਪੁਰਾ; ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ਼੍ਰੀ ਗਿਆਨ ਚੰਦ ਗੁਪਤਾ; ਭਾਜਪਾ ਚੰਡੀਗੜ੍ਹ ਦੇ ਪ੍ਰਧਾਨ ਸ਼੍ਰੀ ਜਤਿੰਦਰ ਮਲਹੋਤਰਾ; ਸ਼੍ਰੀ ਸਾਗਰਪ੍ਰੀਤ ਹੁੱਡਾ, ਡੀਜੀਪੀ, ਚੰਡੀਗੜ੍ਹ, ਅਤੇ ਖੇਤਰ ਦੀਆਂ ਹੋਰ ਪ੍ਰਮੁੱਖ ਸਮਾਜਿਕ-ਰਾਜਨੀਤਿਕ ਸ਼ਖ਼ਸੀਅਤਾਂ ਸ਼ਾਮਲ ਸਨ।




ਸੰਸਦ ਮੈਂਬਰ ਸਤਨਾਮ ਸਿੰਘ ਸੰਧੂ ਨੇ ਅਰੁਣ ਜੇਤਲੀ ਸਟੇਡੀਅਮ ਵਿੱਚ ਦਿੱਲੀ ਕੈਪੀਟਲਸ ਅਤੇ ਪੰਜਾਬ ਕਿੰਗਜ਼ ਵਿਚਕਾਰ ਹੋਏ ਸ਼ਾਨਦਾਰ ਮੁਕਾਬਲੇ ਦਾ ਆਨੰਦ ਮਾਣਿਆ। ਸਟੈਂਡਾਂ ਵਿੱਚ ਊਰਜਾ ਸਾਡੀ ਰਾਜਧਾਨੀ ਦੀ ਜੀਵੰਤ ਖੇਡ ਭਾਵਨਾ ਨੂੰ ਦਰਸਾਉਂਦੀ ਹੈ। ਮੈਦਾਨ 'ਤੇ ਐਕਸ਼ਨ ਤੋਂ ਇਲਾਵਾ, ਇਹ ਨੌਜਵਾਨਾਂ ਦਾ ਜਨੂੰਨ ਅਤੇ ਉਤਸ਼ਾਹ ਹੈ ਜੋ ਖੇਡ ਨੂੰ ਜੀਵਨ ਵਿੱਚ ਲਿਆਉਂਦਾ ਹੈ। ਦੋਵਾਂ ਟੀਮਾਂ ਨੂੰ ਸ਼ੁਭਕਾਮਨਾਵਾਂ - ਖੇਡ ਨੂੰ ਖੇਡ ਭਾਵਨਾ ਦੀ ਸਭ ਤੋਂ ਵਧੀਆ ਭਾਵਨਾ ਨਾਲ ਖੇਡਿਆ ਜਾਵੇ।

# ਗੋਲਡਨ ਹੱਟ ਦੇ ਮਾਲਕ ਰਾਮ ਸਿੰਘ ਰਾਣਾ ਦਾ ਵਿਸ਼ੇਸ਼ ਸਨਮਾਨ, ਬੇਅਦਬੀ ਵਿਰੋਧੀ ਸਖਤ ਕਾਨੂੰਨ ਲਈ ਸੰਘਰਸ਼ ਦੀ ਸਰਾਹਨਾ

ਲੁਧਿਆਣਾ/(ਸਾਹਨੇਵਾਲ),, 26 ਅਪ੍ਰੈਲ (ਸੰਜੀਵ ਲਹਿਲ) : ਦੋਰਾਹਾ ਸਾਹਨੇਵਾਲ ਨੈਸ਼ਨਲ ਹਾਈਵੇ 'ਤੇ ਸਥਿਤ ਗੋਲਡਨ ਹੱਟ ਦੇ ਮਾਲਕ ਅਤੇ ਸਰਬ ਧਰਮ ਸੇਵਾ ਫਾਊਂਡੇਸ਼ਨ ਦੇ ਮੁਖੀ ਰਾਮ ਸਿੰਘ ਰਾਣਾ ਦਾ ਵਿਸ਼ੇਸ਼ ਸਨਮਾਨ ਇੰਡੀਆ ਕਾਂਗਿਨ ਵਾਟਰ ਪ੍ਰਾਈਵੇਟ ਲਿਮਿਟਡ ਦੇ ਮੈਨੇਜਿੰਗ ਡਾਇਰੈਕਟਰ ਵੱਲੋਂ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਬਣੇ ਸਖਤ ਕਾਨੂੰਨ ਲਈ ਕੀਤੇ ਯੋਗਦਾਨ ਦੇ ਮੱਦੇਨਜ਼ਰ ਦਿੱਤਾ ਗਿਆ।




ਸਮਾਗਮ ਦੌਰਾਨ ਬੋਲਦਿਆਂ ਮੈਨੇਜਿੰਗ ਡਾਇਰੈਕਟਰ ਨੇ ਕਿਹਾ ਕਿ ਇਸ ਕਾਨੂੰਨ ਨੂੰ ਲਾਗੂ ਕਰਵਾਉਣ ਵਿੱਚ ਭਾਈ ਗੁਰਜੀਤ ਸਿੰਘ ਖਾਲਸਾ (ਸਮਾਣਾ) ਦਾ ਵੱਡਾ ਸੰਘਰਸ਼ ਰਿਹਾ ਹੈ, ਜਿਨ੍ਹਾਂ ਨੇ ਲੰਬੇ ਸਮੇਂ ਤੱਕ ਟੈਂਕੀ 'ਤੇ ਚੜ੍ਹ ਕੇ ਆਪਣੀ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਕਿਹਾ ਕਿ ਇਸ ਸੰਘਰਸ਼ ਨੂੰ ਮਜ਼ਬੂਤੀ ਦੇਣ ਵਿੱਚ ਰਾਮ ਸਿੰਘ ਰਾਣਾ ਦਾ ਵੀ ਮਹੱਤਵਪੂਰਨ ਯੋਗਦਾਨ ਹੈ, ਜਿਨ੍ਹਾਂ ਵੱਲੋਂ ਸਮਾਣਾ ਤੋਂ ਸ੍ਰੀ ਹਰਿਮੰਦਰ ਸਾਹਿਬ ਤੱਕ ਪੈਦਲ ਯਾਤਰਾ ਕਰਕੇ ਲੋਕਾਂ ਅਤੇ ਸਰਕਾਰ ਦਾ ਧਿਆਨ ਇਸ ਮਾਮਲੇ ਵੱਲ ਖਿੱਚਿਆ ਗਿਆ। ਉਨ੍ਹਾਂ ਕਿਹਾ ਕਿ ਰਾਣਾ ਜੀ ਨੇ ਇਹ ਪੱਕਾ ਇਰਾਦਾ ਕੀਤਾ ਹੋਇਆ ਸੀ ਕਿ ਜਦੋਂ ਤੱਕ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਸਖਤ ਕਾਨੂੰਨ ਨਹੀਂ ਬਣਾਉਂਦੀ, ਉਹ ਚੁੱਪ ਨਹੀਂ ਬੈਠਣਗੇ। ਇਹ ਲੰਬਾ ਸੰਘਰਸ਼ ਆਖਿਰਕਾਰ ਰੰਗ ਲਿਆਇਆ ਅਤੇ ਸਰਕਾਰ ਨੂੰ ਕਾਨੂੰਨ ਬਣਾਉਣ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਇਸ ਗੱਲ 'ਤੇ ਖੁਸ਼ੀ ਜਤਾਈ ਕਿ ਹੁਣ ਐਸਾ ਸਖਤ ਕਾਨੂੰਨ ਬਣ ਚੁੱਕਾ ਹੈ ਜਿਸ ਨਾਲ ਕੋਈ ਵੀ ਵਿਅਕਤੀ ਬੇਅਦਬੀ ਕਰਨ ਬਾਰੇ ਸੋਚਣ ਤੋਂ ਪਹਿਲਾਂ ਵੀ ਡਰੇਗਾ। ਇਸ ਮੌਕੇ ਰਾਮ ਸਿੰਘ ਰਾਣਾ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਕਾਨੂੰਨ ਦਾ ਸਾਰਾ ਸਿਹਰਾ ਉਹ ਭਾਈ ਗੁਰਜੀਤ ਸਿੰਘ ਖਾਲਸਾ ਨੂੰ ਹੀ ਦਿੰਦੇ ਹਨ, ਕਿਉਂਕਿ ਉਨ੍ਹਾਂ ਦੀ ਤਪੱਸਿਆ ਅਤੇ ਅਡਿੱਗ ਸੰਘਰਸ਼ ਕਾਰਨ ਹੀ ਇਹ ਸੰਭਵ ਹੋ ਸਕਿਆ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਉਹ ਚਾਹੁੰਦੇ ਹਨ ਕਿ ਸਾਰੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਨੂੰ ਵੀ ਇਸ ਕਾਨੂੰਨ ਦੇ ਦਾਇਰੇ ਵਿੱਚ ਲਿਆ ਜਾਵੇ ਅਤੇ ਉਨ੍ਹਾਂ ਲਈ ਵੀ ਇੱਕੋ ਜਿਹੀ ਸਖਤ ਸਜ਼ਾ ਦਾ ਪ੍ਰਾਵਧਾਨ ਕੀਤਾ ਜਾਵੇ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ, ਸਿਆਸੀ ਸ਼ਖ਼ਸ਼ੀਅਤਾਂ, ਪੰਚਾਂ-ਸਰਪੰਚਾਂ ਨੇ ਸ਼ਿਰਕਤ ਕੀਤੀ ਉਥੇ ਹੀ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਯੂਥ ਆਗੂ ਪਰਮਿੰਦਰ ਸਿੰਘ ਪਨੈਚ ਵੱਲੋਂ ਵੀ ਰਾਮ ਸਿੰਘ ਰਾਣਾ ਜੀ ਦਾ ਸਨਮਾਨ ਕੀਤਾ ਗਿਆ ਇਸ ਸਮੇਂ ਪ੍ਰੈਸ ਨਾਲ ਗੱਲਬਾਤ ਕਰਦੇ ਆਂ ਪਰਮਿੰਦਰ ਸਿੰਘ ਪਨੈਚ ਨੇ ਕਿਹਾ ਕਿ ਰਾਣਾ ਜੀ ਕੇਵਲ ਤੇ ਕੇਵਲ ਹਰ ਧਰਮ ਲਈ ਹੀ ਕੰਮ ਨਹੀਂ ਕਰਦੇ ਬਲਕਿ ਇਹਨਾਂ ਦਾ ਜੀਵਨ ਪੂਰੀ ਮਨੁੱਖਤਾ ਅਤੇ ਕੁਦਰਤ ਤੇ ਕਾਦਰ ਨੂੰ ਵੀ ਸਮਰਪਿਤ ਹੈ ਜਿਸ ਨੂੰ ਕਿ ਦੋ ਸ਼ਬਦਾਂ ਜਾਂ ਦੋ ਲਾਈਨਾਂ ਵਿੱਚ ਬੰਦ ਨਹੀਂ ਕੀਤਾ ਜਾ ਸਕਦਾ ਇਹਨਾਂ ਉੱਤੇ ਤਾਂ ਜੇ ਕੋਈ ਡਾਕੂਮੈਂਟਰੀ ਬਣਾਈ ਜਾਵੇ ਉਸ ਦੇ ਲਈ ਵੀ ਟਾਈਮ ਬਹੁਤ ਘੱਟ ਪੈ ਜਾਵੇਗਾ ਇਸ ਦੌਰਾਨ ਗੋਲਡਨ ਹੱਟ ਦੇ ਮੈਨੇਜਰ ਐਚ.ਕੇ. ਪੂਰੀ ਸਮੇਤ ਹੋਰ ਪ੍ਰਬੰਧਕਾਂ ਅਤੇ ਮੀਡੀਆ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ ਗਿਆ। ਸਮਾਗਮ ਅੰਤ ਵਿੱਚ ਸਾਰੇ ਹਾਜ਼ਰੀਨ ਵੱਲੋਂ ਇਸ ਸੰਘਰਸ਼ ਨੂੰ ਸਮਾਜ ਲਈ ਪ੍ਰੇਰਣਾਦਾਇਕ ਕਰਾਰ ਦਿੱਤਾ ਗਿਆ ਅਤੇ ਧਾਰਮਿਕ ਮਰਯਾਦਾਵਾਂ ਦੀ ਰੱਖਿਆ ਲਈ ਇਕੱਠੇ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ ਗਈ।

# ਪ੍ਰਧਾਨ ਮੰਤਰੀ ਦੀ 'ਮਨ ਕੀ ਬਾਤ' ਸਿਰਫ਼ ਇੱਕ ਪ੍ਰੋਗਰਾਮ ਨਹੀਂ ਹੈ, ਸਗੋਂ ਸਮਾਜ ਦੇ ਹਰ ਵਰਗ ਨੂੰ ਜੋੜਨ ਦਾ ਇੱਕ ਸਾਧਨ ਹੈ: ਹਰਦੀਪ ਗਿੱਲ

ਚੰਡੀਗੜ੍ਹ, 26 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਸੈਕਟਰ 25, ਚੰਡੀਗੜ੍ਹ ਵਿੱਚ, ਸਫਾਈ ਕਰਮਚਾਰੀ ਸੰਗਠਨਾਂ ਅਤੇ ਵਾਲਮੀਕੀ ਭਾਈਚਾਰੇ ਦੇ ਆਗੂਆਂ ਨੇ ਰਾਸ਼ਟਰੀ ਸਫਾਈ ਕਰਮਚਾਰੀ ਕਮਿਸ਼ਨ ਦੇ ਉਪ ਚੇਅਰਮੈਨ ਹਰਦੀਪ ਸਿੰਘ ਗਿੱਲ ਨਾਲ ਬੈਠ ਕੇ ਪ੍ਰਧਾਨ ਮੰਤਰੀ ਦੀ ਮਨ ਕੀ ਬਾਤ ਦੇ 133ਵੇਂ ਐਪੀਸੋਡ ਨੂੰ ਬਹੁਤ ਉਤਸ਼ਾਹ ਅਤੇ ਏਕਤਾ ਨਾਲ ਸੁਣਿਆ। ਕੌਂਸਲਰ ਪੂਨਮ ਅਤੇ ਸਮਾਜ ਸੇਵਕ ਜੋਤੀ ਹੰਸ ਸਮੇਤ ਕਈ ਪ੍ਰਮੁੱਖ ਸ਼ਖਸੀਅਤਾਂ ਨੇ ਵੀ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਸ ਮੌਕੇ ਹਰਦੀਪ ਗਿੱਲ ਨੇ ਕਿਹਾ ਕਿ @ਮਨ ਕੀ ਬਾਤ@ ਸਿਰਫ਼ ਇੱਕ ਪ੍ਰੋਗਰਾਮ ਨਹੀਂ ਹੈ, ਸਗੋਂ ਦੇਸ਼ ਦੇ ਹਰ ਵਰਗ ਨੂੰ ਜੋੜਨ ਦਾ ਇੱਕ ਮਾਧਿਅਮ ਬਣ ਗਿਆ ਹੈ, ਅਤੇ ਇਹ ਸਮਾਜ ਦੇ ਹਰ ਵਿਅਕਤੀ ਤੱਕ ਸਰਕਾਰ ਦੇ ਵਿਚਾਰਾਂ ਅਤੇ ਯੋਜਨਾਵਾਂ ਨੂੰ ਪਹੁੰਚਾਉਣ ਦਾ ਇੱਕ ਪ੍ਰਭਾਵਸ਼ਾਲੀ ਪਲੇਟਫਾਰਮ ਹੈ। ਹਰਦੀਪ ਗਿੱਲ ਨੇ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੇਸ਼ ਵਿੱਚ ਧਾਰਮਿਕ, ਸੱਭਿਆਚਾਰਕ ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੇ ਇੱਕ ਨਵੀਂ ਦਿਸ਼ਾ ਫੜੀ ਹੈ। ਅਯੁੱਧਿਆ ਵਿੱਚ ਰਾਮ ਮੰਦਰ ਦਾ ਸ਼ਾਨਦਾਰ ਨਿਰਮਾਣ ਦੇਸ਼ ਵਾਸੀਆਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਆਸਥਾ ਦਾ ਪ੍ਰਤੀਕ ਬਣ ਗਿਆ ਹੈ। ਇਸ ਇਤਿਹਾਸਕ ਪ੍ਰਾਪਤੀ ਨੇ ਨਾ ਸਿਰਫ਼ ਦੇਸ਼ ਦੀ ਸੱਭਿਆਚਾਰਕ ਵਿਰਾਸਤ ਨੂੰ ਮਜ਼ਬੂਤ ??ਕੀਤਾ ਹੈ ਸਗੋਂ ਲੱਖਾਂ ਲੋਕਾਂ ਦੀਆਂ ਭਾਵਨਾਵਾਂ ਦਾ ਸਨਮਾਨ ਵੀ ਕੀਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅਯੁੱਧਿਆ ਵਿੱਚ ਮਹਾਰਿਸ਼ੀ ਵਾਲਮੀਕਿ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਿਰਮਾਣ ਖੇਤਰ ਦੇ ਵਿਕਾਸ ਵਿੱਚ ਇੱਕ ਮੀਲ ਪੱਥਰ ਸਾਬਤ ਹੋ ਰਿਹਾ ਹੈ। ਵਾਲਮੀਕਿ ਭਾਈਚਾਰੇ ਦਾ ਸਤਿਕਾਰ ਵਧਾਉਣ ਲਈ ਪ੍ਰਧਾਨ ਮੰਤਰੀ ਮੋਦੀ ਦੇ ਯਤਨ ਸ਼ਲਾਘਾਯੋਗ ਹਨ। ਉਨ੍ਹਾਂ ਨੇ ਵੱਖ-ਵੱਖ ਯੋਜਨਾਵਾਂ ਅਤੇ ਸਮਾਜਿਕ ਸੰਦੇਸ਼ਾਂ ਰਾਹੀਂ ਇਸ ਭਾਈਚਾਰੇ ਨੂੰ ਮੁੱਖ ਧਾਰਾ ਨਾਲ ਜੋੜਨ ਦਾ ਕੰਮ ਕੀਤਾ ਹੈ। ਹਰਦੀਪ ਸਿੰਘ ਗਿੱਲ ਨੇ ਅੱਗੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਫਾਈ ਕਰਮਚਾਰੀਆਂ ਅਤੇ ਵਾਲਮੀਕਿ ਭਾਈਚਾਰੇ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨ ਸ਼ਲਾਘਾਯੋਗ ਹਨ।



# ਸਮਾਜਿਕ ਨਿਆਂ 'ਤੇ ਰਾਸ਼ਟਰੀ ਚਿੰਤਨ ਸ਼ਿਵਿਰ ਇੱਕ ਸਮਾਂ-ਬੱਧ ਢਾਂਚੇ ਨਾਲ ਚੰਡੀਗੜ੍ਹ ਵਿੱਚ ਸਮਾਪਤ

ਚੰਡੀਗੜ੍ਹ, 26 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦਾ ਤਿੰਨ ਦਿਨਾਂ ਰਾਸ਼ਟਰੀ ਚਿੰਤਨ ਸ਼ਿਵਿਰ ਅੱਜ ਚੰਡੀਗੜ੍ਹ ਵਿੱਚ ਸਮਾਪਤ ਹੋਇਆ। ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ ਦੇਸ਼ ਦੇ ਹਰ ਖੇਤਰ ਵਿੱਚ ਸਮਾਜਿਕ ਨਿਆਂ ਯੋਜਨਾਵਾਂ ਦੇ ਪ੍ਰਭਾਵਸ਼ਾਲੀ ਲਾਗੂਕਰਨ ਨੂੰ ਮਜ਼ਬੂਤ ਕਰਨ ਲਈ ਸਮੇਂ ਸਿਰ ਅਤੇ ਵਿਵਹਾਰਕ ਸਿਫ਼ਾਰਸ਼ਾਂ ਦੇ ਇੱਕ ਸੈੱਟ @ਤੇ ਸਹਿਮਤੀ ਪ੍ਰਗਟਾਈ, ਜੋ ਕਿ ਅੰਤਯੋਦਿਆ ਕਾ ਸੰਕਲਪ, ਅੰਮ੍ਰਿਤ ਕਾਲ ਕਾ ਪ੍ਰਤਿਬਿੰਬ - 2047 ਤੱਕ ਵਿਕਸਤ ਭਾਰਤ÷ ਥੀਮ ਦੇ ਅਨੁਸਾਰ ਹੈ। 24 ਤੋਂ 26 ਅਪ੍ਰੈਲ, 2026 ਤੱਕ ਤਿੰਨ ਦਿਨਾਂ ਤੱਕ ਆਯੋਜਿਤ, ਸ਼ਿਵਿਰ ਦੀ ਸ਼ੁਰੂਆਤ ਦ੍ਰਿਸ਼ਟੀ, ਮਾਣ ਅਤੇ ਪਹੁੰਚਯੋਗਤਾ @ਤੇ ਕੇਂਦ੍ਰਿਤ ਇੱਕ ਸੈਸ਼ਨ ਨਾਲ ਹੋਈ, ਜਿਸ ਤੋਂ ਬਾਅਦ ਦੂਜੇ ਅਤੇ ਤੀਜੇ ਦਿਨ ਥੀਮੈਟਿਕ ਮੁੱਦਿਆਂ 'ਤੇ ਡੂੰਘਾਈ ਨਾਲ ਚਰਚਾ ਹੋਈ। ਸਮਾਪਤੀ ਸੈਸ਼ਨ ਵਿੱਚ ਪਹੁੰਚੇ ਸਿੱਟਿਆਂ ਨੂੰ ਇੱਕ ਦੂਰਦਰਸ਼ੀ ਢਾਂਚੇ ਵਿੱਚ ਜੋੜਿਆ ਗਿਆ। ਕੇਂਦਰੀ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ, ਡਾ. ਵੀਰੇਂਦਰ ਕੁਮਾਰ ਨੇ ਆਪਣੇ ਸਮਾਪਤੀ ਭਾਸ਼ਣ ਵਿੱਚ ਕਿਹਾ ਕਿ ਤਿੰਨ ਦਿਨਾਂ ਰਾਸ਼ਟਰੀ ਚਿੰਤਨ ਸ਼ਿਵਿਰ ਨੇ ਕੇਂਦਰ, ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਇੱਕ ਗੰਭੀਰ ਅਤੇ ਨਤੀਜਾ-ਮੁਖੀ ਪਲੇਟਫਾਰਮ ਪ੍ਰਦਾਨ ਕੀਤਾ ਹੈ ਤਾਂ ਜੋ ਸਮਾਜਿਕ ਨਿਆਂ ਯੋਜਨਾਵਾਂ ਨੂੰ ਲਾਗੂ ਕਰਨ ਨੂੰ ਵਧੇਰੇ ਪਹੁੰਚਯੋਗ, ਜਵਾਬਦੇਹ ਅਤੇ ਲਾਗੂਕਰਨ-ਅਨੁਕੂਲ ਕਿਵੇਂ ਬਣਾਇਆ ਜਾ ਸਕਦਾ ਹੈ, ਇਸ ਬਾਰੇ ਸਮੂਹਿਕ ਤੌਰ 'ਤੇ ਵਿਚਾਰ-ਵਟਾਂਦਰਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਵਿਚਾਰ-ਵਟਾਂਦਰਾ ÷ਅੰਤਯੋਦਿਆ ਕਾ ਸੰਕਲਪ, ਅੰਮ੍ਰਿਤ ਕਾਲ ਕਾ ਪ੍ਰਤਿਬਿੰਬ - ਵਿਕਾਸਿਤ ਭਾਰਤ 0 2047÷ ਦੇ ਵਿਆਪਕ ਰਾਸ਼ਟਰੀ ਸੰਕਲਪ 'ਤੇ ਅਧਾਰਤ ਸੀ। ਉਨ੍ਹਾਂ ਨੇ ਪੁਸ਼ਟੀ ਕੀਤੀ ਕਿ ਸਮਾਜਿਕ ਨਿਆਂ ਦੀ ਨੀਂਹ ਹਰੇਕ ਵਿਅਕਤੀ ਲਈ, ਇੱਥੋਂ ਤੱਕ ਕਿ ਕਤਾਰ ਵਿੱਚ ਮੌਜੂਦ ਲੋਕਾਂ ਲਈ ਵੀ, ਮਾਣ, ਪਹੁੰਚਯੋਗਤਾ ਅਤੇ ਸਥਿਰਤਾ ਹੋਣੀ ਚਾਹੀਦੀ ਹੈ।




# ਕਮਰ ਦੀ ਚਰਬੀ ਲਿਵਰ ਨੂੰ ਬਣਾ ਰਹੀ ਹੈ ਬਿਮਾਰ, ਸਮੇਂ ਸਿਰ ਸੰਭਲਣਾ ਜ਼ਰੂਰੀ

ਅੰਮ੍ਰਿਤਸਰ, 26 ਅਪ੍ਰੈਲ (ਚ.ਨ.ਸ.) : ਲਿਵਰ ਸਾਡੇ ਸਰੀਰ ਦਾ ਇਕ ਐਸਾ ਅੰਗ ਹੈ ਜੋ ਚੁੱਪਚਾਪ ਕੰਮ ਕਰਦਾ ਹੈ ਅਤੇ ਅਕਸਰ ਤਦ ਤੱਕ ਕੋਈ ਸੰਕੇਤ ਨਹੀਂ ਦਿੰਦਾ, ਜਦ ਤੱਕ ਬੀਮਾਰੀ ਗੰਭੀਰ ਨਾ ਹੋ ਜਾਵੇ। ਇਸ ਵਿੱਚ ਨਾ ਤਾਂ ਸਿਰਦਰਦ ਵਰਗਾ ਦਰਦ ਹੁੰਦਾ ਹੈ ਅਤੇ ਨਾ ਹੀ ਐਸਿਡਿਟੀ ਵਰਗੀ ਜਲਨ, ਇਸ ਲਈ ਲੋਕ ਇਸ ਦੀ ਖਰਾਬ ਹੋ ਰਹੀ ਹਾਲਤ ਨੂੰ ਲੰਬੇ ਸਮੇਂ ਤੱਕ ਸਮਝ ਨਹੀਂ ਪਾਂਦੇ। ਕਈ ਵਾਰ ਮਰੀਜ਼ ਪੂਰੀ ਤਰ੍ਹਾਂ ਠੀਕ ਮਹਿਸੂਸ ਕਰਦਾ ਹੈ, ਪਰ ਅੰਦਰੋਂ ਲਿਵਰ ਗੰਭੀਰ ਤੌਰ @ਤੇ ਪ੍ਰਭਾਵਿਤ ਹੋ ਚੁੱਕਿਆ ਹੁੰਦਾ ਹੈ। ਐਸਾ ਹੀ ਇਕ ਮਾਮਲਾ ਸਾਹਮਣੇ ਆਇਆ ਜਦੋਂ ਪੇਟ ਦੇ ਆਲੇ-ਦੁਆਲੇ ਵੱਧ ਚਰਬੀ ਵਾਲੇ ਇਕ ਮਰੀਜ਼ ਦਾ ਲਿਵਰ ਸਿਰੋਸਿਸ ਦੇ ਨੇੜੇ ਪਹੁੰਚ ਗਿਆ ਸੀ, ਜਦਕਿ ਉਸਨੂੰ ਕੋਈ ਲੱਛਣ ਨਹੀਂ ਸਨ। ਉਸਦੀ ਸਿਹਤ ਵਿੱਚ ਸੁਧਾਰ ਕਿਸੇ ਚਮਤਕਾਰੀ ਇਲਾਜ ਨਾਲ ਨਹੀਂ, ਸਗੋਂ ਲਗਾਤਾਰ ਵਜ਼ਨ ਘਟਾਉਣ ਨਾਲ ਹੋਇਆ, ਜਿਸਨੇ ਉਸਦੀ ਬੀਮਾਰੀ ਦੀ ਦਿਸ਼ਾ ਹੀ ਬਦਲ ਦਿੱਤੀ। ਬੀਐਲਕੇ-ਮੈਕਸ ਸੁਪਰ ਸਪੈਸ਼ਲਟੀ ਹਸਪਤਾਲ ਦੇ ਲਿਵਰ ਟ੍ਰਾਂਸਪਲਾਂਟ ਅਤੇ ਬਿਲਿਆਰੀ ਸਾਇੰਸਜ਼, ਰੋਬੋਟਿਕ ਸਰਜਰੀ ਵਿਭਾਗ ਦੇ ਚੇਅਰਮੈਨ ਅਤੇ ਐਚਓਡੀ, ਡਾ. ਅਭਿਦੀਪ ਚੌਧਰੀ ਨੇ ਦੱਸਿਆ ਜਦੋਂ ਸਰੀਰ ਵਿੱਚ, ਖਾਸ ਤੌਰ @ਤੇ ਪੇਟ ਦੇ ਆਲੇ-ਦੁਆਲੇ ਚਰਬੀ ਵੱਧਦੀ ਹੈ, ਤਾਂ ਇਹ ਸਿਰਫ਼ ਚਮੜੀ ਦੇ ਹੇਠਾਂ ਹੀ ਨਹੀਂ ਰਹਿੰਦੀ, ਬਲਕਿ ਅੰਦਰੂਨੀ ਅੰਗਾਂ, ਖਾਸ ਕਰਕੇ ਲਿਵਰ ਵਿੱਚ ਵੀ ਇਕੱਠੀ ਹੋਣ ਲੱਗਦੀ ਹੈ। ਇਸ ਹਾਲਤ ਨੂੰ ਮੈਟਾਬੋਲਿਕ ਡਿਸਫੰਕਸ਼ਨ ਨਾਲ ਜੁੜੀ ਫੈਟੀ ਲਿਵਰ ਬਿਮਾਰੀ ਕਿਹਾ ਜਾਂਦਾ ਹੈ। ਹੌਲੀ-ਹੌਲੀ ਇਹ ਚਰਬੀ ਲਿਵਰ ਦੀਆਂ ਕੋਸ਼ਿਕਾਵਾਂ ਵਿੱਚ ਸੋਜ ਪੈਦਾ ਕਰਦੀ ਹੈ, ਜਿਸ ਨਾਲ ਫਾਇਬ੍ਰੋਸਿਸ, ਯਾਨੀ ਸਖ਼ਤੀ ਆਉਂਦੀ ਹੈ ਅਤੇ ਆਖ਼ਿਰਕਾਰ ਸਿਰੋਸਿਸ ਹੋ ਸਕਦਾ ਹੈ। ਇਸ ਅਵਸਥਾ ਵਿੱਚ ਲਿਵਰ ਦੀ ਕਾਰਗੁਜ਼ਾਰੀ ਗੰਭੀਰ ਤੌਰ 'ਤੇ ਪ੍ਰਭਾਵਿਤ ਹੋ ਜਾਂਦੀ ਹੈ ਅਤੇ ਇਹ ਸਰੀਰ ਵਿੱਚੋਂ ਵਿਸ਼ੈਲੇ ਤੱਤਾਂ ਨੂੰ ਬਾਹਰ ਕੱਢਣ ਜਾਂ ਮੈਟਾਬੋਲਿਜ਼ਮ ਨੂੰ ਕੰਟਰੋਲ ਕਰਨ ਵਿੱਚ ਸਮਰੱਥ ਨਹੀਂ ਰਹਿੰਦਾ। ਸਭ ਤੋਂ ਚਿੰਤਾਜਨਕ ਗੱਲ ਇਹ ਹੈ ਕਿ ਇਸਦੇ ਲੱਛਣ ਬਹੁਤ ਦੇਰ ਨਾਲ ਸਾਹਮਣੇ ਆਉਂਦੇ ਹਨ, ਜਿਵੇਂ ਅੱਖਾਂ ਦਾ ਪੀਲਾਪਣ ਜਾਂ ਪੇਟ ਵਿੱਚ ਸੋਜ, ਜਦ ਤੱਕ ਹਾਲਤ ਕਾਫੀ ਖਰਾਬ ਹੋ ਚੁੱਕੀ ਹੁੰਦੀ ਹੈ। ਹਾਲਾਂਕਿ, ਰਾਹਤ ਦੀ ਗੱਲ ਇਹ ਹੈ ਕਿ ਲਿਵਰ ਵਿੱਚ ਆਪਣੇ ਆਪ ਨੂੰ ਠੀਕ ਕਰਨ ਦੀ ਅਦਭੁਤ ਸਮਰੱਥਾ ਹੁੰਦੀ ਹੈ। ਜੇ ਸਮੇਂ ਸਿਰ ਵਜ਼ਨ ਨੂੰ ਕੰਟਰੋਲ ਕੀਤਾ ਜਾਵੇ, ਤਾਂ ਹਾਲਤ ਨੂੰ ਕਾਫੀ ਹੱਦ ਤੱਕ ਸੁਧਾਰਿਆ ਜਾ ਸਕਦਾ ਹੈ।





# ਪਟਿਆਲਾ–ਆਸ/ਪਾਸ



## 'ਆਪ' ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਸੱਤ ਰਾਜ ਸਭਾ ਮੈਂਬਰਾਂ ਦੇ ਵਿਧਾਇਕ ਦੇਵ ਮਾਨ ਦੀ ਅਗਵਾਈ 'ਚ ਪੁਤਲੇ ਫੂਕੇ



ਨਾਭਾ, 26 ਅਪ੍ਰੈਲ (ਬਲਜਿੰਦਰ ਮਾਨ) : ਆਮ ਆਦਮੀ ਪਾਰਟੀ ਦੇ 7 ਰਾਜ ਸਭਾ ਮੈਂਬਰਾਂ ਦੇ ਵੱਲੋਂ ਭਾਜਪਾ ਦੇ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਪੰਜਾਬ ਭਰ ਦਾ ਸਿਆਸੀ ਅਖਾੜਾ ਪੂਰੀ ਤਰ੍ਹਾਂ ਗਰਮਾ ਚੁੱਕਾ, ਜਿਸ ਨੂੰ ਲੈ ਕੇ ਪੂਰੇ ਪੰਜਾਬ ਭਰ ਦੇ ਅੰਦਰ 7 ਰਾਜ ਸਭਾ ਮੈਂਬਰਾਂ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ, ਜਿਸ ਤਹਿਤ ਨਾਭਾ ਦੇ ਵਿੱਚ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਵਿੱਚ ਇਹਨਾਂ ਰਾਜ ਸਭਾ ਮੈਂਬਰਾਂ ਦੇ ਪੁਤਲੇ ਫੂਕ ਕੇ ਜੰਮ ਕੇ ਇਨ੍ਹਾਂ ਦੇ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ 'ਤੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਕਿ ਇਨਾਂ ਰਾਜ ਸਭਾ ਮੈਂਬਰਾਂ ਦੇ ਪੰਜਾਬ ਦੀ ਮਿੱਟੀ ਦੇ ਨਾਲ ਅਤੇ ਪੰਜਾਬ ਦੇ ਲੋਕਾਂ ਦੇ ਨਾਲ ਜੋ ਧੋਖਾ ਕੀਤਾ ਹੈ ਅਤੇ ਪਿੱਠ ਦੇ ਵਿੱਚ ਛੁਰਾ ਮਾਰਿਆ। ਉਹਨਾਂ ਨੇ ਅੰਦਰ ਖਾਤੇ ਬੀਜੇਪੀ ਨਾਲ ਸੈਟਿੰਗ ਕਰਕੇ ਬੀਜੇਪੀ 'ਚ ਸ਼ਾਮਿਲ ਹੋ ਗਏ, ਜਿਸ ਕਰਕੇ ਅੱਜ ਅਸੀਂ ਪੁਤਲੇ ਫੂਕੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਉਨ੍ਹਾਂ ਨੂੰ ਪੂਰਾ ਬਣਦਾ ਮਾਨ ਸਤਿਕਾਰ ਦਿੱਤਾ ਵੱਡੇ ਅਹੁਦੇ ਨਵਾਜੇ। ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਪੰਜਾਬ ਭਰ ਵਿੱਚ ਬੜਾ ਸ਼ਾਨਦਾਰ ਕੰਮ ਕਰਦੇ ਆ ਰਹੇ ਹਨ ਅਸੀਂ ਇੱਕ ਇਹਨਾਂ ਦੇ ਨਾਲ ਖੜੇ ਹਾਂ ਉਹਨਾਂ ਕਹਿ ਕੇ 2027 ਵਿੱਚ ਮੁੜ ਸਰਕਾਰ ਬਣੇਗੀ। ਇਹ ਬਿਜਨਸ ਕਰਨ ਵਾਲੇ ਲੋਕ ਸਨ ਏਸੀਆਂ ਦੇ ਵਿੱਚ ਬੈਠ ਕੇ ਕੰਮ ਕਰਨ ਵਾਲੇ ਲੋਕ ਸਨ। ਇਸ ਮੌਕੇ 'ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜਸਬੀਰ ਸਿੰਘ ਜੱਸੀ ਸੋਹੀਆ ਵਾਲਾ ਨੇ ਕਿਹਾ ਕਿ ਜੋ ਇਨ੍ਹਾਂ ਰਾਜ ਸਭਾ ਮੈਂਬਰਾਂ ਦੇ ਵੱਲੋਂ ਭਾਜਪਾ ਵਿੱਚ ਸ਼ਾਮਿਲ ਹੋਏ ਹਨ। ਇਹਨਾਂ ਦਾ ਅਸੀਂ ਪੁਤਲਾ ਫੂਕ ਕੇ ਇਹਨਾਂ ਦੇ ਖਿਲਾਫ ਰੋਸ ਪ੍ਰਦਰਸ਼ਨ ਕਰ ਰਹੇ ਹਾਂ। ਕਿਉਂਕਿ ਇਨ੍ਹਾਂ ਨੇ ਪੰਜਾਬ ਦੇ ਲੋਕਾਂ ਦੇ ਨਾਲ ਧੋਖਾ ਕਮਾਇਆ। ਪੰਜਾਬ ਦੇ ਲੋਕਾਂ ਦੀ ਪਿੱਠ 'ਤੇ ਛੁਰਾ ਮਾਰਿਆ। ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰਾਂ ਨੇ ਇਹਨਾਂ ਨੂੰ ਬਣਦਾ ਮਾਨ ਸਤਿਕਾਰ ਦਿੱਤਾ ਪਰ ਪੰਜਾਬ ਦੇ ਲੋਕ ਇਹਨਾਂ ਨੂੰ ਮੂੰਹ ਨਹੀਂ ਲਗਾਉਣਗੇ। ਇਸ ਮੌਕੇ ਚੇਅਰਮੈਨ ਤੇਜਿੰਦਰ ਖੈਹਿਰਾ, ਮਨਪ੍ਰੀਤ ਧਾਰੋਕੀ, ਸੁਖਜਿੰਦਰ ਸਿੰਘ ਟੌਹੜਾ, ਗੁਰਦੀਪ ਸਿੰਘ ਦੀਪਾ, ਗੁਰਦੀਪ ਟਿਵਾਣਾ, ਦੀਪ ਉੱਪਲ, ਦੀਪਕ ਨਾਗਪਾਲ, ਮਨੀ ਨਾਭਾ, ਭਾਈ ਸਾਹਿਬ ਹਰਮੀਕ ਬਾਜਵਾ ਬਿੱਲਾ ਕੋਟ ਅਤੇ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਅਤੇ ਵਰਕਰ ਹਾਜ਼ਰ ਸਨ।

### ਨਸ਼ੇ ਦੇ ਆਦੀ ਵਿਅਕਤੀਆਂ ਦਾ ਡੋਪ ਟੈਸਟ ਪਾਜ਼ੀਟਿਵ ਆਇਆ

ਪਟਿਆਲਾ, 26 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਖੇਮ ਚੰਦ ਵਾਸੀ ਪਿੰਡ ਪਸਿਆਣਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਗੁਰਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਪਿੰਡ ਪਸਿਆਣਾ ਨੇੜੇ ਮੜੀਆਂ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

ਇਸੇ ਤਰ੍ਹਾਂ ਥਾਣਾ ਭਾਦਸੋਂ ਪੁਲਿਸ ਨੇ ਕਥਿਤ ਦੋਸ਼ੀਆਂ ਸੁਖਪਾਲ ਸਿੰਘ ਵਾਸੀ ਪਿੰਡ ਦੀਵਾਨਗੜ੍ਹ ਅਤੇ ਪਰਮਿੰਦਰ ਸਿੰਘ ਵਾਸੀ ਭਾਦਸੋਂ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਹਰਪ੍ਰੀਤ ਸਿੰਘ ਸਮੇਤ ਪੁਲਿਸ ਪਾਰਟੀ ਬੱਸ ਅੱਡਾ ਘੱਗਾ ਪਾਸ ਮੌਜੂਦ ਸੀ, ਜੋ ਕਥਿਤ ਦੋਸ਼ੀਆਂ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਉਹਨ੍ਹਾ ਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

### ਐਸ.ਐਸ.ਪੀ. ਵੱਲੋਂ ਨਸ਼ਿਆਂ ਵਿਰੁੱਧ ਪੁਲਿਸ-ਜਨਤਾ ਦੀ ਸਾਂਝੀ ਮੁਹਿੰਮ 'ਤੇ ਜ਼ੋਰ

## ਪਟਿਆਲਾ ਪੁਲਿਸ ਵੱਲੋਂ ਇੱਕ ਸਾਲ 'ਚ 1600 ਤੋਂ ਵੱਧ ਐੱਫ.ਆਈ.ਆਰ. ਦਰਜ : ਵਰੁਣ ਸ਼ਰਮਾ




ਪਟਿਆਲਾ 26 ਅਪ੍ਰੈਲ (ਵਿਨੋਦ ਸ਼ਰਮਾ/ਰੁਪਾਣਾ) : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਫਲੈਗਸ਼ਿਪ ਪ੍ਰੋਗਰਾਮ ਸੰਪਰਕ 2026 ਅਧੀਨ ਅੱਜ ਪਟਿਆਲਾ ਵਿਖੇ ਇਕ ਮਹੱਤਵਪੂਰਨ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਐਸ ਐਸ.ਪੀ. ਵਰੁਣ ਸ਼ਰਮਾ, ਐਸ.ਪੀ. ਵੈਭਵ ਚੌਧਰੀ ਸਮੇਤ ਪੁਲਿਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ, ਪਿੰਡਾਂ ਤੋਂ ਆਏ ਪੰਚ-ਸਰਪੰਚਾਂ, ਵਲੰਟੀਅਰਜ਼ ਅਤੇ ਆਮ ਜਨਤਾ ਨੇ ਸ਼ਿਰਕਤ ਕੀਤੀ। ਐਸ ਐਸ ਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਮੀਟਿੰਗ ਦਾ ਮੁੱਖ ਉਦੇਸ਼ ਨਸ਼ਿਆਂ ਦੇ ਖਾਤਮੇ ਲਈ ਚੱਲ ਰਹੀ ਮੁਹਿੰਮ ਨੂੰ ਹੋਰ ਮਜ਼ਬੂਤ ਬਣਾਉਣਾ ਅਤੇ ਜਨਤਾ ਨਾਲ ਸਿੱਧਾ ਸੰਪਰਕ ਸਥਾਪਿਤ ਕਰਕੇ ਉਹਨਾਂ ਦੇ ਸੁਝਾਅ ਅਤੇ ਫੀਡਬੈਕ ਪ੍ਰਾਪਤ ਕਰਨਾ ਹੈ। ਇਸ ਦੌਰਾਨ ਪੁਲਿਸ ਪ੍ਰਸ਼ਾਸਨ ਅਤੇ ਜਨਤਾ ਵਿਚਕਾਰ ਖੁੱਲ੍ਹਾ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਨਸ਼ਿਆਂ ਦੇ ਖਿਲਾਫ ਜੰਗ ਨੂੰ ਜੰਗੀ ਪੱਧਰ 'ਤੇ ਲੜਨ ਲਈ ਸਾਂਝੇ ਯਤਨਾਂ ਦੀ ਲੋੜ ਉਤੇ ਜ਼ੋਰ ਦਿੱਤਾ ਗਿਆ। ਐਸ ਐਸ ਪੀ ਸ੍ਰੀ ਵਰੁਣ ਸ਼ਰਮਾ ਨੇ ਦੱਸਿਆ ਕਿ ਪਟਿਆਲਾ ਪੁਲਿਸ ਵੱਲੋਂ ਪਿਛਲੇ ਇਕ ਸਾਲ ਦੌਰਾਨ 1600 ਤੋਂ ਵੱਧ ਐੱਫ ਆਈ ਆਰਜ਼ ਦਰਜ ਕੀਤੀਆਂ ਗਈਆਂ ਹਨ, ਜੋ ਕਿ ਨਸ਼ਾ ਤਸਕਰੀ ਅਤੇ ਸੰਬੰਧਤ ਅਪਰਾਧਾਂ ਖਿਲਾਫ ਕੀਤੀ ਗਈ ਸਖ਼ਤ ਕਾਰਵਾਈ ਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਇਹ ਸਫਲਤਾ ਜਨਤਾ ਦੇ ਸਹਿਯੋਗ ਤੋਂ ਬਿਨਾਂ ਸੰਭਵ ਨਹੀਂ ਸੀ ਅਤੇ ਆਗਾਮੀ ਸਮੇਂ ਵਿੱਚ ਵੀ ਲੋਕਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਰਹੇਗੀ। ਉਨ੍ਹਾਂ ਇਹ ਵੀ ਕਿਹਾ ਕਿ ਪੁਲਿਸ ਸਿਰਫ ਪਰੰਪਰਾਗਤ ਤਰੀਕਿਆਂ ਨਾਲ ਹੀ ਨਹੀਂ, ਸਗੋਂ ਨਵੀਆਂ ਰਣਨੀਤੀਆਂ ਅਪਣਾ ਕੇ ਵੀ ਨਸ਼ਾ ਤਸਕਰੀ ਦੇ ਜਾਲ ਨੂੰ ਤੋੜ ਰਹੀ ਹੈ। ਸਪਲਾਈ ਚੈਨ ਨੂੰ ਤੋੜਨ ਤੋਂ ਬਾਅਦ ਵੀ ਸੰਬੰਧਤ ਅਪਰਾਧੀਆਂ ਉੱਤੇ ਲਗਾਤਾਰ ਨਿਗਰਾਨੀ ਰੱਖੀ ਜਾਂਦੀ ਹੈ ਤਾਂ ਜੋ ਉਹ ਦੁਬਾਰਾ ਇਸ ਗੈਰਕਾਨੂੰਨੀ ਧੰਦੇ ਵਿੱਚ ਸ਼ਾਮਲ ਨਾ ਹੋ ਸਕਣ। ਮੀਟਿੰਗ ਦੌਰਾਨ ਪਿੰਡਾਂ ਤੋਂ ਆਏ ਪੰਚਾਂ ਅਤੇ ਸਰਪੰਚਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਗਿਆ, ਤਾਂ ਜੋ ਜ਼ਮੀਨੀ ਪੱਧਰ 'ਤੇ ਨਸ਼ਿਆਂ ਦੀ ਸਥਿਤੀ ਬਾਰੇ ਸਿੱਧੀ ਜਾਣਕਾਰੀ ਮਿਲ ਸਕੇ। ਪੁਲਿਸ ਅਧਿਕਾਰੀਆਂ ਨੇ ਏਰੀਆ ਵਾਇਜ਼ ਫੀਡਬੈਕ ਲੈਂਦੇ ਹੋਏ ਸੰਬੰਧਤ ਡੀਐਸਪੀਜ਼ ਅਤੇ ਐਸ ਐੱਚ ਓਜ਼ ਨੂੰ ਤੁਰੰਤ ਕਾਰਵਾਈ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ। ਇਸ ਮੌਕੇ ਐਸ ਐੱਚ ਓ ਜਸਪ੍ਰੀਤ ਸਿੰਘ ਕਾਹਲੋਂ ਦੀ ਵੀ ਸ਼ਲਾਘਾ ਕੀਤੀ ਗਈ, ਜਿਨ੍ਹਾਂ ਵੱਲੋਂ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਨਵੀਂ ਸੋਚ ਨਾਲ ਕਾਰਵਾਈ ਕੀਤੀ ਗਈ, ਜਿਸ ਵਿੱਚ ਗੱਡੀਆਂ ਵਿੱਚ ਸ਼ਰਾਬ ਪੀਣ ਵਾਲਿਆਂ ਨੂੰ ਸਖ਼ਤ ਸਬਕ ਸਿਖਾਉਣ ਲਈ ਡੰਡ ਬੈਠਕਾਂ ਲਗਵਾਈਆਂ ਗਈਆਂ। ਪੁਲਿਸ ਪ੍ਰਸ਼ਾਸਨ ਨੇ ਨਸ਼ਾ ਮੁਕਤ ਕੇਂਦਰਾਂ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਦਾਖਲ ਕਰਵਾਉਣ ਲਈ ਆਪਣੀ ਵਚਨਬੱਧਤਾ ਦੁਹਰਾਈ ਅਤੇ ਕਿਹਾ ਕਿ ਨਸ਼ਿਆਂ ਦੇ ਆਦੀ ਵਿਅਕਤੀਆਂ ਦੇ ਪੁਨਰਵਾਸ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ। ਅਖੀਰ ਵਿੱਚ ਪੁਲਿਸ ਅਧਿਕਾਰੀਆਂ ਨੇ ਜਨਤਾ ਨੂੰ ਅਪੀਲ ਕੀਤੀ ਕਿ ਜੇਕਰ ਉਹਨਾਂ ਦੇ ਸੰਪਰਕ ਵਿੱਚ ਕੋਈ ਵੀ ਵਿਅਕਤੀ ਨਸ਼ਾ ਕਰਦਾ ਹੈ ਜਾਂ ਨਸ਼ਾ ਤਸਕਰੀ ਨਾਲ ਜੁੜਿਆ ਹੋਇਆ ਹੈ, ਤਾਂ ਇਸ ਬਾਰੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਾਵੇ। ਸੂਚਨਾ ਦੇਣ ਵਾਲੇ ਵਿਅਕਤੀ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਮੀਟਿੰਗ ਦੌਰਾਨ ਆਮ ਲੋਕਾਂ ਦੀਆਂ ਸਮੱਸਿਆਵਾਂ ਵੀ ਸੁਣੀਆਂ ਗਈਆਂ ਅਤੇ ਕਈ ਮਾਮਲਿਆਂ ਦਾ ਮੌਕੇ 'ਤੇ ਹੀ ਨਿਪਟਾਰਾ ਕੀਤਾ ਗਿਆ। ਇਸ ਮੌਕੇ ਇਹ ਸੰਦੇਸ਼ ਦਿੱਤਾ ਗਿਆ ਕਿ ਜਦੋਂ ਪੁਲਿਸ ਅਤੇ ਜਨਤਾ ਇਕੱਠੇ ਹੋ ਕੇ ਕੰਮ ਕਰਦੇ ਹਨ, ਤਾਂ ਕੋਈ ਵੀ ਚੁਣੌਤੀ ਅਸੰਭਵ ਨਹੀਂ ਰਹਿੰਦੀ।

## ਅਕਾਲੀ ਦਲ ਬੀ.ਸੀ. ਵਿੰਗ ਦੇ ਕੌਮੀ ਮੀਤ ਪ੍ਰਧਾਨ ਹਰਦਿਆਲ ਸਿੰਘ ਭੱਟੀ ਦਾ ਸਨਮਾਨ



ਪਟਿਆਲਾ, 26 ਅਪ੍ਰੈਲ (ਚ.ਨ.ਸ) : ਸ਼੍ਰੋਮਣੀ ਅਕਾਲੀ ਦਲ ਬੀ.ਸੀ ਵਿੰਗ ਦੇ ਕੌਮੀ ਮੀਤ ਪ੍ਰਧਾਨ ਸ. ਹਰਦਿਆਲ ਸਿੰਘ ਭੱਟੀ ਨੂੰ ਗੁਰਦੁਆਰਾ ਸ੍ਰੀ ਦਸਮੇਸ਼ਗੜ੍ਹ ਸਾਹਿਬ ਧਾਮੋਮਾਜਰਾ ਪਟਿਆਲਾ ਦੀਆਂ ਸੰਗਤਾਂ ਵੱਲੋਂ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ। ਉਥੇ ਇਸ ਨਿਯੁਕਤੀ ਲਈ ਸ. ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਖਾਸ ਕਰਕੇ ਜੱਥੇਦਾਰ ਹੀਰਾ ਸਿੰਘ ਗਾਬੜੀਆ ਕੌਮੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਪਛੜੀਆਂ ਸ੍ਰੇਣੀਆਂ ਵਿੰਗ) ਦਾ ਧੰਨਵਾਦ ਪੂਰਨ ਬ੍ਰਹਮ ਗਿਆਨੀ ਸ੍ਰੀਮਾਨ ਸੰਤ ਬਾਬਾ ਕਰਤਾਰ ਸਿੰਘ ਭੈਰੋ ਮਾਜਰੇ ਵਾਲੇ ਦੇ ਅਨਨ ਸੇਵਕ ਸੰਤ ਬਾਬਾ ਕੁਲਵਿੰਦਰ ਸਿੰਘ ਨੇ ਕਰਦਿਆਂ ਕਿਹਾ ਕਿ ਹਰਦਿਆਲ ਸਿੰਘ ਭੱਟੀ ਇੱਕ ਪੜ੍ਹੇ ਲਿਖੇ, ਜੁਝਾਰੂ, ਨੇਕ ਇਨਸਾਨ ਹਨ, ਜਿਨ੍ਹਾਂ ਨੇ ਹਮੇਸ਼ਾ ਹੀ ਪੰਥ ਦੀ ਚੜ੍ਹਦੀ ਕਲਾ ਅਤੇ ਪੰਥ ਲਈ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਂਗ ਕੰਮ ਕੀਤਾ ਹੈ।ਇਸ ਮੌਕੇ ਉਹਨਾਂ ਵੱਲੋਂ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਦੇ ਛੋਟੇ ਭਰਾ ਸ. ਹਰਦਿਆਲ ਸਿੰਘ ਭੱਟੀ ਨੂੰ ਅਸੀਸ ਦਿੰਦਿਆਂ ਕਿਹਾ ਕਿ ਹਮੇਸ਼ਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਆਗਿਆ ਵਿੱਚ ਚੱਲਿਆ ਜਾਵੇ ਅਤੇ ਦੇਸ਼ ਕੌਮ ਦੀ ਸੇਵਾ ਪੂਰੀ ਇਮਾਨਦਾਰੀ ਤਨਦੇਹੀ ਅਤੇ ਬਚਨਬਧਤਾ ਨਾਲ ਕੀਤੀ ਜਾਵੇ।

## ਪ੍ਰੈੱਸ ਕਲੱਬ ਘਨੌਰ ਨੇ ਬੱਚਿਆਂ ਅਤੇ ਮਹਿਲਾਵਾਂ ਨੂੰ ਬੂਟ, ਚੱਪਲਾਂ ਤੇ ਫਲ ਵੰਡੇ



ਘਨੌਰ, 26 ਅਪ੍ਰੈਲ (ਰਾਜਿੰਦਰ ਸਿੰਘ ਕੰਬੋਜ) : ਸਮਾਜਿਕ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਪ੍ਰੈਸ ਕਲੱਬ ਘਨੌਰ ਵੱਲੋਂ ਸਿੰਗਲਾ ਬ੍ਰਿਕਸ ਪਿੰਡ ਉਲਾਨਾ ਵਿਖੇ ਇੱਕ ਪ੍ਰੇਰਨਾਦਾਇਕ ਸੇਵਾ ਕਾਰਜ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸਰਦਾਰਾ ਸਿੰਘ ਅਤੇ ਸਾਬਕਾ ਪ੍ਰਧਾਨ ਭਾਗ ਸਿੰਘ ਅੰਟਾਲ ਦੀ ਅਗਵਾਈ ਹੇਠ ਭੱਠੇ 'ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਬੱਚਿਆਂ ਅਤੇ ਮਹਿਲਾਵਾਂ ਨੂੰ ਬੂਟ, ਚੱਪਲਾਂ, ਫਲਾਂ ਸਮੇਤ ਹੋਰ ਜ਼ਰੂਰੀ ਸਾਮਾਨ ਵੰਡਿਆ ਗਿਆ।ਇਸ ਮੌਕੇ ਥਾਣਾ ਘਨੌਰ ਦੇ ਮੁਖੀ ਗੁਰਮੁੱਖ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਕਲੱਬ ਦੀ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਮਾਜ ਸੇਵਾ ਦੇ ਕੰਮ ਨਾ ਸਿਰਫ਼ ਲੋੜਵੰਦਾਂ ਦੀ ਮਦਦ ਕਰਦੇ ਹਨ, ਸਗੋਂ ਹੋਰ ਸੰਸਥਾਵਾਂ ਲਈ ਵੀ ਪ੍ਰੇਰਣਾ ਬਣਦੇ ਹਨ। ਇਸ ਮੌਕੇ ਬੱਚਿਆਂ ਵਿੱਚ ਖੁਸ਼ੀ ਦਾ ਮਾਹੌਲ ਵੇਖਣ ਨੂੰ ਮਿਲਿਆ, ਜਦੋਂ ਉਨ੍ਹਾਂ ਨੂੰ ਬੂੱਟ, ਚੱਪਲਾਂ ਅਤੇ ਖਾਣ-ਪੀਣ ਦਾ ਸਾਮਾਨ ਦਿੱਤਾ ਗਿਆ। ਪ੍ਰੈਸ ਕਲੱਬ ਵੱਲੋਂ ਭੱਠਾ ਮਜ਼ਦੂਰਾਂ ਨੂੰ ਸਮੋਸੇ ਵੀ ਵੰਡੇ ਗਏ। ਇਸ ਸਮਾਗਮ ਵਿੱਚ ਭੱਠਾ ਮਾਲਕ ਸਾਗਰ ਸਿੰਗਲਾ, ਓਮਕਾਰ ਸ਼ਰਮਾ, ਅਭਿਸ਼ੇਕ ਸੂਦ, ਐਡਵੋਕੇਟ ਹੇਮੰਤ ਸਿੰਗਲਾ ਅਤੇ ਕਰਮਵੀਰ ਸਿੰਘ ਮਰਦਾਂਪੁਰ ਸਮੇਤ ਕਈ ਹੋਰ ਮੈਂਬਰ ਵੀ ਹਾਜ਼ਰ ਸਨ।

## ਤੇਜ਼ ਰਫਤਾਰ ਕਾਰ ਦੀ ਟੱਕਰ ਨਾਲ ਮੌਤ

ਪਟਿਆਲਾ, 26 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਸਦਰ ਪਟਿਆਲਾ ਪੁਲਿਸ ਕੋਲ ਭੁਪਿੰਦਰ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਪਿੰਡ ਫਤਿਹਪੁਰ ਜੱਟਾ ਨੇ ਕਾਰ ਦੇ ਅਣਪਛਾਤੇ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਪਿਤਾ ਸਾਇਕਲ ਪਰ ਸਵਾਰ ਹੋ ਕੇ ਪਿੰਡ ਨਰੜੂ ਕੱਟ ਪਾਸ ਜਾ ਰਿਹਾ ਸੀ ਤਾਂ ਅਣਪਛਾਤੇ ਡਰਾਇਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਪਿਤਾ ਵਿੱਚ ਮਾਰੀ, ਜੋ ਐਕਸੀਡੈਂਟ ਵਿੱਚ ਉਸ ਦੇ ਪਿਤਾ ਦੀ ਮੌਤ ਹੋ ਗਈ। ਪੁਲਿਸ ਨੇ ਧਾਰਾ 281,106(1), 324(4) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਹਰਦਿਆਲ ਸਿੰਘ ਭੱਟੀ ਨੇ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਦਾ ਹਾਲ-ਚਾਲ ਜਾਣਿਆ



ਪਟਿਆਲਾ, 26 ਅਪ੍ਰੈਲ (ਦੀਪਕ ਜੈਦਕਾ) : ਕੌਮੀ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬੀਸੀ ਵਿੰਗ ਸ. ਹਰਦਿਆਲ ਸਿੰਘ ਭੱਟੀ ਵੱਲੋਂ ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਨਾਲ ਮੁਲਾਕਾਤ ਕਰਕੇ ਉਹਨਾਂ ਦੀ ਸਿਹਤਯਾਬੀ ਨੂੰ ਲੈ ਕੇ ਹਾਲ-ਚਾਲ ਜਾਣਿਆ ਅਤੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਜਲਦ ਸਿਹਤਯਾਬ ਹੋ ਕੇ ਪੰਥ ਕੌਮ ਅਤੇ ਸੂਬੇ ਲਈ ਕਾਰਜਸ਼ੀਲ ਹੋਣ। ਡਾ. ਜਗਜੀਤ ਸਿੰਘ ਦਰਦੀ ਵੱਲੋਂ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਦੱਸਿਆ ਕਿ ਸਰਦਾਰ ਭੱਟੀ ਹੋਰਾਂ ਦੀ ਸ਼੍ਰੋਮਣੀ ਅਕਾਲੀ ਦਲ ਅਤੇ ਪੰਥ ਪ੍ਰਤੀ ਵਡੇਰੀ ਸੋਚ ਹੈ ਅਤੇ ਉਹਨਾਂ ਵੱਲੋਂ ਕੀਤੇ ਜਾ ਰਹੇ ਪੰਥਕ ਕਾਰਜਾਂ ਦੀ ਸ਼ਲਾਘਾ ਵੀ ਕੀਤੀ ਗਈ ਅਤੇ ਕਿਹਾ ਕਿ ਬਡੂੰਗਰ ਪਰਿਵਾਰ ਨਾਲ ਖਾਸ ਕਰਕੇ ਸਰਦਾਰ ਭੱਟੀ ਦੇ ਵੱਡੇ ਭਰਾਤਾ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਮੇਰੇ ਪਰਿਵਾਰ ਦੀ ਡੂੰਘੀ ਸਾਂਝ ਹੈ।

## ਦੇਸ਼ ਦੀ ਸਿਆਸਤ 'ਚ ਭਵਿੱਖ ਅਜ਼ਮਾਉਣ ਵਾਲੇ 8,337 ਉਮੀਦਵਾਰਾਂ ਵਿੱਚੋਂ, 1,644 ਵਿਰੁੱਧ ਅਪਰਾਧਿਕ ਮਾਮਲੇ ਦਰਜ

ਬਲਬੇੜ੍ਹਾ/ਡਕਾਲਾ, 26 ਅਪ੍ਰੈਲ (ਗੁਰਸੇਵਕ ਸਿੰਘ ਕਰਹਾਲੀ ਸਾਹਿਬ) : ਚੋਣ ਅਧਿਕਾਰ ਸੰਸਥਾ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਏ.ਡੀ.ਆਰ ਦੇ ਇੱਕ ਅਧਿਅਨ ਤੋਂ ਪਤਾ ਚੱਲਦਾ ਹੈ ਕਿ 8,337 ਉਮੀਦਵਾਰਾਂ ਵਿੱਚੋਂ, 1,644 ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ ਜਿਨ੍ਹਾਂ 'ਚ ਭਾਜਪਾ ਸੂਚੀ ਵਿੱਚ ਸਭ ਤੋਂ ਉੱਪਰ ਹੈ, ਪ੍ਰਮੁੱਖ ਰਾਜਨੀਤਿਕ ਪਾਰਟੀਆਂ ਵਿੱਚੋਂ, ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਇਸ ਸੂਚੀ ਵਿੱਚ ਸਭ ਤੋਂ ਅੱਗੇ ਹੈ, ਕਿਉਂਕਿ ਇਸਨੇ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਸਭ ਤੋਂ ਵੱਧ ਉਮੀਦਵਾਰਾਂ ਨੂੰ ਸ਼ਾਮਲ ਕੀਤਾ ਹੈ। ਭਾਜਪਾ ਦੇ 440 ਵਿੱਚੋਂ 183 ਵਿਰੁੱਧ ਉਮੀਦਵਾਰਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਇਸ ਦੇ ਮੁਕਾਬਲੇ, ਕਾਂਗਰਸੀ ਉਮੀਦਵਾਰਾਂ 'ਚ 327 ਵਿੱਚੋਂ 130 'ਤੇ ਇਸੇ ਤਰ੍ਹਾਂ ਦੇ ਦੋਸ਼ ਹਨ। ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਉਮੀਦਵਾਰਾਂ ਵਿੱਚ ਸਮਾਜਵਾਦੀ ਪਾਰਟੀ 39 ਉਮੀਦਵਾਰ, ਬਸਪਾ 24, ਤ੍ਰਿਣਮੂਲ ਕਾਂਗਰਸ 19, ਅਤੇ ਸੀਪੀਐਮ 19 ਸ਼ਾਮਲ ਹਨ। ਏਡੀਆਰ ਨੇ ਇਸ ਦੀ ਸਮੀਖਿਆ ਵੱਖ-ਵੱਖ ਸਮਿਆਂ ਤੇ ਸੱਤ ਭਾਗਾਂ ਵਿੱਚ ਕਰਦਿਆਂ ਰਿਪੋਰਟ ਨੂੰ ਇਸ ਤਰ੍ਹਾਂ ਤਿਆਰ ਕੀਤਾ ਤੇ ਪਹਿਲੇ ਪੜਾਅ ਦੌਰਾਨ 1,618 ਉਮੀਦਵਾਰਾਂ ਵਿੱਚੋਂ, 252 'ਤੇ ਅਪਰਾਧਿਕ ਮਾਮਲੇ ਹਨ ਅਤੇ 161 ਗੰਭੀਰ ਅਪਰਾਧਿਕ ਮਾਮਲੇਆਂ ਦਾ ਸਾਹਮਣਾ ਕਰ ਰਹੇ ਹਨ, ਅਤੇ ਦੂਜੇ ਪੜਾਅ 'ਚ 1,192 ਉਮੀਦਵਾਰਾਂ ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਨ੍ਹਾਂ ਵਿੱਚੋਂ 250 'ਤੇ ਅਪਰਾਧਿਕ ਦੋਸ਼ ਹਨ ਅਤੇ 167 ਗੰਭੀਰ ਅਪਰਾਧਿਕ ਮਾਮਲੇ ਦਰਜ ਹਨ, ਤੀਜੇ ਪੜਾਅ 'ਚ 1,352 ਉਮੀਦਵਾਰਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ 244 'ਤੇ ਅਪਰਾਧਿਕ ਮਾਮਲੇ ਹਨ ਅਤੇ 172 'ਤੇ ਗੰਭੀਰ ਅਪਰਾਧਿਕ ਦੋਸ਼ ਹਨ, ਚੌਥੇ ਪੜਾਅ @ਚ ਸਭ ਤੋਂ ਵੱਧ ਉਮੀਦਵਾਰਾਂ, 1,710, ਦਾ ਵਿਸ਼ਲੇਸ਼ਣ ਕੀਤਾ ਗਿਆ, ਜਿਨ੍ਹਾਂ ਵਿੱਚੋਂ 360 'ਤੇ ਅਪਰਾਧਿਕ ਦੋਸ਼ ਅਤੇ 274 ਗੰਭੀਰ ਅਪਰਾਧਿਕ ਦੋਸ਼ ਹਨ, ਪੰਜਵੇ ਪੜਾਅ 'ਚ 695 ਉਮੀਦਵਾਰਾਂ ਦਾ ਮੁਲਾਂਕਣ ਕੀਤਾ ਗਿਆ, ਜਿਨ੍ਹਾਂ ਵਿੱਚੋਂ 159 'ਤੇ ਅਪਰਾਧਿਕ ਮਾਮਲੇ ਅਤੇ 122 ਗੰਭੀਰ ਅਪਰਾਧਿਕ ਮਾਮਲੇ ਹਨ, ਛੇਵੇਂ ਪੜਾਅ 'ਚ ਵਿਸ਼ਲੇਸ਼ਣ ਕੀਤੇ ਗਏ 866 ਉਮੀਦਵਾਰਾਂ ਵਿੱਚੋਂ 180 'ਤੇ ਅਪਰਾਧਿਕ ਮਾਮਲੇ ਅਤੇ 141 'ਤੇ ਗੰਭੀਰ ਅਪਰਾਧਿਕ ਦੋਸ਼ ਹਨ, ਸੱਤਵੇਂ ਪੜਾਅ 'ਚ 904 ਉਮੀਦਵਾਰਾਂ ਵਿੱਚੋਂ 199 'ਤੇ ਅਪਰਾਧਿਕ ਦੋਸ਼ ਹਨ, ਜਿਨ੍ਹਾਂ ਵਿੱਚੋਂ 151 'ਤੇ ਗੰਭੀਰ ਅਪਰਾਧਿਕ ਮਾਮਲੇ ਹਨ। ਉਮੀਦਵਾਰਾਂ ਦੁਆਰਾ ਦਾਇਰ ਕੀਤੇ ਗਏ ਹਲਫਨਾਮਿਆਂ ਤੋਂ ਪ੍ਰਾਪਤ ਜਾਣਕਾਰੀ ਦੇ ਆਧਾਰ 'ਤੇ ਤਿਆਰ ਕੀਤੇ ਗਏ ਡਾਟੇ ਤੋਂ ਬਾਅਦ ਸੁਪਰੀਮ ਕੋਰਟ ਵੱਲੋਂ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿਤੇ ਕਿ ਅਪਰਾਧਿਕ ਮਾਮਲਿਆਂ ਵਾਲੇ ਉਮੀਦਵਾਰਾਂ ਦਾ ਜਨਤਕ ਤੌਰ 'ਤੇ ਖੁਲਾਸਾ ਕਰਕੇ, ਉਨ੍ਹਾਂ ਦੀ ਚੋਣ ਦੇ ਕਾਰਨ ਦੱਸ ਕੇ, ਪਾਲਣਾ ਨਾ ਕਰਨ 'ਤੇ ਜੁਰਮਾਨਾ ਲਗਾ ਕੇ ਅਤੇ ਉਲੰਘਣਾਵਾਂ ਲਈ ਪਾਰਟੀ ਅਧਿਕਾਰੀਆਂ ਨੂੰ ਵੀ ਜਵਾਬਦੇਹ ਠਹਿਰਾ ਕੇ ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਦਾ ਆਦੇਸ਼ ਹਨ।

## ਚਿਨਮਯਾ ਮਿਸ਼ਨ ਦੇ 75 ਸਾਲ ਪੂਰੇ ਹੋਣ 'ਤੇ ਸਮਾਗਮ ਕਰਵਾਇਆ

ਪਟਿਆਲਾ, 26 ਅਪ੍ਰੈਲ (ਚ.ਨ.ਸ) : ਐਸ.ਡੀ.ਕੇ.ਐਸ. ਭਵਨ, ਪਟਿਆਲਾ ਵਿੱਚ 350 ਤੋਂ ਵੱਧ ਲੋਕਾਂ ਨੇ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਸਕੂਲੀ ਵਿਦਿਆਰਥੀ ਸ਼ਾਮਲ ਸਨ, ਇਕੱਠੇ ਹੋ ਕੇ ਭਗਵਦ ਗੀਤਾ ਦੇ 15ਵੇਂ ਅਧਿਆਇ ਦਾ ਪਾਠ ਕੀਤਾ। ਇਹ ਪ੍ਰੋਗਰਾਮ ਵਿਸ਼ਵ ਪੱਧਰੀ ਆਧਿਆਤਮਿਕ ਸੰਸਥਾ ਚਿਨਮਯਾ ਮਿਸ਼ਨ ਦੇ 75 ਸਾਲ ਪੂਰੇ ਹੋਣ ਦੇ ਉਪਲੱਖ ਵਿੱਚ ਆਯੋਜਿਤ ਕੀਤਾ ਗਿਆ। ਇਹ ਸਮਾਗਮ ਚਿਨਮਯਾ ਮਿਸ਼ਨ ਪਟਿਆਲਾ ਵੱਲੋਂ ਕਰਵਾਇਆ ਗਿਆ, ਜਿਸ ਦੀ ਅਧਿਅਕਸ਼ਤਾ ਇਸ ਦੇ ਆਚਾਰਿਆ ਸਵਾਮੀ ਮਾਧਵਾਨੰਦ ਨੇ ਕੀਤੀ। ਇਸ ਮੌਕੇ ਪਟਿਆਲਾ ਦੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੇ। ਭਗਵਦ ਗੀਤਾ ਦੇ ਸਮੂਹਿਕ ਪਾਠ ਦੌਰਾਨ ਦਰਸ਼ਕਾਂ ਦੇ ਸੁੰਦਰ ਤਾਲਮੇਲ ਅਤੇ ਭਜਨਾਂ ਨੇ ਪੂਰੇ ਮਾਹੌਲ ਨੂੰ ਪ੍ਰੇਰਨਾਦਾਇਕ ਅਤੇ ਆਧਿਆਤਮਿਕ ਬਣਾਇਆ। ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਜੀ.ਡੀ.ਐਨ.ਐਸ. ਰੋਡ, ਪਟਿਆਲਾ ਦੇ ਵਿਦਿਆਰਥੀਆਂ ਦੀ ਵੱਡੀ ਟੀਮ ਵੀ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਈ। ਸਕੂਲ ਦੇ ਸੰਗੀਤ ਸਮੂਹ ਅਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਤਾਲਮੇਲ ਅਤੇ ਪ੍ਰਸਤੁਤੀ ਲਈ ਖ਼ਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਡੀ.ਏ.ਵੀ., ਆਰਿਆ ਕੰਨਿਆ ਵਿਦਿਆਲਯ ਅਤੇ ਐਸ.ਡੀ.ਐਸ.ਈ. ਸਕੂਲ ਦੇ ਵਿਦਿਆਰਥੀ ਵੀ ਮੌਜੂਦ ਸਨ।ਡਾ. ਧਰਮਵੀਰ ਗਾਂਧੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਭਗਵਦ ਗੀਤਾ ਦੇ ਜੀਵਨ ਪ੍ਰਬੰਧਨ ਸਿਧਾਂਤਾਂ ਨੂੰ ਅਪਣਾ ਕੇ ਇੱਕ ਵਧੀਆ ਪਟਿਆਲਾ, ਵਧੀਆ ਪੰਜਾਬ, ਵਧੀਆ ਭਾਰਤ ਅਤੇ ਵਧੀਆ ਦੁਨੀਆ ਬਣਾਈ ਜਾ ਸਕਦੀ ਹੈ। ਚਿਨਮਯਾ ਮਿਸ਼ਨ ਪਟਿਆਲਾ ਦੇ ਸਰਪ੍ਰਸਤ ਡਾ. ਰਾਜਨ ਗੁਪਤਾ ਨੇ ਦੱਸਿਆ ਕਿ ਚਿਨਮਯਾ ਮਿਸ਼ਨ ਦੀ ਸਥਾਪਨਾ 75 ਸਾਲ ਪਹਿਲਾਂ ਮਹਾਨ ਸੰਤ ਸਵਾਮੀ ਚਿਨਮਯਾਨੰਦ ਵੱਲੋਂ ਕੀਤੀ ਗਈ ਸੀ। ਅੱਜ ਇਸ ਦੇ ਭਾਰਤ ਅਤੇ ਵਿਦੇਸ਼ਾਂ ਵਿੱਚ 370 ਤੋਂ ਵੱਧ ਕੇਂਦਰ ਹਨ। ਇਸ ਤੋਂ ਇਲਾਵਾ, ਮਿਸ਼ਨ ਦੇਸ਼ ਭਰ ਵਿੱਚ 86 ਸਕੂਲ, 9 ਕਾਲਜ, 1 ਯੂਨੀਵਰਸਿਟੀ, 2 ਮੈਨੇਜਮੈਂਟ ਇਸਟੀਚਿਊਟ, 1 ਹਸਪਤਾਲ ਅਤੇ ਕਈ ਡਾਇਗਨੋਸਟਿਕ ਸੈਂਟਰ ਚਲਾਉਂਦਾ ਹੈ।ਪਟਿਆਲਾ ਵਿੱਚ ਚਿਨਮਯਾ ਮਿਸ਼ਨ ਦਾ ਕੇਂਦਰ 'ਚਿਨਮਯਾ ਜਾਗ੍ਰਿਤੀ', ਜੋ ਸਰਹਿੰਦ ਰੋਡ ਨੇੜੇ ਸਥਿਤ ਹੈ, ਨਿਯਮਿਤ ਤੌਰ 'ਤੇ ਵੇਦਾਂਤ 'ਤੇ ਪ੍ਰਵਚਨ ਅਤੇ ਅਧਿਐਨ ਸੈਸ਼ਨ ਕਰਵਾਉਂਦਾ ਹੈ। ਇੱਥੇ ਬੱਚਿਆਂ ਲਈ ਹਫ਼ਤਾਵਾਰ 'ਬਾਲ ਵਿਹਾਰ' ਕਲਾਸਾਂ ਵੀ ਲਗਦੀਆਂ ਹਨ, ਜਿੱਥੇ ਕਹਾਣੀਆਂ, ਕਲਾ ਅਤੇ ਗਤੀਵਿਧੀਆਂ ਰਾਹੀਂ ਮੁੱਲ ਸਿੱਖਿਆ ਦਿੱਤੀ ਜਾਂਦੀ ਹੈ। ਇਹ ਕੇਂਦਰ ਨੌਜਵਾਨਾਂ ਲਈ 'ਚਿਨਮਯਾ ਯੂਵਾ ਕੇਂਦਰ', ਭਜਨਾਂ ਅਤੇ ਭਕਤੀ ਸੰਗੀਤ ਲਈ 'ਚਿਨਮਯਾ ਸੁਰਾਂਜਲੀ' ਅਤੇ ਮਹਿਲਾਵਾਂ ਦੀ ਆਧਿਆਤਮਿਕ ਅਤੇ ਸੱਭਿਆਚਾਰਕ ਭਾਗੀਦਾਰੀ ਲਈ 'ਦੇਵੀ ਗਰੁੱਪ' ਵੀ ਚਲਾਉਂਦਾ ਹੈ।




## ਜਨਹਿੱਤ ਸੰਮਤੀ ਨੇ ਬਾਰਾਂਦਰੀ ਵਿਖੇ ਮੈਡੀਕਲ ਤੇ ਅੱਖਾਂ ਦੀ ਜਾਂਚ ਦਾ ਕੈਂਪ ਲਗਾਇਆ



ਪਟਿਆਲਾ, 26 ਅਪ੍ਰੈਲ (ਚ.ਨ.ਸ) : ਸੰਸਥਾ ਜਨਹਿਤ ਸਮਿਤੀ ਪਟਿਆਲਾ ਵੱਲੋਂ ਬਾਰਾਂਦਰੀ ਗਾਰਡਨ 'ਚ ਮੈਡੀਕਲ ਜਾਂਚ ਅਤੇ ਅੱਖਾਂ ਦੀ ਜਾਂਚ ਦਾ ਕੈਂਪ ਲਗਾਇਆ ਗਿਆ। ਇਸ ਮੌਕੇ ਅਮਰ ਹਸਪਤਾਲ ਦੀ ਟੀਮ ਵੱਲੋਂ ਲੋਕਾਂ ਦੀ ਸਿਹਤ ਦੀ ਜਾਂਚ ਕੀਤੀ ਗਈ । ਨੇਤਰ ਪ੍ਰਕਾਸ਼ ਹਸਪਤਾਲ ਤੋਂ ਡਾਕਟਰ ਗੁਰਜੀਤ ਸਿੰਘ ਵੱਲੋਂ ਲੋਕਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਸ ਮੌਕੇ ਡਾਕਟਰ ਹਰੀ ਓਮ ਅਗਰਵਾਲ ਜੀ ਵੱਲੋ ਹੱਡੀਆਂ ਦੀ ਜਾਂਚ ਦਾ ਕੈਂਪ ਵੀ ਲਗਾਇਆ ਗਿਆ ।ਇਸ ਮੌਕੇ ਡਾਕਟਰ ਜੀ.ਐਸ. ਆਨੰਦ ਵਲੋਂ ਲੋਕਾਂ ਨੂੰ ਸਿਹਤਮੰਦ ਰਹਿਣ ਲਈ ਨੁਕਤਿਆਂ ਤੋਂ ਜਾਣੂੰ ਕਰਵਾਇਆ ਗਿਆ। ਉਹਨਾਂ ਦੱਸਿਆ ਕਿ ਸਿਹਤ ਜਾਂਚ ਕੈਂਪ ਦਾ ਮਕਸਦ ਲੋਕਾਂ ਨੂੰ ਸਿਹਤ ਬਾਰੇ ਜਾਗਰੂਕ ਕਰਨਾ ਹੈ। ਡਾਕਟਰ ਹਰੀ ਓਮ ਅਗਰਵਾਲ ਪਟਿਆਲਾ ਵਲੋਂ ਦੱਸਿਆ ਗਿਆ ਕਿ ਅੱਜ ਬਿਮਾਰੀਆਂ ਵਧਣ ਦਾ ਕਾਰਣ ਸਾਡੇ ਵਿਚਰਨ ਦਾ ਢੰਗ ਹੈ ।ਸਹੀ ਖਾਣਾ ਪੀਣ, ਸੈਰ ਅਤੇ ਸਮਾਜਿਕ ਕੰਮ ਚੰਗੀ ਅਤੇ ਨਰੋਈ ਜ਼ਿੰਦਗੀ ਜਿਉਣ ਲਈ ਜ਼ਰੂਰੀ ਹਨ। ਸੰਸਥਾ ਜਨਹਿਤ ਸਮਿਤੀ ਵੱਲੋਂ ਵਿਸੇਸ਼ ਤੌਰ ਤੇ ਸੰਸਥਾ ਦੇ ਜੁਆਇੰਟ ਸਕੱਤਰ ਅਤੇ ਸਮਾਜ ਸੇਵੀ ਜਗਤਾਰ ਸਿੰਘ ਜੱਗੀ ਵੱਲੋਂ ਕੈਂਪ ਲਗਾਉਣ ਅਮਰ ਹਸਪਤਾਲਾਂ ਅਤੇ ਨੇਤਰ ਪ੍ਰਕਾਸ਼ ਹਸਪਤਾਲ ਤੋਂ ਡਾਕਟਰ ਗੁਰਜੀਤ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਤੀਸ਼ ਜੋਸ਼ੀ, ਗੁਰਮਿਤ ਸਿੰਘ ਸਡਾਨਾ, ਸੁਰਿੰਦਰ ਸਿੰਘ, ਅਨਿਲ ਭਾਰਤੀ,ਚਮਨ ਲਾਲ ਗਰਗ, ਰਾਕੇਸ਼ ਮਿਤਲ, ਨਿਰਮਲ ਸਿੰਘ, ਇੰਦਰਜੀਤ ਦੂਆ, ਜਸਵੰਤ ਸਿੰਘ ਕੌਲੀ, ਅਤੁਲ ਜੋਸ਼ੀ, ਡਾਕਟਰਾ ਅਰਵਿੰਦ ਵਰਮਾ, ਰਾਜੇਸ਼ ਰਨਗੁਲਾ, ਏਸ ਪੀ ਪ੍ਰਾਸ਼ਰ, ਜਗਜੀਤ ਸੱਗੂ, ਮਹਿੰਦਰ ਸਿੰਘ ਜੱਗੀ, ਰਾਕੇਸ਼ ਪੁਰੀ, ਪ੍ਰਦੀਪ ਗਰਗ,ਹਰਪਾਲ ਮਾਨ, ਟੀ ਏਸ ਭਾਵਰਾ, ਗੁਰਮੱਖ ਸਿੰਘ, ਰਜਿੰਦਰ ਅਜੀ, ਅਤੇ ਸੈਰ ਪ੍ਰੇਮੀ ਸ਼ਾਮਿਲ ਹੋਏ।

## ਅੱਜ ਹੜਤਾਲ 'ਤੇ ਰਹਿਣਗੇ ਖਾਦ ਤੇ ਕੀੜੇਮਾਰ ਦਵਾਈਆਂ ਦੇ ਵਿਕਰੇਤਾ : ਪ੍ਰਮਜੀਤ ਸ਼ਰਮਾ

ਦੇਵੀਗੜ੍ਹ, 26 ਅਪ੍ਰੈਲ (ਗੁਰਜੀਤ ਢੌਟ) : ਕੇਂਦਰ ਸਰਕਾਰ ਅਤੇ ਸੂਬਾ ਸਰਕਾਰਾਂ ਵੱਲੋਂ ਖਾਦ, ਬੀਜ਼ ਅਤੇ ਕੀੜੇਮਾਰ ਦਵਾਈਆਂ ਦੇ ਡੀਲਰਾਂ ਨੂੰ ਆ ਰਹੀਆਂ ਸੱਸਿਆਵਾਂ ਦਾ ਹੱਲ ਨਾ ਕੀਤੇ ਜਾਣ ਕਰਕੇ ਆਲ ਇੰਡੀਆ ਐਗਰੋ ਇਨਪੁਟ ਡੀਲਰਜ਼ ਐਸੋਸੀਏਸ਼ਨ ਵੱਲੋਂ ਕੱਲ ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਹੈ। ਇਸ ਤਹਿਤ ਬਲਾਕ ਭੁਨਰਹੇੜੀ ਇਲਾਕੇ ਦੇ ਖਾਦ ਅਤੇ ਕੀੜੇ ਮਾਰ ਦਵਾਈ ਵਿਕਰੇਤਾ ਵੀ ਕੱਲ ਨੂੰ (27 ਅਪ੍ਰੈਲ) ਦਿਨ ਸੋਮਵਾਰ ਨੂੰ ਹੜਤਾਲ ਤੇ ਰਹਿਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੈਸਟੀਸਾਈਡਜ਼ ਐਸੋਸੀਏਸ਼ਨ ਦੇਵੀਗੜ੍ਹ ਦੇ ਪ੍ਰਧਾਨ ਪਰਮਜੀਤ ਸ਼ਰਮਾ ਨੇ ਦੱਸਿਆ ਕਿ ਡੀਲਰਾਂ ਦੇ ਨਾਲ ਹੋਰ ਬੇਲੋੜੀ ਸਮਗਰੀ ਦੇਣ, ਖਾਦ ਨੂੰ ਬਿਨਾ ਕਿਸੇ ਵਾਧੂ ਖਰਚੇ ਦੇ ਪ੍ਰਚੂਨ ਦੁਕਾਨਦਾਰਾਂ ਤੱਕ ਪਹੁੰਚ ਕਰਕੇ ਦੇਣ, ਡੀਲਰਾਂ ਲਈ ਖਾਦ ਦੇ ਮਾਰਜਨ ਵਿੱਚ ਵਾਧਾ ਕਰਨ, ਖਾਦ ਦੀ ਵਿਕਰੀ ਲਈ ਆਂਦੀ ਜਾ ਰਹੀ ਈ-ਟੋਕਨ ਪਰਨਾਲੀ ਬੰਦ ਕਰਨ, ਖਾਦ ਬੀਜ ਅਤੇ ਕੀਡ਼ੇਮਾਰ ਦਵਾਈਆਂ ਦੇ ਨਮੂਨੇ ਗੈਰ ਮਿਆਰੀ ਆਉਣ ਤੇ ਸਿਰਫ ਉਤਪਾਦ ਬਣਾਉਣ ਵਾਲੀ ਕੰਪਨੀ ਉਪਰ ਹੀ ਕਾਨੂੰਨੀ ਕਾਰਵਾਈ ਕਰਨ ਆਦਿ ਦੀਆਂ ਮੰਗਾਂ ਨੂੰ ਲੈ ਕੇ ਦੇਵੀਗੜ੍ਹ ਇਲਾਕੇ ਦੇ ਖਾਦ ਅਤੇ ਕੀੜੇਮਾਰ ਦਵਾਈ ਵਿਕਰੇਤਾ ਆਪਣੀਆਂ ਦੁਕਾਨਾ ਬੰਦ ਰੱਖ ਕੇ ਰੋਸ ਦਾ ਪ੍ਰਗਟਾਵਾ ਕਰਨਗੇ। ਉਨ੍ਹਾਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਾਡਾ ਸਾਥ ਦੇਣ। ਇਸ ਮੌਕੇ ਪ੍ਰਧਾਨ ਪਰਮਜੀਤ ਸ਼ਰਮਾ, ਰਾਜਿੰਦਰ ਮਹਿਤਾ, ਜਸਵਿੰਦਰ ਸਿੰਘ, ਰਕੇਸ਼ ਸ਼ਰਮਾ, ਕ੍ਰਿਸ਼ਨ ਕੁਮਾਰ ਬਡਲਾ, ਗੁਰਭਾਗ ਸਿੰਘ, ਗੋਇਲ ਪੈਸਟੀਸਾਈਡਜ਼, ਗੁਰੂ ਨਾਨਕ ਐਗਰੋ, ਅਮਰਜੀਤ ਰੌਹੜ, ਸੋਨੀ ਰੌਹੜ, ਦਰਸ਼ਨ ਸਿੰਘ ਮਸੀਂਗਣ, ਸ਼ਤੀਸ਼ ਗੁਪਤਾ, ਸ਼ੇਰਗਿਲ ਬਹਿਲ, ਗੁਰਮੁਖ ਸਿੰਘ ਦੁੱਧਨਸਾਧਾਂ ਆਦਿ ਮੌਜੂਦ ਸਨ

## ਜੱਸੀ ਸੋਹੀਆਂਵਾਲਾ ਨੇ ਮੁੱਖ ਮੰਤਰੀ ਤੀਰਥ ਯਾਤਰਾ ਬੱਸ ਨੂੰ ਕੀਤਾ ਰਵਾਨਾ



ਨਾਭਾ, 26 ਅਪ੍ਰੈਲ (ਬਲਜਿੰਦਰ ਮਾਨ/ਚੌਧਰੀਮਾਜਰਾ) : ਬਜ਼ੁਰਗਾਂ ਨੂੰ ਗੁਰੂ ਧਾਮਾਂ ਦੇ ਦਰਸ਼ਨ ਦੀਦਾਰੇ ਕਰਵਾਉਣ ਲਈ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਆਮ ਆਦਮੀ ਪਾਰਟੀ ਵਿਰਾਸਤ ਸੇਵਾ ਸੰਗਠਨ ਦੇ ਸਟੇਟ ਸੈਕਟਰੀ ਅਤੇ ਇੰਪਰੂਵਮੈਂਟ ਟਰੱਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆ ਵਾਲਾ ਨੇ ਅੱਜ ਸ੍ਰੀ ਗੁਰੂ ਤੇਗ ਬਹਾਦਰ ਨਗਰ ਤੋਂ ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਿਰ ਤੇ ਰਾਮ ਤੀਰਥ ਦੇ ਦਰਸ਼ਨਾਂ ਲਈ ਤੀਰਥ ਯਾਤਰਾ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਵੱਲੋਂ ਬਜ਼ੁਰਗਾਂ ਨੂੰ ਤੀਰਥ ਯਾਤਰਾ ਰਾਹੀਂ ਗੁਰਧਾਮਾਂ ਦੇ ਦਰਸ਼ਨ ਕਰਵਾਉਣ ਲਈ ਕੀਤਾ ਗਿਆ ਉਪਰਾਲਾ ਅਤੀ ਸ਼ਲਾਘਾਯੋਗ ਹੈ, ਕਿਉਂਕਿ ਵੱਡੀ ਗਿਣਤੀ ਵਿਚ ਉਹ ਬਜ਼ੁਰਗ ਇਸ ਯਾਤਰਾ ਦਾ ਲਾਹਾ ਲੈ ਰਹੇ ਹਨ ਜੋ ਅੱਜ ਤੱਕ ਕਦੇ ਵੀ ਕਿਸੇ ਨਾ ਕਿਸੇ ਮਜਬੂਰੀ ਕਾਰਨ ਆਪਣੇ ਗੁਰੂ ਧਾਮਾਂ ਦੇ ਦਰਸ਼ਨਾਂ ਲਈ ਨਹੀਂ ਜਾ ਸਕੇ। ਇਸ ਮੌਕੇ ਸਰਪੰਚ ਰਣਜੀਤ ਸਿੰਘ ਜੱਜ, ਬਲਵੀਰ ਸਿੰਘ ਠੇਕੇਦਾਰ ਪੰਚ, ਮਾ. ਦਰਸ਼ਨ ਸਿੰਘ ਮੋਹਲਗੁਆਰਾ, ਬੀਬੀ ਸੁਰਿੰਦਰ ਕੌਰ ਸਾਬਕਾ ਸਰਪੰਚ, ਕਰਮਜੀਤ ਕੌਰ ਪੰਚ, ਜੋਰਾ ਸਿੰਘ ਕੌਲ ਪੰਚ, ਖੁਸ਼ੀ ਮੁਹੰਮਦ ਸਾਬਕਾ ਪੰਚ, ਜਗਦੇਵ ਸਿੰਘ, ਬਲਵੀਰ ਸਿੰਘ ਗਰੇਵਾਲ, ਧੀਰਜ ਠਾਕੁਰ, ਨੀਟੂ ਸ਼ਰਮਾ, ਹੈਪੀ ਅਰੋੜਾ, ਸੁਖਜੀਤ ਸਿੰਘ ਹਾਂਸ, ਵਿੱਕੀ ਗਿਲਾਸ ਹਾਊਸ, ਉੱਤਮ ਸਿੰਘ, ਸੱਮਣ ਸਿੰਘ, ਡਾ. ਰਾਮ ਸਿੰਘ, ਜੰਗ ਸਿੰਘ ਫਤਿਹਪੁਰ, ਜਸਕਰਨਵੀਰ ਸਿੰਘ ਤੇਜੇ, ਹਰਜੀਤ ਸਿੰਘ ਹੈਪੀ, ਗੁਰਦੀਪ ਸਿੰਘ ਦੀਪ, ਹਰਪ੍ਰੀਤ ਸਿੰਘ ਚੌਹਾਨ, ਮਹਿੰਦਰ ਸਿੰਘ ਝੱਲ, ਕਰਨੈਲ ਸਿੰਘ, ਗੋਲੂ ਪ੍ਰਧਾਨ ਆਦਿ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

## ਦੁਰਘਟਨਾਵਾਂ ਰੋਕਣ ਲਈ ਜਾਗਰੂਕਤਾ ਤੇ ਅਭਿਆਸ ਬਹੁਤ ਲਾਭਦਾਇਕ : ਵਰਮਾ



ਪਟਿਆਲਾ, 26 ਅਪ੍ਰੈਲ (ਚ.ਨ.ਸ) : 90% ਹਾਦਸੇ, ਦੁਰਘਟਨਾਵਾਂ ਅਤੇ ਅਚਾਨਕ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਲਈ ਹਰੇਕ ਵਿਦਿਆਰਥੀ, ਅਧਿਆਪਕ, ਨਾਗਰਿਕ ਅਤੇ ਕਰਮਚਾਰੀ ਦਾ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਹਾਦਸੇ, ਦੁਰਘਟਨਾਵਾਂ ਅਤੇ ਮੌਤਾਂ ਇਨਸਾਨੀ ਗਲਤੀਆਂ, ਲਾਪਰਵਾਹੀਆਂ ਅਤੇ ਨਾਸਮਝੀ ਕਾਰਨ ਹੋ ਰਹੀਆਂ ਹਨ। ਇਹ ਵਿਚਾਰ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ ਫਾਇਰ ਸੇਫਟੀ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ, ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ, ਰੈੱਡ ਕਰਾਸ ਸੁਸਾਇਟੀ ਨੇ ਪੀ ਆਰ ਟੀ ਸੀ ਟ੍ਰੇਨਿੰਗ ਸਕੂਲ ਵਿਖੇ ਵੱਖ ਵੱਖ ਜ਼ਿਲ੍ਹਿਆਂ ਤੋਂ ਆਏ ਡਰਾਈਵਰਾਂ, ਕੰਡਕਟਰਾਂ ਅਤੇ ਟੈਕਨੀਕਲ ਸਟਾਫ਼ ਮੈਂਬਰਾਂ ਨੂੰ ਹਾਦਸਿਆਂ ਅਤੇ ਦੁਰਘਟਨਾਵਾਂ ਦੇ ਕਾਰਨਾਂ ਅੱਗਾਂ ਲਗਣ, ਗੈਸਾਂ ਲੀਕ ਹੋਣ, ਬਿਜਲੀ ਸ਼ਾਟ ਸਰਕਟ, ਦਿਲ ਦੇ ਦੌਰੇ ਕਾਰਡੀਅਕ ਅਰੈਸਟ, ਬੇਹੋਸ਼ੀ, ਸਦਮੇਂ ਜਾ ਆਵਾਜਾਈ ਹਾਦਸਿਆਂ ਦੌਰਾਨ ਪੀੜਤਾਂ ਦੀ ਠੀਕ ਫਸਟ ਏਡ ਨਾ ਕਰਨ ਕਰਕੇ ਹੋ ਰਹੀਆਂ ਹਨ। ਅੱਗਾਂ, ਗੈਸਾਂ, ਬਿਜਲੀ, ਪੈਟਰੋਲੀਅਮ ਅਤੇ ਬਲਣ ਯੋਗ ਪਦਾਰਥਾਂ ਦੀ ਘਟਨਾਵਾਂ ਨੂੰ ਕਿਵੇਂ ਰੋਕਿਆ ਜਾ ਸਕਦਾ ਬਾਰੇ ਸੁਣਕੇ ਟ੍ਰੇਨਿੰਗ ਲੈ ਰਹੇ ਕਰਮਚਾਰੀਆਂ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਇਨ੍ਹਾਂ ਨੁਕਸਾਨਾਂ ਨੂੰ ਰੋਕਣ ਦੀ ਜਾਣਕਾਰੀ ਉਨ੍ਹਾਂ ਨੂੰ ਪਹਿਲੀਂ ਵਾਰ ਮਿਲ ਰਹੀ ਹੈ। ਕਾਕਾ ਰਾਮ ਵਰਮਾ ਨੇ ਦੇਸ਼ ਵਿੱਚ ਸਿਵਲ ਡਿਫੈਂਸ ਮੌਕ ਡਰਿੱਲਾਂ ਦੀ ਜਾਣਕਾਰੀ ਦਿੱਤੀ ਕਿ ਭਵਿੱਖ ਵਿੱਚ ਆਉਣ ਵਾਲੀਆਂ ਕੁਦਰਤੀ, ਮੌਸਮੀ ਅਤੇ ਮਨੁੱਖੀ ਆਫਤਾਵਾਂ, ਜੰਗਾਂ, ਦੁਰਘਟਨਾਵਾਂ ਅਤੇ ਗੰਭੀਰ ਹਾਲਾਤਾਂ ਦਾ ਸਾਹਮਣਾ ਕਰਨ ਲਈ ਸਾਰਿਆਂ ਨੂੰ ਤਿਆਰ ਹੋਣਾ ਅਤੇ ਆਪਣੇ ਬਚਾਅ ਅਤੇ ਪੀੜਤਾਂ ਦੀ ਸਹਾਇਤਾ ਕਰਨ ਲਈ ਟ੍ਰੇਨਿੰਗਾਂ ਲੈਣੀਆਂ ਚਾਹੀਦੀਆਂ ਹਨ। ਕਿਉਂਕਿ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਲੋਂ ਮਾਨਵਤਾ ਅਤੇ ਵਾਤਾਵਰਨ ਨੂੰ ਤਬਾਹ ਕਰਨ ਲਈ ਤੀਸਰੇ ਸੰਸਾਰ ਯੁੱਧ ਹਿੱਤ ਐਟਮੀ, ਰਸਾਇਣਿਕ, ਪ੍ਰਮਾਣੂ ਅਤੇ ਅਗਨੀ ਬੰਬਾਂ, ਮਿਜ਼ਾਇਲਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਉਥੇ ਵਿਦਿਆਰਥੀਆਂ, ਨੌਜਵਾਨਾਂ ਅਤੇ ਲੋਕਾਂ ਨੂੰ ਜਾਗਰੂਕ ਵੀ ਨਹੀਂ ਕੀਤਾ ਜਾ ਰਿਹਾ ਕਿਉਂਕਿ ਆਪਦਾਵਾਂ, ਜੰਗਾਂ, ਬੰਬਾਂ, ਮਿਜ਼ਾਇਲਾਂ ਦੀ ਤਬਾਹੀਆਂ ਤੋਂ ਬਚਣ ਦੀ ਜਾਣਕਾਰੀ ਅਭਿਆਸ ਅਤੇ ਮੌਕ ਡਰਿੱਲਾਂ ਨਾ ਹੋਣਾ, ਵੱਧ ਮੌਤਾਂ ਅਤੇ ਬਰਬਾਦੀਆਂ ਲਿਆ ਸਕਦੇ ਹਨ। ਇੰਸਪੈਕਟਰ ਜਸਪਾਲ ਸਿੰਘ, ਇੰਚਾਰਜ ਟ੍ਰੇਨਿੰਗ ਸਕੂਲ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਜਦੋਂ ਤੋਂ ਇਹ ਟ੍ਰੇਨਿੰਗ ਸਕੂਲ ਸ਼ੁਰੂ ਕੀਤਾ ਹੈ, ਸ਼੍ਰੀ ਕਾਕਾ ਰਾਮ ਵਰਮਾ ਵਲੋਂ ਸੈਂਕੜੇ ਡਰਾਈਵਰਾਂ ਕੰਡਕਟਰਾਂ ਅਤੇ ਦੂਜੇ ਸਟਾਫ ਮੈਂਬਰਾਂ ਤੋਂ ਇਲਾਵਾ ਲੱਖਾਂ ਵਿਦਿਆਰਥੀਆਂ, ਅਧਿਆਪਕਾਂ, ਪੁਲਿਸ ਫੈਕਟਰੀ ਕਰਮਚਾਰੀਆਂ, ਐਨ ਐਸ ਐਸ ਵੰਲਟੀਅਰਾਂ, ਐਨ ਸੀ ਸੀ ਕੇਡਿਟਜ ਨੂੰ ਸੰਕਟ ਸਮੇਂ ਜਾਨਾਂ ਬਚਾਉਣ ਦੀ ਟ੍ਰੇਨਿੰਗਾਂ ਦਿੱਤੀਆ ਹਨ।

## ਪਤੀ ਨੇ ਪਤਨੀ ਦੀ ਕੀਤੀ ਕੁੱਟਮਾਰ

ਪਟਿਆਲਾ, 26 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਹਨੀ ਪਤਨੀ ਗੁਰਪ੍ਰੀਤ ਸਿੰਘ ਵਾਸੀ ਕਿਰਾਏਦਾਰ ਮਹਿਲ ਮੁਬਾਰਕ ਕਲੋਨੀ ਸੰਗਰੂਰ ਹਾਲ ਗਲੀ ਨੰ. 4 ਦਸਮੇਸ਼ ਨਗਰ ਤ੍ਰਿਪੜੀ ਪਟਿਆਲਾ ਨੇ ਕਥਿਤ ਦੋਸ਼ੀ ਗੁਰਪ੍ਰੀਤ ਸਿੰਘ ਵਾਸੀ ਕਿਰਾਏਦਾਰ ਮਹਿਲ ਮੁਬਾਰਕ ਕਲੋਨੀ ਸੰਗਰੂਰ ਹਾਲ ਗਲੀ ਨੰ. 4 ਦਸਮੇਸ਼ ਨਗਰ ਤ੍ਰਿਪੜੀ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਥਿਤ ਦੋਸ਼ੀ ਉਸ ਦਾ ਪਤੀ ਹੈ, ਜੋ ਕਥਿਤ ਦੋਸ਼ੀ ਨੇ ਉਸ ਦੀ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆਂ ਵੀ ਦਿੱਤੀਆਂ। ਪੁਲਿਸ ਨੇ ਧਾਰਾ 115(2), 126(2), 351(2,3) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।